13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -13 ISSUE - 31
November 6, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ




ਗੁਰੂ ਨਾਨਕ ਬਾਣੀ ਵਿਚ ਸਮਾਜਿਕ ਨਿਆਂ ਤੇ ਬਰਾਬਰੀ ਦੀ ਸੂਝ
(ਸਬੰਧਤ ਲੇਖ ਅੰਦਰ ਦੇਖੋ)



ਸਤਿਗੁਰੂ ਨਾਮਦੇਵ ਜੀ ਨੂੰ ਸਮਰਪਿਤ ਵਿਸ਼ੇਸ਼ ਲੇਖ ਅੰਦਰ ਦੇਖੋ।
(ਸਬੰਧਤ ਲੇਖ ਅੰਦਰ ਦੇਖੋ)

## ਯੂਬਾ ਸਿਟੀ ਦੇ 45ਵੇਂ ਸਾਲਾਨਾ ਮਹਾਨ ਨਗਰ ਕੀਰਤਨ ਵਿੱਚ ਸੰਗਤਾਂ ਦੇ ਭਾਰੀ ਇਕੱਠ








(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 7, 8, 9 ‘ਤੇ)

## ਡੋਨਾਲਡ ਟਰੰਪ ਦੀ ਇਤਿਹਾਸਕ ਵਾਪਸੀ

### ਚਾਰ ਸਾਲਾਂ ਮਗਰੋਂ ਦੁਬਾਰਾ ਜਿੱਤੀ ਰਾਸ਼ਟਰਪਤੀ ਦੀ ਚੋਣ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਤੇ ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ (78) ਨੇ ਅਮਰੀਕੀ ਰਾਸ਼ਟਰਪਤੀ ਦੀ ਚੋਣ ਜਿੱਤ ਲਈ ਹੈ। ਟਰੰਪ ਨੇ ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰ ਤੇ ਭਾਰਤੀ ਮੂਲ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਹਰਾਇਆ। ਟਰੰਪ ਦੂਜੀ ਵਾਰ ਅਮਰੀਕਾ ਦੇ ਰਾਸ਼ਟਰਪਤੀ ਬਣਨਗੇ। ਉਹ ਮੁਲਕ ਦੇ 47ਵੇਂ ਰਾਸ਼ਟਰਪਤੀ ਵਜੋਂ ਅਗਲੇ ਸਾਲ 20 ਜਨਵਰੀ ਨੂੰ ਅਹੁਦੇ ਦਾ ਹਲਫ਼ ਲੈਣਗੇ।




ਟਰੰਪ ਦੀ ਜਿੱਤ ਨੂੰ ਅਮਰੀਕੀ ਇਤਿਹਾਸ ਦੀ ਸਭ ਤੋਂ ਵੱਡੀ ਸਿਆਸੀ ਵਾਪਸੀ ਮੰਨਿਆ ਜਾ ਰਿਹਾ ਹੈ। ਵ੍ਹਾਈਟ ਹਾਊਸ ਪਹੁੰਚਣ ਲਈ ਦੋਵਾਂ ਉਮੀਦਵਾਰਾਂ ਨੂੰ 270 ਇਲੈਕਟੋਰਲ ਵੋਟਾਂ ਦੀ ਲੋੜ ਸੀ ਤੇ ਟਰੰਪ ਨੇ ਪੰਜ ਸਵਿੰਗ ਸਟੇਟਾਂ ਵਿਚੋਂ ਇਕ ਵਿਸਕੌਨਸਿਨ ਦਾ ਚੋਣ ਮੈਦਾਨ ਫ਼ਤਹਿ ਕਰਕੇ ਜਾਦੂਈ ਅੰਕੜਾ ਹਾਸਲ ਕਰ ਲਿਆ। ਭਾਰਤੀ ਸਮੇਂ ਅਨੁਸਾਰ ਸ਼ਾਮੀਂ 4 ਵਜੇ ਤੱਕ ਰਿਪਬਲਿਕਨ ਉਮੀਦਵਾਰ ਟਰੰਪ ਨੇ 294 ਤੇ ਭਾਰਤੀ ਮੂਲ ਦੀ ਡੈਮੋਕਰੈਟਿਕ ਉਮੀਦਵਾਰ ਹੈਰਿਸ ਨੂੰ 223 ਇਲੈਕਟੋਰਲ ਵੋਟ ਮਿਲੇ ਹਨ। ਟਰੰਪ ਦੀ ਜਿੱਤ ਨੂੰ ਜ਼ੋਰਦਾਰ ਵਾਪਸੀ ਵਜੋਂ ਦੇਖਿਆ ਜਾ ਰਿਹਾ ਹੈ।

ਟਰੰਪ ਚਾਰ ਸਾਲ ਪਹਿਲਾਂ (2020 ’ਚ) ਡੈਮੋਕਰੈਟਿਕ ਉਮੀਦਵਾਰ ਜੋਅ ਬਾਇਡਨ ਕੋਲੋਂ ਹਾਰ ਗਏ ਸਨ। ਉਧਰ, ਵੋਟਾਂ ਦੀ ਗਿਣਤੀ ਦੌਰਾਨ ਸਪਸ਼ਟ ਰੁਝਾਨਾਂ ਮਗਰੋਂ ਕਮਲਾ ਹੈਰਿਸ ਨੇ ਚੋਣ ਨਤੀਜੇ ਦੇਖਣ ਲਈ ਹਾਵਰਡ ਯੂਨੀਵਰਸਿਟੀ ਵਿਚ ਰੱਖੀ ਪਾਰਟੀ ਰੱਦ ਕਰ ਦਿੱਤੀ। ਟਰੰਪ ਚਾਰ ਸਾਲ ਪਹਿਲਾਂ (2020 ’ਚ) ਡੈਮੋਕਰੈਟਿਕ ਉਮੀਦਵਾਰ ਜੋਅ ਬਾਇਡਨ ਕੋਲੋਂ ਹਾਰ ਗਏ ਸਨ। ਉਧਰ, ਵੋਟਾਂ ਦੀ ਗਿਣਤੀ ਦੌਰਾਨ ਸਪਸ਼ਟ ਰੁਝਾਨਾਂ ਮਗਰੋਂ ਕਮਲਾ ਹੈਰਿਸ ਨੇ ਚੋਣ ਨਤੀਜੇ ਦੇਖਣ ਲਈ ਹਾਵਰਡ ਯੂਨੀਵਰਸਿਟੀ ਵਿਚ ਰੱਖੀ ਪਾਰਟੀ ਰੱਦ ਕਰ ਦਿੱਤੀ।

ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੌਨਲਡ ਟਰੰਪ ਨੇ ਆਪਣੀ ਜਿੱਤ ਦਾ ਐਲਾਨ ਕਰਦਿਆਂ ਆਪਣੇ ਸਮਰਥਕਾਂ ਨੂੰ ਸੰਬੋਧਿਤ ਕੀਤਾ ਹੈ। ਉਨ੍ਹਾਂ ਨੇ ਕਿਹਾ, "ਇਹ ਅਮਰੀਕਾ ਦੇ ਲੋਕਾਂ ਲਈ ਸ਼ਾਨਦਾਰ ਜਿੱਤ ਹੈ, ਜੋ ਅਮਰੀਕਾ ਨੂੰ ਫਿਰ ਤੋਂ ਮਹਾਨ ਬਣਾਏਗੀ।” ਟਰੰਪ ਨੇ ਕਿਹਾ ਕਿ ਅਮਰੀਕਾ ਨੇ ਉਨ੍ਹਾਂ ਨੂੰ ਸ਼ਕਤੀਸ਼ਾਲੀ ਬਹੁਮਤ ਦਿੱਤਾ ਹੈ।

**“ਰੱਬ ਨੇ ਮੇਰੀ ਜਾਨ ਖ਼ਾਸ ਮਕਸਦ ਲਈ ਬਖ਼ਸ਼ੀ ਹੈ”**

ਆਪਣੇ ਸਮਰਥਕਾਂ ਨੂੰ ਸੰਬੋਧਿਤ ਕਰਦੇ ਹੋਏ ਡੌਨਲਡ ਟਰੰਪ ਨੇ ਜੁਲਾਈ ਮਹੀਨੇ ਮਿਸ਼ੀਗਨ ਵਿੱਚ ਉਨ੍ਹਾਂ 'ਤੇ ਹੋਏ ਜਾਨਲੇਵਾ ਹਮਲੇ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਭਗਵਾਨ ਨੇ ਇੱਕ ਖ਼ਾਸ ਮਕਸਦ ਕਰ ਕੇ ਉਨ੍ਹਾਂ ਦੀ ਜਾਨ ਬਚਾਈ ਹੈ। “ਰੱਬ ਨੇ ਮੇਰੀ ਜ਼ਿੰਦਗੀ ਇੱਕ ਖ਼ਾਸ ਮਕਸਦ ਕਰ ਕੇ ਬਖਸ਼ੀ ਹੈ।।ਅਮਰੀਕਾ ਨੂੰ ਦੁਬਾਰਾ ਮਹਾਨ ਬਣਾਉਣ ਲਈ।” ਸਮਰਥਕਾਂ ਦਾ ਧੰਨਵਾਦ ਕਰਦਿਆਂ ਟਰੰਪ ਨੇ ਕਿਹਾ ਕਿ ਅਮਰੀਕਾ ਦਾ ਰਾਸ਼ਟਰਪਤੀ ਹੋਣਾ “ਦੁਨੀਆਂ ਦਾ ਸਭ ਤੋਂ ਮਹੱਤਵਪੂਰਨ ਕੰਮ” ਹੈ। ਉਨ੍ਹਾਂ ਨੇ ਅੱਗੇ ਕਿਹਾ, “ਮੇਰੀ ਸਰਕਾਰ ਆਪਣੇ ਪੁਰਾਣੇ ਆਦਰਸ਼, ‘ਵਾਅਦੇ ਕੀਤੇ, ਵਾਅਦੇ ਨਿਭਾਏ’ ਉੱਤੇ ਚੱਲੇਗੀ।” ਨਤੀਜੇ ਆਉਣ ਤੋਂ ਪਹਿਲਾਂ ਹੀ ਡੌਨਲਡ ਟਰੰਪ ਨੇ ਆਪਣੀ ਜਿੱਤ ਦਾ ਐਲਾਨ ਕਰਦੇ ਹੋਏ ਸਮਰਥਕਾਂ ਨੂੰ ਸੰਬੋਧਨ ਕੀਤਾ ਹੈ। ਰਾਸ਼ਟਰਪਤੀ ਅਹੁਦੇ ਦਾ ਦਾਅਵਾ ਕਰਦਿਆਂ ਟਰੰਪ ਨੇ ਸਮਰਥਕਾਂ ਨੂੰ ਕਿਹਾ ਕਿ ਉਹ ਆਪਣੇ ਇਸ ਕਾਰਜਕਾਲ ’ਚ ਉਨ੍ਹਾਂ ’ਤੇ ਜਤਾਏ ਗਏ ਭਰੋਸੇ ਦਾ ਮੁੱਲ ਮੋੜਨਗੇ। “ਸਭ ਤੋਂ ਵਧੀਆ ਤਰੀਕੇ ਨਾਲ ਕੰਮ ਕਰਕੇ ਅਸੀਂ ਤੁਹਾਡੇ ਭਰੋਸੇ ਦਾ ਮੁੱਲ ਮੋੜਾਂਗੇ।।ਇਹ ਸਭ ਤੇਜ਼ੀ ਨਾਲ ਹੋਵੇਗਾ। ਤੁਸੀਂ ਵੇਖੋਗੇ ਅਸੀਂ ਜਲਦ ਹੀ ਅਮਰੀਕਾ ਨੂੰ ਮੁੜ ਮਹਾਨ ਬਣਾਵਾਂਗੇ।” “ਅੱਜ ਅਮਰੀਕਾ ਦੇ ਵੋਟਰਾਂ ਨੇ ਮੈਨੂੰ ਜੇਤੂ ਬਣਾ ਕੇ ਮੁੜ ਦੇਸ਼ ਦੀ ਵਾਗ਼ਡੋਰ ਨੂੰ ਆਪਣੇ ਹੱਥ ਵਿੱਚ ਲਿਆ ਹੈ , ਇਸ ਦਿਨ ਨੂੰ ਹਮੇਸ਼ਾ ਇਸ ਵਜੋਂ ਯਾਦ ਰੱਖਿਆ ਜਾਵੇਗਾ।”

**ਈਲੋਨ ਮਸਕ ਨੂੰ ਦੱਸਿਆ ‘ਸਟਾਰ’**

ਅਮਰੀਕਾ ਦੇ 47ਵੇਂ ਰਾਸ਼ਟਰਪਤੀ ਬਣਨ ਦਾ ਦਾਅਵਾ ਕਰਦਿਆਂ ਰਿਪਬਲਿਕਨ ਉਮੀਦਵਾਰ ਡੌਨਲਡ ਟਰੰਪ ਨੇ ਫਲੋਰਿਡਾ ਦੇ ਵੈਸਟ ਪਾਮ ਬੀਚ ਤੋਂ ਜਿੱਤ ਦਾ ਭਾਸ਼ਣ ਦਿੱਤਾ ਹੈ। ਇਸ ਭਾਸ਼ਣ

(ਬਾਕੀ ਸਫਾ 4 ‘ਤੇ)



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

## Sri Guru Ravidass Sabha Pittsburg (CA) Program






**November 15-16-17, 2024,**

**Gurpurab Sri Guru Nanak dev Ji**

Guru Nanak Dev Ji was the founder of Sikhism and is the first of ten Sikh Gurus. Gurpurav will be celebrated in Gurdwara on Nov 15-16-17, 2024. Arambh Akhand Path Friday, Nov 15, 2024, and will conclude with Bhog on Sunday, Nov 17,2024. Sudhir family will be hosting the path and Langar sewa.

**November 22-23-24, 2024,**

**Akhand Path Sahib Sewa by Bhai Jagir Singh Family**

Bhai Jagir Singh ji is retiring from job and thanking Waheguru ji for all HIS blessing and praying for Future life. Arambh Akhand Path Friday, Nov 22, 2024, and conclude with Bhog on Sunday, Nov 24,2024

**December 8, 2024**

**Sukhmani Sahib Path Sewa by Laskar Family**

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguruuravidasstemple.com



Chairman
Vinod Kumar Jakhu



President
Sunita Bangar



Gen. Secretary
Upinder Pal Ricky



Treasurer
Shinder Pal Narabut

# ਅਮਰੀਕੀ ਰਾਸ਼ਟਰਪਤੀ ਦੀ ਕਿੰਨੀ ਤਨਖ਼ਾਹ ਹੁੰਦੀ ਹੈ ਤੇ ਕਿਹੜੀਆਂ ਖ਼ਾਸ ਸਹੂਲਤਾਂ ਮਿਲਦੀਆਂ ਹਨ

ਨਵੇਂ ਚੁਣੇ ਗਏ ਰਾਸ਼ਟਰਪਤੀ 20 ਜਨਵਰੀ, 2025 ਨੂੰ ਚਾਰ ਸਾਲ ਦੇ ਕਾਰਜਕਾਲ ਲਈ ਅਹੁਦਾ ਸੰਭਾਲਣਗੇ। ਅਮਰੀਕਾ ਦੇ ਰਾਸ਼ਟਰਪਤੀ ਨੂੰ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਲੋਕਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ।ਅਜਿਹੇ 'ਚ ਬਹੁਤ ਸਾਰੇ ਲੋਕਾਂ ਦਾ ਇਹ ਸੋਚਣਾ ਸੁਭਾਵਿਕ ਹੈ ਕਿ ਅਮਰੀਕੀ ਰਾਸ਼ਟਰਪਤੀ ਨੂੰ ਕਿੰਨੀ ਤਨਖ਼ਾਹ ਮਿਲਦੀ ਹੈ?

### ਅਮਰੀਕੀ ਰਾਸ਼ਟਰਪਤੀ ਦੀ ਤਨਖ਼ਾਹ

ਅਮਰੀਕੀ ਰਾਸ਼ਟਰਪਤੀ ਦੀ ਤਨਖ਼ਾਹ ਔਸਤ ਦੇਸ਼ ਵਾਸੀ ਨਾਲੋਂ ਛੇ ਗੁਣਾ ਵੱਧ ਹੈ। ਇੱਕ ਔਸਤ ਅਮਰੀਕੀ ਸਾਲਾਨਾ 63 ਹਜ਼ਾਰ 795 ਡਾਲਰ (ਕਰੀਬ 53 ਲੱਖ ਰੁਪਏ) ਕਮਾਉਂਦਾ ਹੈ। ਅਮਰੀਕਾ ਦੇ ਚੋਟੀ ਦੇ ਅਮੀਰ ਸਾਲਾਨਾ ਔਸਤਨ 7 ਲੱਖ 88 ਹਜ਼ਾਰ ਡਾਲਰ ਯਾਨੀ ਲਗਭਗ 6 ਕਰੋੜ 28 ਲੱਖ ਰੁਪਏ ਕਮਾਉਂਦੇ ਹਨ ਪਰ ਅਮਰੀਕੀ ਰਾਸ਼ਟਰਪਤੀ ਦੀ ਤਨਖ਼ਾਹ ਇਸ ਤੋਂ ਲਗਭਗ ਅੱਧੀ ਹੈ। ਇਸ ਹਿਸਾਬ ਨਾਲ ਉਹ ਦੇਸ਼ ਦੇ ਚੋਟੀ ਦੇ 1% ਅਮੀਰਾਂ ਵਿੱਚ ਵੀ ਨਹੀਂ ਆਉਂਦੇ। ਰਾਸ਼ਟਰਪਤੀ ਜੋਅ ਬਾਇਡਨ ਨੂੰ 4 ਲੱਖ ਡਾਲਰ ਯਾਨੀ 3।36 ਕਰੋੜ ਰੁਪਏ ਸਾਲਾਨਾ ਤਨਖ਼ਾਹ ਮਿਲਦੀ ਹੈ। ਇਸ ਤੋਂ ਇਲਾਵਾ ਰਾਸ਼ਟਰਪਤੀ ਨੂੰ ਵਾਧੂ 50 ਹਜ਼ਾਰ ਡਾਲਰ ਯਾਨੀ 42 ਲੱਖ ਰੁਪਏ ਖ਼ਰਚੇ ਵਜੋਂ ਮਿਲਦੇ ਹਨ।

ਵਾਸ਼ਿੰਗਟਨ ਡੀਸੀ ਵਿੱਚ ਵ੍ਹਾਈਟ ਹਾਊਸ ਸੰਯੁਕਤ ਰਾਜ ਦੇ ਰਾਸ਼ਟਰਪਤੀ ਦਾ ਅਧਿਕਾਰਤ ਨਿਵਾਸ ਅਤੇ ਦਫ਼ਤਰ ਹੈ। ਉਨ੍ਹਾਂ ਨੂੰ ਇੱਥੇ ਰਹਿਣ ਲਈ ਆਪਣੀ ਜੇਬ ਤੋਂ ਕੁਝ ਵੀ ਖ਼ਰਚਣ ਦੀ ਲੋੜ ਨਹੀਂ ਹੈ। ਜਦੋਂ ਰਾਸ਼ਟਰਪਤੀ ਪਹਿਲੀ ਵਾਰ ਵ੍ਹਾਈਟ ਹਾਊਸ ਵਿੱਚ ਦਾਖ਼ਲ ਹੁੰਦੇ ਹਨ ਤਾਂ ਉਨ੍ਹਾਂ ਨੂੰ ਇੱਕ ਲੱਖ ਡਾਲਰ ਯਾਨੀ ਕਰੀਬ 84 ਲੱਖ ਰੁਪਏ ਦਿੱਤੇ ਜਾਂਦੇ ਹਨ। ਇਸ ਪੈਸੇ ਨੂੰ ਉਹ ਆਪਣੀ ਸਹੂਲਤ ਅਨੁਸਾਰ ਘਰ ਦੀ ਸਜਾਵਟ 'ਤੇ ਖ਼ਰਚ ਕਰ ਸਕਦੇ ਹਨ। ਰਾਸ਼ਟਰਪਤੀ ਨੂੰ ਮਨੋਰੰਜਨ, ਸਟਾਫ਼ ਅਤੇ ਰਸੋਈਏ ਲਈ 19 ਹਜ਼ਾਰ ਡਾਲਰ ਯਾਨੀ ਲਗਭਗ 60 ਲੱਖ ਰੁਪਏ ਸਾਲਾਨਾ ਵੀ ਮਿਲਦੇ ਹਨ। ਟਰੰਪ ਨੇ 2016 ਵਿੱਚ ਕਿਹਾ ਸੀ ਕਿ ਉਹ ਤਨਖਾਹ ਵਜੋਂ ਸਿਰਫ਼ ਇੱਕ ਡਾਲਰ ਹੀ ਲੈਣਗੇ। ਹਾਲਾਂਕਿ ਉਸ ਸਮੇਂ ਟਰੰਪ ਦੀ ਆਪਣੀ ਨਿੱਜੀ ਜਾਇਦਾਦ ਹੀ 3.7 ਅਰਬ ਡਾਲਰ ਦੀ ਸੀ।

### ਲਾਭ ਅਤੇ ਭੱਤੇ

ਅਮਰੀਕਾ ਦੇ ਰਾਸ਼ਟਰਪਤੀ ਦੀਆਂ ਸਾਰੀਆਂ ਸਿਹਤ ਸੇਵਾਵਾਂ ਮੁਫ਼ਤ ਹਨ। ਅਮਰੀਕੀ ਰਾਸ਼ਟਰਪਤੀ ਨੂੰ ਯਾਤਰਾ ਲਈ ਇੱਕ ਲੀਮੋਜ਼ਿਨ ਕਾਰ, ਇੱਕ ਸਮੁੰਦਰੀ ਜਹਾਜ਼ ਅਤੇ ਏਅਰ ਫੋਰਸ ਵਨ ਨਾਮ ਦਾ ਇੱਕ ਹਵਾਈ ਜਹਾਜ਼ ਮਿਲਦਾ ਹੈ। ਰਾਸ਼ਟਰਪਤੀ ਦੇ ਬੇੜੇ ਵਿੱਚ ਸ਼ਾਮਲ ਲੀਮੋਜ਼ਿਨ ਕਾਰਾਂ ਆਧੁਨਿਕ ਸੁਰੱਖਿਆ ਅਤੇ ਸੰਚਾਰ ਪ੍ਰਣਾਲੀਆਂ ਨਾਲ ਲੈਸ ਹਨ। ਰਾਸ਼ਟਰਪਤੀ ਦੀਆਂ ਤਰਜੀਹਾਂ ਅਨੁਸਾਰ ਲੀਮੋਜ਼ਿਨ ਕਾਰਾਂ ਵਿੱਚ ਸਮੇਂ-ਸਮੇਂ 'ਤੇ ਜ਼ਰੂਰੀ ਸੋਧਾਂ ਕੀਤੀਆਂ ਜਾਂਦੀਆਂ ਹਨ। ਕਾਰਾਂ



ਨੂੰ ਸੁਰੱਖਿਅਤ ਬਣਾਉਣ ਲਈ ਸਮੇਂ-ਸਮੇਂ 'ਤੇ ਬਦਲਾਵ ਵੀ ਕੀਤੇ ਜਾਂਦੇ ਹਨ। ਏਅਰ ਫੋਰਸ ਵੰਨ ਦੇ ਹਵਾਈ ਜਹਾਜ਼ ਲਗਭਗ ਚਾਰ ਹਜ਼ਾਰ ਵਰਗ ਫੁੱਟ ਚੌੜੇ ਹਨ।ਇਸ ਨੂੰ 'ਫਲਾਇੰਗ ਕੈਸਲ' ਅਤੇ 'ਫਲਾਇੰਗ ਵ੍ਹਾਈਟ ਹਾਊਸ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਕਿਉਂਕਿ ਇਹ ਬਹੁਤ ਸੁਰੱਖਿਅਤ ਹੈ। ਇਸ ਵਿੱਚ ਰਾਸ਼ਟਰਪਤੀ ਨੂੰ ਆਪਣਾ ਰੋਜ਼ਾਨਾ ਕੰਮ ਕਰਨ ਲਈ ਸਾਰੀਆਂ ਲੋੜੀਂਦੀਆਂ ਸਹੂਲਤਾਂ ਮੌਜੂਦ ਹਨ। ਰਾਸ਼ਟਰਪਤੀ ਤੋਂ ਇਲਾਵਾ ਏਅਰ ਫੋਰਸ ਵੰਨ 'ਚ 100 ਦੇ ਕਰੀਬ ਸਟਾਫ ਮੈਂਬਰਾਂ ਲਈ ਵੀ ਯਾਤਰਾ ਦਾ ਪ੍ਰਬੰਧ ਹੈ। ਸੰਯੁਕਤ ਰਾਜ ਦੇ ਰਾਸ਼ਟਰਪਤੀ ਐਂਡਰਿਊਜ਼ ਏਅਰ ਫੋਰਸ ਬੇਸ ਤੋਂ ਆਪਣੀਆਂ ਅੰਤਰਰਾਸ਼ਟਰੀ ਉਡਾਣਾਂ ਲੈਂਦੇ ਹਨ।

### ਵ੍ਹਾਈਟ ਹਾਊਸ

ਅਮਰੀਕਾ ਦੇ ਰਾਸ਼ਟਰਪਤੀ ਦੇ ਭਵਨ ਨੂੰ ਵ੍ਹਾਈਟ ਹਾਊਸ ਕਿਹਾ ਜਾਂਦਾ ਹੈ। ਜਿੱਥੇ ਅਮਰੀਕਾ ਦੇ ਪਹਿਲੇ ਨਾਗਰਿਕ ਅਤੇ ਉਨ੍ਹਾਂ ਦੇ ਪਰਿਵਾਰ ਰਿਹਾਇਸ਼ ਦੌਰਾਨ ਸਮਾਂ ਗੁਜ਼ਾਰਦੇ ਹਨ। ਭਾਵੇਂ ਟਰੰਪ ਨੇ ਤਨਖ਼ਾਹ ਛੱਡੀ ਪਰ ਉਹ ਵੀ ਹੋਰ ਅਮਰੀਕੀ ਰਾਸ਼ਟਰਪਤੀਆਂ ਵਾਂਗ ਵ੍ਹਾਈਟ ਹਾਊਸ ਵਿੱਚ ਰਹੇ। ਛੇ ਮੰਜ਼ਿਲਾਂ ਵਾਲੇ ਆਲੀਸ਼ਾਨ ਵ੍ਹਾਈਟ ਹਾਊਸ ਵਿੱਚ 132 ਕਮਰੇ ਤੇ 35 ਬਾਥਰੂਮ ਹਨ। ਇਸ ਦੀ ਸਾਂਭ ਸੰਭਾਲ ਦਾ ਸਲਾਨਾ ਖ਼ਰਚਾ ਇੱਕ ਕਰੋੜ 27 ਲੱਖ ਡਾਲਰ ਆਉਂਦਾ ਹੈ। ਵ੍ਹਾਈਟ ਹਾਊਸ ਵਿੱਚ ਘਰੇਲੂ ਕੰਮ ਕਾਜ ਲਈ ਤਕਰੀਬਨ 100 ਮੁਲਾਜ਼ਮ ਹਨ। ਜਿਨ੍ਹਾਂ ਵਿੱਚ ਐਗਜ਼ੀਕਿਊਟਿਵ ਖਾਨਸਾਮੇ ਅਤੇ ਪੇਸਟਰੀ ਬਣਾਉਣ ਵਾਲੇ ਖਾਨਸਾਮੇ ਵੀ ਸ਼ਾਮਲ ਹਨ।

### ਕੈਂਪ ਡੇਵਿਡ

ਕੁਦਰਤ ਦਾ ਅਨੰਦ ਮਾਣਨ ਲਈ ਅਮਰੀਕੀ ਰਾਸ਼ਟਰਪਤੀ ਕੋਲ 200 ਏਕੜ ਵਿੱਚ ਫੈਲਿਆ ਇੱਕ ਖ਼ਾਸ ਫਾਰਮ ਹਾਊਸ- ਕੈਂਪ ਡੇਵਿਡ ਹੈ। ਕੈਂਪ ਡੇਵਿਡ ਵਿੱਚ ਬਾਸਕਿਟਬਾਲ, ਬਾਲਿੰਗ, ਗੋਲਫ਼ ਖੇਡਣ ਆਦਿ ਦੀਆਂ ਸਹੂਲਤਾਂ ਮੌਜੂਦ ਹਨ। ਇਹ ਅਮਰੀਕੀ ਰਾਸ਼ਟਰਪਤੀਆਂ ਨੂੰ ਕੁਦਰਤ ਦੇ ਕੋਲ ਰਹਿਣ ਅਤੇ ਕੁਝ ਸ਼ਾਂਤ ਸਮਾਂ ਗੁਜ਼ਾਰਨ ਦਾ ਮੌਕਾ ਦਿੰਦਾ ਹੈ। ਇੱਥੇ ਵਿਦੇਸ਼ੀ ਰਾਸ਼ਟਰ ਮੁਖੀਆਂ ਨੂੰ ਵੀ ਠਹਿਰਾਇਆ ਜਾਂਦਾ ਹੈ।

### ਏਅਰ ਫੋਰਸ-ਵੰਨ ਅਤੇ ਮਰੀਨ-ਵੰਨ

ਤਕਨੀਕੀ ਰੂਪ ਵਿੱਚ ਤਾਂ ਜਿਸ ਵੀ ਹਵਾਈ ਜਹਾਜ਼ ਵਿੱਚ ਅਮਰੀਕੀ ਰਾਸ਼ਟਰਪਤੀ ਸਵਾਰ ਹੁੰਦੇ ਹਨ ਉਸ ਨੂੰ ਏਅਰ ਫੋਰਸ-ਵੰਨ ਹੀ ਕਿਹਾ ਜਾਂਦਾ ਹੈ ਪਰ ਵੀਹਵੀਂ ਸਦੀ ਦੇ ਮੱਧ ਤੋਂ ਇਸ ਮੰਤਵ ਲਈ ਦੋ ਖ਼ਾਸ ਜਹਾਜ਼ ਵਰਤੋਂ ਵਿੱਚ ਲਿਆਂਦੇ ਜਾਂਦੇ ਹਨ। ਅਮਰੀਕੀ ਰਾਸ਼ਟਰਪਤੀ ਨੂੰ ਦੁਨੀਆਂ ਵਿੱਚ ਕਿਤੇ ਵੀ ਆਉਣ-ਜਾਣ ਲਈ ਅਮਰੀਕੀ ਹਵਾਈ ਫੌਜ ਦੇ ਦੋ ਖ਼ਾਸ ਹਵਾਈ ਜਹਾਜ਼ ਮਿਲਦੇ ਹਨ। ਬੋਇੰਗ 747-200% ਵਰਗ ਇਨ੍ਹਾਂ ਦੋ ਜਹਾਜ਼ਾਂ ਦੇ ਟੇਲ ਕੋਡ ਕ੍ਰਮਵਾਰ 28000 ਅਤੇ 29000 ਹਨ। ਇਨ੍ਹਾਂ ਦੋਵਾਂ ਵਿੱਚੋਂ ਜਿਸ ਕਿਸੇ ਵਿੱਚ ਵੀ ਅਮ-ਰੀਕੀ ਰਾਸ਼ਟਰਪਤੀ ਸਵਾਰ ਹੋਣ ਉਸ ਨੂੰ ਏਅਰ ਫੋਰਸ-ਵੰਨ ਕਿਹਾ ਜਾਂਦਾ ਹੈ। ਏਅਰ ਫੋਰਸ-ਵੰਨ ਦੀਆਂ ਖ਼ਾਸੀਅਤਾਂ ਵਿੱਚ ਸ਼ਾਮਲ ਹਨ- ਉਡਾਣ ਦੌਰਾਨ ਤੇਲ ਭਰਨ ਦੀ ਸਮਰੱਥਾ, ਐਡਵਾਂਸਡ ਕਮਾਂਡ ਸੈਂਟਰ ਅਤੇ ਐਮਰਜੈਂਸੀ ਪਰੇਟਿੰਗ ਥਿਏਟਰ। ਇਸ ਦੀ ਇੱਕ ਘੰਟੇ ਦੀ ਉਡਾਣ ਉੱਪਰ 1,80,000 ਅਮਰੀਕੀ ਡਾਲਰ ਦਾ ਖ਼ਰਚਾ ਆਉਂਦਾ ਹੈ। ਦੂਜਾ ਹੈ ਰਾਸ਼ਟਰ-ਪਤੀ ਨੂੰ ਮਿਲਣ ਵਾਲਾ ਖ਼ਾਸ ਮਰੀਨ-ਵੰਨ ਹੈਲੀਕਾਪਟਰ। ਹੈਲੀਕਾਪਟਰ ਦੇ ਸਫ਼ਰ ਦੌਰਾਨ ਕਿਸੇ ਸੰਭਾਵੀ ਹਮਲੇ ਤੋਂ ਬਚਾਅ ਲਈ ਮਰੀਨ-ਵੰਨ ਦੇ ਨਾਲ ਉਹੋ-ਜਿਹੇ ਹੀ ਚਾਰ ਹੋਰ ਹੈਲੀਕਾਪਰ ਜਿਨ੍ਹਾਂ ਨੂੰ ਡਿਕੌਇ ਕਿਹਾ ਜਾਂਦਾ ਹੈ, ਉਡਾਣ ਭਰਦੇ ਹਨ। ਇਨ੍ਹਾਂ ਡਿਕੌਇ ਹੈਲੀਕਾਪਟਰਾਂ ਵਿੱਚ ਮਿਜ਼ਾਈਲ ਡਿਫ਼ੈਂਸ ਪ੍ਰਣਾਲੀ ਵੀ ਲੱਗੀ ਹੁੰਦੀ ਹੈ।

### 'ਦਾ ਬੀਸਟ' ਗੱਡੀ

'ਦਾ ਬੀਸਟ' ਅਮਰੀਕੀ ਰਾਸ਼ਟਰਪਤੀ ਲਈ ਖ਼ਾਸ ਤੌਰ 'ਤੇ ਤਿਆਰ ਕੀਤੀ ਗਈ ਇੱਕ ਲੀਮੋਜ਼ਿਨ ਗੱਡੀ ਹੈ। ਇਹ ਪੂਰੀ ਤਰ੍ਹਾਂ ਬਖ਼ਤਰਬੰਦ ਹੈ। ਇਸ ਵਿੱਚ ਹਨੇਰੇ ਵਿੱਚ ਦੇਖਣ ਲਈ ਨਾਈਟ ਵਿਜ਼ਨ ਕੈਮਰੇ ਵੀ ਮੌਜੂਦ ਹਨ। ਰਾਸ਼ਟਰਪਤੀ ਨੂੰ ਰਸਾਇਣਕ ਹਥਿਆਰਾਂ ਤੋਂ ਸੁਰੱਖਿਆ ਵੀ ਦਿੰਦੀ ਹੈ।

### 2001 ਤੋਂ ਬਾਅਦ ਕੋਈ ਤਨਖ਼ਾਹ ਨਹੀਂ ਵਧੀ

ਹਰ ਸਰਕਾਰੀ ਅਧਿਕਾਰੀ ਨੂੰ ਹਰ ਸਾਲ ਜਾਂ ਸਮੇਂ-ਸਮੇਂ 'ਤੇ ਤਨਖ਼ਾਹ ਵਿੱਚ ਵਾਧਾ ਮਿਲਦਾ ਹੈ, ਪਰ ਅਮਰੀਕੀ ਰਾਸ਼ਟਰਪਤੀ ਦੀ ਤਨਖ਼ਾਹ 2001 ਤੋਂ ਨਹੀਂ ਵਧੀ ਹੈ। 2001 ਵਿੱਚ ਜਦੋਂ ਜਾਰਜ ਡਬਲਿਯੂ ਬੁਸ਼ ਨੇ ਅਹੁਦਾ ਸੰਭਾਲਿਆ ਸੀ ਤਾਂ ਤਨਖ਼ਾਹ ਵਿੱਚ ਵਾਧਾ ਕੀਤਾ ਗਿਆ ਸੀ। ਜਾਰਜ ਵਾਸ਼ਿੰਗਟਨ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਸਨ। ਉਨ੍ਹਾਂ ਨੂੰ ਦੋ ਹਜ਼ਾਰ ਡਾਲਰ ਦੀ ਸਲਾਨਾ ਤਨਖ਼ਾਹ ਮਿਲਦੀ ਸੀ। ਉਸ ਸਮੇਂ ਦੇ ਹਿਸਾਬ ਨਾਲ ਇਹ ਬਹੁਤ ਵੱਡੀ ਰਕਮ ਸੀ। ਇਸ ਤੋਂ ਇਲਾਵਾ ਵਾਸ਼ਿੰਗਟਨ ਖੁਦ ਇੱਕ ਖੁਸ਼ਹਾਲ ਕਿਸਾਨ ਸੀ। ਡੌਨਲਡ ਟਰੰਪ, ਜੌਹਨ ਐਫ ਕੈਨੇਡੀ ਅਤੇ ਹਰਬਰਟ ਹੂਵਰ ਵਰਗੇ ਅਮੀਰ ਅਮਰੀਕੀ ਰਾਸ਼ਟਰਪਤੀ ਆਪਣੀਆਂ ਸਾਲਾਨਾ ਤਨਖ਼ਾਹਾਂ ਦਾਨ ਕਰਦੇ ਸਨ।

### ਕਾਰਜਕਾਲ ਖ਼ਤਮ ਹੋਣ ਤੋਂ ਬਾਅਦ

ਜਦੋਂ ਰਾਸ਼ਟਰਤੀ ਦਾ ਕਾਰਜਕਾਲ ਖ਼ਤਮ ਹੋ ਜਾਂਦਾ ਹੈ, ਉਨ੍ਹਾਂ ਨੂੰ ਸਲਾਨਾ ਦੋ ਲੱਖ 37 ਹਜ਼ਾਰ ਅਮਰੀਕੀ ਡਾਲਰ ਪੈਨਸ਼ਨ ਤਾਂ ਮਿਲਦੀ ਹੀ ਹੈ । ਇਸ ਦੇ ਨਾਲ ਹੀ ਸਟਾਫ਼ ਲਈ ਵੀ ਸਲਾਨਾ 96,000 ਡਾਲਰ ਮਿਲਦੇ ਹਨ। ਉਮਰ ਭਰ ਲਈ ਨਿੱਜੀ ਸੁਰੱਖਿਆ ਵੱਖਰੀ ਮਿਲਦੀ ਹੈ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਡੋਨਾਲਡ ਟਰੰਪ ਦੀ ਇਤਿਹਾਸਕ ਵਾਪਸੀ

**(ਸਫਾ 1 ਦੀ ਬਾਕੀ)**

'ਚ ਉਨ੍ਹਾਂ ਨੇ ਦੇਸ਼ ਲਈ ਆਪਣੀਆਂ ਭਵਿੱਖ ਦੀਆਂ ਯੋਜਨਾਵਾਂ ਬਾਰੇ ਗੱਲ ਕੀਤੀ ਅਤੇ ਉਨ੍ਹਾਂ ਸਾਰੇ ਲੋਕਾਂ ਦਾ ਧੰਨਵਾਦ ਵੀ ਕੀਤਾ, ਜਿਨ੍ਹਾਂ ਨੇ ਉਨ੍ਹਾਂ ਲਈ ਪ੍ਰਚਾਰ ਕੀਤਾ ਸੀ। ਟਰੰਪ ਨੇ ਆਪਣੇ ਇਸ ਸੰਬੋਧਨ ਵਿੱਚ ਟੇਸਲਾ ਦੇ ਸੀਈਓ ਈਲੋਨ ਮਸਕ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ।

ਉਨ੍ਹਾਂ ਨੇ ਕਿਹਾ ਕਿ ਮਸਕ ਅਮਰੀਕਾ ਦੇ ਇੱਕ ਮਹੱਤਵਪੂਰਨ ਵਿਅਕਤੀ ਹਨ ਅਤੇ ਉਸ ਨੇ ਚੋਣ ਮੁਹਿੰਮ 'ਚ ਉਨ੍ਹਾਂ ਦੀ ਬਹੁਤ ਮਦਦ ਕੀਤੀ ਹੈ। ਟਰੰਪ ਨੇ ਮਸਕ ਦਾ ਹਵਾਲਾ ਦਿੰਦੇ ਹੋਏ ਕਿਹਾ, "ਇੱਕ ਸਟਾਰ ਦਾ ਜਨਮ ਹੋਇਆ ਹੈ।"

"ਈਲੋਨ ਮਸਕ ਨੇ ਬਹੁਤ ਸਾਰੀਆਂ ਜਾਨਾਂ ਬਚਾਈਆਂ। ਉਹ ਇੱਕ ਖਾਸ ਵਿਅਕਤੀ ਹਨ, ਇੱਕ ਸੁਪਰ ਜੀਨਿਅਸ। ਸਾਨੂੰ ਆਪਣੇ ਪ੍ਰਤਿਭਾਸ਼ਾਲੀ ਲੋਕਾਂ ਦੀ ਰੱਖਿਆ ਕਰਨੀ ਪਵੇਗੀ, ਸਾਡੇ ਕੋਲ ਉਹਨਾਂ ਵਰਗੇ ਬਹੁਤੇ ਲੋਕ ਨਹੀਂ ਹਨ।"

### "ਸਾਨੂੰ ਸਰਹੱਦਾਂ ਨੂੰ ਸੀਲ ਕਰਨਾ ਪਵੇਗਾ"

ਕੱਚੇ ਤੇਲ ਬਾਰੇ ਗੱਲ ਕਰਦੇ ਹੋਏ ਡੌਨਲਡ ਟਰੰਪ ਨੇ ਕਿਹਾ, "ਸਾਡੇ ਕੋਲ ਦੁਨੀਆ ਦੇ ਕਿਸੇ ਵੀ ਦੇਸ਼ ਨਾਲੋਂ ਜ਼ਿਆਦਾ ਤਰਲ 'ਸੋਨਾ' (ਤੇਲ) ਹੈ। ਅਸੀਂ ਆਪਣਾ ਕਰਜ਼ਾ ਚੁਕਾਉਣ ਜਾ ਰਹੇ ਹਾਂ।" ਟਰੰਪ ਦੇ ਨਾਲ ਉਨ੍ਹਾਂ ਦਾ ਪਰਿਵਾਰ ਅਤੇ ਰਿਪਬਲਿਕਨ ਉਪ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਜੇਡੀ ਵੈਂਸ ਵੀ ਸਨ, ਜਿਨ੍ਹਾਂ ਨੇ ਟਰੰਪ ਦੀ ਵ੍ਹਾਈਟ ਹਾਊਸ ਵਾਪਸੀ ਨੂੰ ਅਮਰੀਕਾ ਦੇ ਇਤਿਹਾਸ ਵਿੱਚ ਸਭ ਤੋਂ ਵੱਡੀ ਸਿਆਸੀ ਵਾਪਸੀ ਦੱਸਿਆ। "ਮੇਰੀ ਜਿੱਤ ਵਿੱਚ ਇੱਥੇ ਸ਼ਾਮਲ ਹੋਣ ਲਈ ਆਏ ਲੋਕਾਂ ਦੀ ਮੈਂ ਸ਼ਲਾਘਾ ਕਰਦਾ ਹਾਂ। ਅਸੀਂ ਤੁਹਾਡੇ ਬੱਚਿਆਂ ਦੇ ਭਵਿੱਖ ਲਈ ਲੜਨਾ ਸ਼ੁਰੂ ਕਰਾਂਗੇ ਅਤੇ ਇੱਕ ਵੱਡੀ ਆਰਥਿਕ ਵਾਪਸੀ ਕਰਾਂਗੇ। ਅਸੀਂ ਆਪਣੇ ਦੇਸ਼ ਨੂੰ ਚੰਗੇ ਮੋੜਾ ਦੇਣ ਜਾ ਰਹੇ ਹਾਂ। ਸਾਨੂੰ ਸਰਹੱਦਾਂ ਨੂੰ ਸੀਲ ਕਰਨਾ ਪਵੇਗਾ ਤਾਂ ਜੋ ਲੋਕ ਸਿਰਫ਼ ਕਾਨੂੰਨੀ ਤੌਰ 'ਤੇ ਹੀ ਦੇਸ਼ ਵਿੱਚ ਦਾਖ਼ਲ ਹੋ ਸਕਣ।"

### ਟਰੰਪ ਨੇ ਪਤਨੀ ਮੇਲਾਨੀਆ ਦਾ ਕੀਤਾ ਧੰਨਵਾਦ

ਡੌਨਲਡ ਟਰੰਪ ਨੇ ਆਪਣੀ ਜਿੱਤ ਦੇ ਐਲਾਨ ਦੇ ਨਾਲ ਹੀ ਆਪਣੀ ਪਤਨੀ ਮੇਲਾਨੀਆ ਟਰੰਪ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਨੇ ਮੇਲਾਨੀਆ ਨੂੰ ਅਮਰੀਕਾ ਦੀ ਪਹਿਲੀ ਮਹਿਲਾ ਵੀ ਦੱਸਿਆ। ਟਰੰਪ ਨੇ ਮੇਲਾਨੀਆ ਦੁਆਰਾ ਲਿਖੀ ਗਈ ਕਿਤਾਬ ਦੀ ਤਾਰੀਫ ਕਰਦੇ ਹੋਏ ਕਿਹਾ, "ਇਹ ਦੇਸ਼ ਦੀ ਨੰਬਰ ਵਨ ਬੈਸਟ ਸੈਲਰ ਕਿਤਾਬ ਹੈ।

ਉਨ੍ਹਾਂ (ਮੇਲਾਨੀਆ) ਨੇ ਸ਼ਾਨਦਾਰ ਕੰਮ ਕੀਤਾ ਹੈ। ਉਹ ਲੋਕਾਂ ਦੀ ਮਦਦ ਲਈ ਵੀ ਬਹੁਤ ਮਿਹਨਤ ਕਰਦੇ ਹਨ।" ਇਸ ਦੇ ਨਾਲ ਹੀ ਟਰੰਪ ਨੇ ਆਪਣੇ ਬੱਚਿਆਂ ਦਾ ਧੰਨਵਾਦ ਕੀਤਾ। ਸਟੇਜ 'ਤੇ ਆਪਣੇ ਨਾਲ ਖੜ੍ਹੇ ਆਪਣੇ ਬੱਚਿਆਂ ਦਾ ਨਾਂ ਲੈਂਦਿਆਂ ਟਰੰਪ ਨੇ ਉਨ੍ਹਾਂ ਦੀ ਤਾਰੀਫ ਕੀਤੀ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਰੰਪ ਨੂੰ ਵਧਾਈ ਦਿੱਤੀ



**ਨਵੀਂ ਦਿੱਲੀ–** ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਉਹ ਅਮਰੀਕਾ ਦੀਆਂ ਚੋਣਾਂ ਵਿੱਚ ਜਿੱਤ ਦਾ ਦਾਅਵਾ ਕਰਨ ਵਾਲੇ ਡੋਨਾਲਡ ਟਰੰਪ ਦੇ ਨਾਲ ਦੇਸ਼ਾਂ ਵਿਚਕਾਰ ਗਲੋਬਲ ਅਤੇ ਰਣਨੀਤਕ ਭਾਈਵਾਲੀ ਤਹਿਤ ਮਿਲਵਰਤਣ ਦੇ ਨਵੀਨੀਕਰਨ ਲਈ ਉਤਸੁਕ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਕਸ ਪੋਸਟ ਵਿਚ ਟਰੰਪ ਨੂੰ ਵਧਾਈ ਦਿੰਦਿਆਂ ਕਿਹਾ ਕਿ ਆ ਆਪਣੇ ਲੋਕਾਂ ਦੀ ਬਿਹਤਰੀ ਲਈ ਅਤੇ ਵਿਸ਼ਵ ਸ਼ਾਂਤੀ, ਸਥਿਰਤਾ ਅਤੇ ਖੁਸ਼ਹਾਲੀ ਨੂੰ ਉਤਸ਼ਾਹਿਤ ਕਰਨ ਲਈ ਕੰਮ ਕਰੀਏ।

ਪੀਐਮ ਮੋਦੀ ਨੇ ਲਿਖਿਆ, ਇਤਿਹਾਸਕ ਜਿੱਤ 'ਤੇ ਮੇਰੇ ਦੋਸਤ ਨੂੰ ਵਧਾਈ, ਜਿਵੇਂ ਕਿ ਤੁਸੀਂ ਆਪਣੇ ਪਿਛਲੇ ਕਾਰਜਕਾਲ ਦੀਆਂ ਸਫਲਤਾਵਾਂ ਨੂੰ ਅੱਗੇ ਵਧਾ ਰਹੇ ਹੋ, ਮੈਂ ਭਾਰਤ-ਅਮਰੀਕਾ ਵਿਆਪਕ ਵਿਸ਼ਵ ਅਤੇ ਰਣਨੀਤਕ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਲਈ ਸਾਡੇ ਸਹਿਯੋਗ ਨੂੰ ਨਵਿਆਉਣ ਦੀ ਉਮੀਦ ਕਰਦਾ ਹਾਂ। ਆਓ ਅਸੀਂ ਆਪਣੇ ਲੋਕਾਂ ਦੀ ਭਲਾਈ ਲਈ ਅਤੇ ਵਿਸ਼ਵ ਸ਼ਾਂਤੀ, ਸਥਿਰਤਾ ਅਤੇ ਖੁਸ਼ਹਾਲੀ ਨੂੰ ਉਤਸ਼ਾਹਿਤ ਕਰਨ ਲਈ ਮਿਲ ਕੇ ਕੰਮ ਕਰੀਏ।

### ਆਸਟ੍ਰੇਲੀਆ ਦੇ ਸਾਬਕਾ ਪ੍ਰਧਾਨ ਮੰਤਰੀ ਨੇ ਵੀ ਦਿੱਤੀ ਵਧਾਈ

ਇਸ ਤੋਂ ਪਹਿਲਾਂ ਆਸਟ੍ਰੇਲੀਆ ਦੇ ਸਾਬਕਾ ਪ੍ਰਧਾਨ ਮੰਤਰੀ ਸਕਾਟ ਮੌਰੀਸਨ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਡੋਨਾਲਡ ਟਰੰਪ ਨੂੰ ਉਨ੍ਹਾਂ ਦੀ ਜਿੱਤ 'ਤੇ ਵਧਾਈ ਦਿੱਤੀ ਸੀ। ਟਰੰਪ ਨਾਲ ਤਸਵੀਰ ਸ਼ੇਅਰ ਕਰਦੇ ਹੋਏ ਉਨ੍ਹਾਂ ਨੇ ਲਿਖਿਆ- ਰਾਸ਼ਟਰਪਤੀ ਟਰੰਪ ਨੂੰ ਵਧਾਈਆਂ।

ਨਾਲ ਹੀ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਡੋਨਾਲਡ ਟਰੰਪ ਨੂੰ ਉਨ੍ਹਾਂ ਦੀ ਜਿੱਤ 'ਤੇ ਵਧਾਈ ਦਿੱਤੀ ਹੈ, ਉਨ੍ਹਾਂ ਨੂੰ ਵਧਾਈ ਦਿੱਤੀ ਹੈ ਤੇ ਸੋਸ਼ਲ ਮੀਡੀਆ ਸਾਈਟ ਐਕਸ 'ਤੇ ਲਿਖਿਆ ਹੈ, "ਉਹ ਪਹਿਲਾਂ ਵਾਂਗ ਉਨ੍ਹਾਂ ਨਾਲ ਕੰਮ ਕਰਨ ਲਈ ਤਿਆਰ ਹੈ।" ਟਰੰਪ ਨੂੰ ਉਨ੍ਹਾਂ ਦੀ ਜਿੱਤ 'ਤੇ ਵਧਾਈ ਦਿੰਦੇ ਹੋਏ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ, "ਟਰੰਪ ਦੀ ਵਾਪਸੀ ਅਮਰੀਕਾ ਲਈ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਅਤੇ ਇਜ਼ਰਾਈਲ ਦੇ ਨਾਲ ਇੱਕ ਸ਼ਕਤੀਸ਼ਾਲੀ ਗਠਜੋੜ ਲਈ ਮੁੜ ਪ੍ਰਤੀਬੱਧ ਹੈ।"

# ਜਲਦੀ ਹੀ ਭਾਰਤ ਜਾਣਗੇ ਰਾਸ਼ਟਰਪਤੀ ਡੋਨਾਲਡ ਟਰੰਪ !

**ਨਵੀਂ ਦਿੱਲੀ (ਬਿਊਰੋ)** ਅਮਰੀਕੀ ਰਾਸ਼ਟਰਪਤੀ ਚੋਣਾਂ ਮੁੜ ਜਿੱਤਣ ਵਾਲੇ ਰਿਪਬਲਿਕਨ ਸਿਆਸਤਦਾਨ ਡੋਨਾਲਡ ਟਰੰਪ ਨੂੰ ਇਸ ਵਾਰ ਭਾਰਤ ਆਉਣ ਲਈ ਜ਼ਿਆਦਾ ਇੰਤਜ਼ਾਰ ਨਹੀਂ ਕਰਨਾ ਪਵੇਗਾ। ਕਵਾਡ (ਅਮਰੀਕਾ, ਆਸਟ੍ਰੇਲੀਆ, ਜਾਪਾਨ ਤੇ ਭਾਰਤ ਦਾ ਸੰਗਠਨ) ਦੇ ਸਿਖਰਲੇ ਆਗੂਆਂ ਦਾ ਅਗਲਾ ਸੰਮੇਲਨ ਭਾਰਤ ਵਿਚ ਹੋਣਾ ਹੈ। ਸ਼ਾਇਦ ਜੁਲਾਈ-ਅਗਸਤ, 2025 ਵਿਚ ਸਿਖਰ ਸੰਮੇਲਨ ਦੀ ਤਰੀਕ ਤੈਅ ਕੀਤੀ ਜਾ ਸਕਦੀ ਹੈ। ਜੇ ਸਭ ਕੁਝ ਠੀਕ ਰਿਹਾ ਤਾਂ ਇਹ ਪਹਿਲਾ ਮੌਕਾ ਹੋਵੇਗਾ ਜਦੋਂ ਸਾਲ ਦੇ ਅੰਦਰ ਕਿਸੇ ਅਮਰੀਕੀ ਰਾਸ਼ਟਰਪਤੀ ਨੇ ਭਾਰਤ ਦੀ ਯਾਤਰਾ ਕੀਤੀ ਹੋਵੇ।

ਠੰਢੀ ਜੰਗ ਦੇ ਦੌਰ ਵਿਚ ਕੋਈ-ਕੋਈ ਅਮਰੀਕੀ ਰਾਸ਼ਟਰਪਤੀ ਭਾਰਤ ਦੀ ਯਾਤਰਾ 'ਤੇ ਆਉਂਦਾ ਸੀ ਪਰ ਹਾਲ ਹੀ ਦੇ ਕੁਝ ਸਾਲਾਂ ਦੌਰਾਨ ਪਿਛਲੇ ਸਾਰੇ ਪੰਜ ਅਮਰੀਕੀ ਰਾਸ਼ਟਰਪਤੀਆਂ ਨੇ ਭਾਰਤ ਦਾ ਦੌਰਾ ਕੀਤਾ ਹੈ। ਹਾਲੇ ਸਤੰਬਰ 2023 ਵਿਚ ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਜੀ-20 ਸਿਖਰ ਸੰਮੇਲਨ ਵਿਚ ਹਿੱਸਾ ਲੈਣ ਲਈ ਨਵੀਂ ਦਿੱਲੀ ਆਏ ਸਨ।




ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਦੇ ਅੰਤਮ ਸਾਲ 2020 ਵਿਚ ਭਾਰਤ ਦੀ ਯਾਤਰਾ ਕੀਤੀ ਸੀ। ਪ੍ਰਧਾਨ ਮੰਤਰੀ ਮੋਦੀ ਨੇ ਟਰੰਪ ਦੇ ਪਿਛਲੇ ਕਾਰਜਕਾਲ ਦੌਰਾਨ ਕੁਲ ਤਿੰਨ ਵਾਰ ਮੁਲਾਕਾਤ ਕੀਤੀ ਸੀ ਤੇ ਹਰ ਮੁਲਾਕਾਤ ਭਾਰਤ-ਅਮਰੀਕੀ ਰਿਸ਼ਤਿਆਂ ਦੇ ਲਿਹਾਜ਼ ਨਾਲ ਮੀਲ ਦੇ ਪੱਥਰ ਸਾਬਤ ਹੋਏ। ਦੋਵਾਂ ਸਿਆਸਤਦਾਨਾਂ ਵਿਚਾਲੇ ਪਹਿਲੀ ਮੁਲਾਕਾਤ ਜੂਨ 2017 ਵਿਚ ਹੋਈ ਸੀ। ਕੁਝ ਮਹੀਨੇ ਪਹਿਲਾਂ ਹੀ ਰਾਸ਼ਟਰਪਤੀ ਬਣੇ ਟਰੰਪ ਨੇ ਮੋਦੀ ਨੂੰ ਵ੍ਹਾਈਟ ਹਾਊਸ ਵਿਚ ਰਾਤ ਦੇ ਖਾਣੇ 'ਤੇ ਬੁਲਾਇਆ ਸੀ। ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਵ੍ਹਾਈਟ ਹਾਊਸ ਵਿਚ ਰਾਤ ਦਾ ਖਾਣਾ ਦੇਣ ਵਾਲੇ ਮੋਦੀ ਪਹਿਲੇ ਆਲਮੀ ਆਗੂ ਬਣੇ। ਦੋਵਾਂ ਸਿਆਸਤਦਾਨਾਂ ਦੀ ਮੁਲਾਕਾਤ ਮਗਰੋਂ ਜਾਰੀ ਸਾਂਝੇ ਬਿਆਨ ਵਿਚ ਸਰਹੱਦ ਪਾਰ ਦੇ ਅੱਤਵਾਦ ਸਮੇਤ ਭਾਰਤ ਤੇ ਅਮਰੀਕਾ ਨੇ ਬੇਹੱਦ ਸਖ਼ਤ ਲਫਜ਼ਾਂ ਦੀ ਵਰਤੋਂ ਕੀਤੀ ਤੇ ਸਿੱਧੇ ਤੌਰ 'ਤੇ ਪਾਕਿਸਤਾਨ ਨੂੰ ਚਿਤਾਵਨੀ ਦਿੱਤੀ ਗਈ। ਇਸ ਤੋਂ ਕੁਝ ਮਹੀਨਿਆਂ ਬਾਅਦ ਅਮਰੀਕਾ ਤੇ ਭਾਰਤ ਵਿਚਾਲੇ ਟੂ ਪਲੱਸ ਟੂ ਗੱਲਬਾਤ ਸ਼ੁਰੂ ਕਰਨ 'ਤੇ ਸਹਿਮਤੀ ਬਣੀ।

ਇਨ੍ਹਾਂ ਦੋਵਾਂ ਸਿਆਸਤਦਾਨਾਂ ਦੀ ਦੂਸਰੀ ਮੁਲਾਕਾਤ ਮੋਦੀ ਦੇ ਹਿਊਸਟਨ ਵਿਚ ਕਰਵਾਏ ਹਾਊਡੀ ਮੋਦੀ ਪ੍ਰੋਗਰਾਮ ਦੌਰਾਨ ਹੋਈ ਸੀ। ਇਹ ਅਮਰੀਕੀ ਜ਼ਮੀਨ 'ਤੇ ਕਿਸੇ ਵਿਦੇਸ਼ੀ ਸਿਆਸਤਦਾਨ ਦੇ ਸਵਾਗਤ ਵਿਚ ਕਰਵਾਇਆ ਸਭ ਤੋਂ ਵੱਡਾ ਪ੍ਰੋਗਰਾਮ ਸੀ। ਮੋਦੀ ਨੇ ਇਹ ਯਾਤਰਾ ਅਗਸਤ, 2019 ਵਿਚ ਜੰਮੂ ਤੇ ਕਸ਼ਮੀਰ ਵਿਚ ਧਾਰਾ 370 ਹਟਾਉਣ ਤੋਂ ਕੁਝ ਹਫ਼ਤਿਆਂ ਬਾਅਦ ਕੀਤੀ ਸੀ। ਭਾਰਤ ਨੂੰ ਇਸ ਗੱਲ ਦੀ ਚਿੰਤਾ ਸੀ ਕਿ ਕਿਤੇ ਅਮਰੀਕਾ ਤੇ ਹੋਰ ਪੱਛਮੀ ਮੁਲਕ ਇਸ ਫ਼ੈਸਲੇ ਵਿਰੁੱਧ ਕੋਈ ਸਖ਼ਤ ਗੱਲ ਨਾ ਆਖ ਦੇਣ। ਕਈ ਲੋਕ ਦੱਸਦੇ ਹਨ ਕਿ ਹਿਊਸਟਨ ਵਿਚ ਮੋਦੀ ਦੀ ਤਰਫੋਂ 'ਅਬ ਕੀ ਬਾਰ, ਟਰੰਪ ਸਰਕਾਰ' ਦਾ ਨਾਅਰਾ ਕੂਟਨੀਤਕ ਮੰਤਵ ਲਈ ਲਗਾਇਆ ਗਿਆ ਸੀ। ਦੋਵਾਂ ਸਿਆਸਤਦਾਨਾਂ ਵਿਚਾਲੇ ਤੀਸਰੀ ਮੁਲਾਕਾਤ ਫਰਵਰੀ 2020 ਵਿਚ ਦੋ ਗੇੜਾਂ ਵਿਚ ਪਹਿਲਾਂ ਅਹਿਮਦਾਬਾਦ ਤੇ ਫਿਰ ਨਵੀਂ ਦਿੱਲੀ ਵਿਚ ਹੋਈ। ਟਰੰਪ ਪਹਿਲਾਂ ਪਰਿਵਾਰ ਸਮੇਤ ਪ੍ਰਧਾਨ ਮੰਤਰੀ ਮੋਦੀ ਦੇ ਗ੍ਰਹਿ ਸੂਬੇ ਗੁਜਰਾਤ ਦੇ ਅਹਿਮਦਾਬਾਦ ਪੁੱਜੇ। ਉਥੇ ਉਨ੍ਹਾਂ ਦਾ ਸਵਾਗਤ ਨਵੇਂ ਬਣੇ ਸਟੇਡੀਅਮ ਵਿਚ ਕੀਤਾ ਗਿਆ। ਟਰੰਪ ਦੇ ਸਵਾਗਤ ਲਈ ਤਕਰੀਬਨ ਇਕ ਲੱਖ ਲੋਕ ਸਟੇਡੀਅਮ ਵਿਚ ਹਾਜ਼ਰ ਸਨ। ਇਸ ਸਵਾਗਤ ਤੋਂ ਗਦਗਦ ਟਰੰਪ ਨੇ ਕਿਹਾ ਕਿ ਅੱਜ ਤੋਂ ਬਾਅਦ ਭਾਰਤ ਲਈ ਮੇਰੇ ਦਿਲ ਵਿਚ ਵਿਸ਼ੇਸ਼ ਥਾਂ ਰਹੇਗੀ। ਅਗਲੇ ਦਿਨ ਨਵੀਂ ਦਿੱਲੀ ਵਿਚ ਦੋਵਾਂ ਸਿਆਸਤਦਾਨਾਂ ਵਿਚਾਲੇ ਦੋ-ਪੱਖੀ ਗੱਲਬਾਤ ਹੋਈ ਸੀ।



# ਸਪੇਨ ਵਿੱਚ ਹੜ੍ਹਾਂ ਕਾਰਨ ਹੁਣ ਤੱਕ 213 ਮੌਤਾਂ

**ਮੈਡਰਿਡ–** ਪੂਰਬੀ ਸਪੇਨ ’ਚ ਮੋਹਲੇਧਾਰ ਮੀਂਹ ਮਗਰੋਂ ਅਚਾਨਕ ਆਏ ਹੜ੍ਹਾਂ ਕਾਰਨ ਉਸ ਦੇ ਰਾਹ ’ਚ ਆਇਆ ਹਰ ਕੋਈ ਕੁਝ ਹੀ ਪਲਾਂ ’ਚ ਰੁੜ੍ਹ ਗਿਆ। ਲੋਕਾਂ ਦੇ ਪੱਲੇ ਕੁਝ ਨਹੀਂ ਪਿਆ ਅਤੇ ਉਹ ਵਾਹਨਾਂ, ਘਰਾਂ ਅਤੇ ਆਪਣੇ ਕੰਮ-ਧੰਦਿਆਂ ’ਤੇ ਫਸੇ ਰਹਿ ਗਏ। ਹੜ੍ਹਾਂ ਕਾਰਨ ਹੁਣ ਤੱਕ 213 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਜਿਨ੍ਹਾਂ ’ਚੋਂ ਜ਼ਿਆਦਾਤਰ ਪੀੜਤ ਪੂਰਬੀ ਵੈਲੇਂਸ਼ੀਆ ਖ਼ਿੱਤੇ ਨਾਲ ਸਬੰਧਤ ਹਨ। ਅਧਿਕਾਰੀ ਹਾਲੇ ਵੀ ਕਈ ਲਾਪਤਾ ਲੋਕਾਂ ਦੀ ਭਾਲ ਕਰ ਰਹੇ ਹਨ। ਬਹੁਤੀਆਂ ਥਾਵਾਂ ’ਤੇ ਪਾਣੀ



ਅਤੇ ਬਿਜਲੀ ਸਪਲਾਈ ਠੱਪ ਹੈ ਅਤੇ ਘਰਾਂ, ਸੜਕਾਂ ਤੇ ਗਲੀਆਂ ’ਚ ਗਾਰ ਅਤੇ ਮਲਬਾ ਫੈਲਿਆ ਹੋਇਆ ਹੈ। ਹਜ਼ਾਰਾਂ ਵਾਲੰਟੀਅਰ ਮਲਬੇ ਨੂੰ ਸਾਫ਼ ਕਰਨ ’ਚ ਜੁਟੇ ਹੋਏ ਹਨ। ਸਪੇਨ ਦੀ ਕੌਮੀ ਮੌਸਮ ਸੇਵਾ ਨੇ ਕਿਹਾ ਕਿ ਚੀਵਾ ’ਚ ਅੱਠ ਘੰਟੇ ਐਨਾ ਮੀਂਹ ਪਿਆ ਜਿੰਨਾ ਪਿਛਲੇ 20 ਮਹੀਨਿਆਂ ’ਚ ਨਹੀਂ ਪਿਆ ਹੋਵੇਗਾ। ਮਾਹਿਰਾਂ ਮੁਤਾਬਕ ਸਪੇਨ ’ਚ 2022 ਅਤੇ 2023 ’ਚ ਸੋਕਾ ਪਿਆ ਸੀ ਜਿਸ ਮਗਰੋਂ ਮੌਸਮ ’ਚ ਅਚਾਨਕ ਵਿਗਾੜ ਪੈਦਾ ਹੋਇਆ। ਉਨ੍ਹਾਂ ਕਿਹਾ ਕਿ ਵਾਤਾਵਰਨ ਬਦਲਾਅ ਕਾਰਨ ਸੋਕੇ ਅਤੇ ਹੜ੍ਹਾਂ ਵਰਗੇ ਹਾਲਾਤ ਲਗਾਤਾਰ ਵੱਧ ਰਹੇ ਹਨ। ਪ੍ਰਧਾਨ ਮੰਤਰੀ ਪੈਡਰੋ ਸਾਂਚੇਜ਼ ਨੇ ਰਾਹਤ ਅਤੇ ਬਚਾਅ ਕਾਰਜਾਂ ਲਈ 5 ਹਜ਼ਾਰ ਤੋਂ ਵੱਧ ਜਵਾਨਾਂ ਨੂੰ ਤਾਇਨਾਤ ਕਰਨ ਦਾ ਐਲਾਨ ਕੀਤਾ ਹੈ। ਸਾਂਚੇਜ਼ ਨੇ ਕਿਹਾ ਕਿ ਸਰਕਾਰ ਵੈਲੇਂਸ਼ੀਆ ਖ਼ਿੱਤੇ ’ਚ 5 ਹਜ਼ਾਰ ਤੋਂ ਵੱਧ ਪੁਲੀਸ ਅਧਿਕਾਰੀਆਂ ਨੂੰ ਵੀ ਭੇਜੇਗੀ।

### ਸਪੇਨ ਦੇ ਮਹਾਰਾਜੇ ’ਤੇ ਲੋਕਾਂ ਨੇ ਚਿੱਕੜ ਸੁੱਟਿਆ

ਮੈਡਰਿਡ: ਪਾਇਪੋਰਤਾ ਇਲਾਕੇ ’ਚ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮਿਲਣ ਲਈ ਗਏ ਸਪੇਨ ਦੇ ਮਹਾਰਾਜੇ ਫੇਲਿਪ ’ਤੇ ਕਿਸੇ ਨੇ ਚਿੱਕੜ ਸੁੱਟ ਦਿੱਤਾ। ਉਹ ਲੋਕਾਂ ਦਾ ਹਾਲ-ਚਾਲ ਪੁੱਛਣ ਲਈ ਗਏ ਸਨ। ਇਸ ਦੌਰਾਨ ਰੋਹ ’ਚ ਆਏ ਲੋਕਾਂ ਨੇ ਉਨ੍ਹਾਂ ’ਤੇ ਚਿੱਕੜ ਸੁੱਟ ਦਿੱਤਾ। ਕੁਝ ਅਧਿਕਾਰੀਆਂ ’ਤੇ ਚਿੱਕੜ ਡਿੱਗਿਆ। ਉਧਰ ਮਹਾਰਾਣੀ ਲੈਤਿਜ਼ੀਆ ਨੇ ਵੀ ਮੁਸੀਬਤ ’ਚ ਘਿਰੇ ਲੋਕਾਂ ਦੀ ਸਾਰ ਲਈ। ਉਨ੍ਹਾਂ ਦੱਸਿਆ ਕਿ ਸਰਕਾਰ ਸੜਕਾਂ ਅਤੇ ਘਰਾਂ ਤੋਂ ਮਲਬਾ ਹਟਾਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ ਅਤੇ ਰਾਹਤ ਸਮੱਗਰੀ ਵੀ ਵੰਡੀ ਜਾ ਰਹੀ ਹੈ।

# ਗਾਜ਼ੀਆਬਾਦ ਦੀ ਸਬਾ ਹੈਦਰ ਨੇ ਰਿਕਾਰਡ ਵੋਟਾਂ ਨਾਲ ਜਿੱਤੀ ਚੋਣ

**ਗਾਜ਼ੀਆਬਾਦ–** ਗਾਜ਼ੀਆਬਾਦ ਦੀ ਸਬਾ ਹੈਦਰ ਨੇ ਅਮਰੀਕਾ 'ਚ ਡੈਮੋਕ੍ਰੇਟਿਕ ਪਾਰਟੀ ਵੱਲੋਂ ਡਿਊਪੇਜ ਕਾਉਂਟੀ ਬੋਰਡ ਚੋਣਾਂ 'ਚ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਪੈਟੀ ਗੁਸਟਿਨ ਨੂੰ ਸਾਢੇ ਅੱਠ ਹਜ਼ਾਰ ਵੋਟਾਂ ਨਾਲ ਹਰਾ ਕੇ ਜਿੱਤ ਹਾਸਲ ਕੀਤੀ ਹੈ। ਪਿਛਲੀਆਂ ਚੋਣਾਂ 'ਚ ਉਹ ਇੱਕ ਹਜ਼ਾਰ ਦੇ ਫਰਕ ਨਾਲ ਚੋਣ ਹਾਰ ਗਈ ਸੀ। ਉਸ ਦੀ ਜਿੱਤ ਕਾਰਨ ਪਰਿਵਾਰਕ ਮੈਂਬਰਾਂ 'ਚ ਜਸ਼ਨ ਦਾ ਮਾਹੌਲ ਹੈ।

ਕਿੰਨੀਆਂ ਵੋਟਾਂ ਮਿਲੀਆਂ?
ਸਬਾ ਹੈਦਰ- 39,365
ਪੈਟ੍ਰਿਸੀਆ ਪੈਟੀ ਗੁਸਟਿਨ- 30,844



ਗਾਜ਼ੀਆਬਾਦ ਦੇ ਚਿਤਰਗੁਪਤ ਵਿਹਾਰ ਦੀ ਰਹਿਣ ਵਾਲੀ ਸਬਾ ਹੈਦਰ ਪਿਛਲੇ ਡੇਢ ਦਹਾਕੇ ਤੋਂ ਅਮਰੀਕਾ 'ਚ ਦੁਨੀਆ ਦੇ ਕਈ ਦੇਸ਼ਾਂ ਦੇ ਲੋਕਾਂ 'ਚ ਯੋਗ ਦਾ ਪ੍ਰਚਾਰ ਕਰ ਰਹੀ ਹੈ। ਉਹ ਹਜ਼ਾਰਾਂ ਲੋਕਾਂ ਨੂੰ ਆਨਲਾਈਨ ਤੇ ਆਫ਼ਲਾਈਨ ਯੋਗ ਦੀ ਸਿਖਲਾਈ ਦਿੰਦੀ ਹੈ। ਇਸ ਦੌਰਾਨ ਲੋਕਾਂ ਨੂੰ ਸਿਹਤ, ਸਿੱਖਿਆ, ਵਾਤਾਵਰਨ ਤੇ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਉਹ ਸਮਾਜਿਕ ਕੰਮਾਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੀ ਹੈ।

### ਡੈਮੋਕ੍ਰੇਟਿਕ ਪਾਰਟੀ ਨੇ ਸਾਲ 2022 'ਚ ਵੀ ਬਣਾਇਆ ਸੀ ਉਮੀਦਵਾਰ

ਉਸਦੀਆਂ ਪ੍ਰਾਪਤੀਆਂ ਤੇ ਸਮਾਜਿਕ ਕੰਮਾਂ 'ਚ ਉਸਦੀ ਰੁਚੀ ਦੇ ਮੱਦੇਨਜ਼ਰ, ਡੈਮੋਕਰੇਟਿਕ ਪਾਰਟੀ ਨੇ ਉਸਨੂੰ 2022 ਦੇ ਡਿਊਪੇਜ ਕਾਉਂਟੀ ਬੋਰਡ ਦੀ ਚੋਣ 'ਚ ਆਪਣਾ ਉਮੀਦਵਾਰ ਬਣਾਇਆ ਸੀ ਜਿਸ ਵਿਚ ਉਹ ਲਗਪਗ ਇੱਕ ਹਜ਼ਾਰ ਵੋਟਾਂ ਨਾਲ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਤੋਂ ਹਾਰ ਗਈ। ਹਾਰ ਦੇ ਬਾਵਜੂਦ ਉਸ ਨੇ ਆਪਣੀ ਮੁਹਿੰਮ ਜਾਰੀ ਰੱਖੀ। ਸੱਤਾਧਾਰੀ ਡੈਮੋਕਰੇਟਿਕ ਪਾਰਟੀ ਨੇ ਉਸ ਨੂੰ ਡਿਊਪੇਜ ਕਾਉਂਟੀ ਹੈਲਥ ਬੋਰਡ ਦੀ ਮੈਂਬਰ ਵਜੋਂ ਨਾਮਜ਼ਦ ਕੀਤਾ ਸੀ।

### ਚੋਣ ਮੁਹਿੰਮ ਦੌਰਾਨ ਸਬਾ ਹੈਦਰ

ਇਸ ਵਾਰ ਫਿਰ ਡੈਮੋਕ੍ਰੇਟਿਕ ਪਾਰਟੀ ਨੇ ਉਨ੍ਹਾਂ ਨੂੰ ਆਪਣਾ ਉਮੀਦਵਾਰ ਬਣਾ ਕੇ ਮੈਦਾਨ 'ਚ ਉਤਾਰਿਆ ਹੈ। ਇੱਥੇ ਲਗਪਗ 9,30 ਲੱਖ ਵੋਟਰਾਂ ਵਾਲੇ ਖੇਤਰ 'ਚ ਉਨ੍ਹਾਂ ਨੇ ਰਿਪਬਲਿਕ ਪਾਰਟੀ ਦੇ ਉਮੀਦਵਾਰ ਪੈਟੀ ਗੁਸਟਿਨ ਨੂੰ ਹਰਾ ਕੇ ਜਿੱਤ ਹਾਸਲ ਕੀਤੀ।

ਉਨ੍ਹਾਂ ਨੂੰ 39,260 ਤੇ ਉਨ੍ਹਾਂ ਦੇ ਵਿਰੋਧੀ ਪੈਟੀ ਗੁਸਟਿਨ ਨੂੰ 30841 ਵੋਟਾਂ ਮਿਲੀਆਂ। ਉਨ੍ਹਾਂ ਇਹ ਚੋਣ 8419 ਵੋਟਾਂ ਨਾਲ ਜਿੱਤੀ। 'ਦੈਨਿਕ ਜਾਗਰਣ' ਨਾਲ ਮੋਬਾਈਲ ਕਾਲ ਰਾਹੀਂ ਗੱਲਬਾਤ ਕਰਦਿਆਂ ਸਬਾ ਹੈਦਰ ਨੇ ਦੱਸਿਆ ਕਿ ਉਨ੍ਹਾਂ ਦਾ ਉਦੇਸ਼ ਇਲਾਕੇ 'ਚ ਵਿਕਾਸ ਕਾਰਜਾਂ ਤੋਂ ਇਲਾਵਾ ਸਿੱਖਿਆ, ਸਿਹਤ, ਵਾਤਾਵਰਨ ਅਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਨੂੰ ਜਾਰੀ ਰੱਖਣਾ ਹੈ।

### ਸਬਾ ਹੈਦਰ ਦਾ ਪਰਿਵਾਰਕ ਪਿਛੋਕੜ

ਸਬਾ ਹੈਦਰ ਗਾਜ਼ੀਆਬਾਦ ਦੇ ਚਿਤਰਗੁਪਤ ਵਿਹਾਰ 'ਚ ਰਹਿਣ ਵਾਲੇ ਜਲ ਨਿਗਮ ਦੇ ਸੇਵਾ-ਮੁਕਤ ਸੀਨੀਅਰ ਇੰਜੀਨੀਅਰ ਅਲੀ ਹੈਦਰ ਦੀ ਧੀ ਹੈ। ਉਸਦੀ ਮਾਂ ਮਹਿਜਬੀਨ ਹੈਦਰ ਕਮਜ਼ੋਰ ਵਰਗ ਦੇ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਨ ਲਈ ਸਕੂਲ ਚਲਾਉਂਦੀ ਹੈ। ਉਹ ਦੋ ਭਰਾਵਾਂ ਅੱਬਾਸ ਹੈਦਰ ਤੇ ਜ਼ੀਸ਼ਾਨ ਹੈਦਰ ਤੋਂ ਵੱਡੀ ਹੈ।

### 2005 'ਚ ਅਲੀ ਕਾਜ਼ਮੀ ਨਾਲ ਹੋਇਆ ਸੀ ਸਬਾ ਹੈਦਰ ਦਾ ਵਿਆਹ

ਉਸਨੇ ਆਪਣੀ ਮੁਢਲੀ ਸਿੱਖਿਆ ਹੋਲੀ ਚਾਈਲਡ ਤੋਂ ਪ੍ਰਾਪਤ ਕੀਤੀ ਹੈ। ਇਸ ਤੋਂ ਬਾਅਦ ਰਾਮਚਮੇਲੀ ਚੱਢਾ ਵਿਸ਼ਵਾਸ ਗਰਲਜ਼ ਕਾਲਜ ਤੋਂ ਬੀਐਸਸੀ 'ਚ ਟਾਪਰ ਰਹੀ ਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਐਮਐਸਸੀ ਤੇ ਵਾਈਲਡਲਾਈਫ ਐਜੂਕੇਸ਼ਨ 'ਚ ਗੋਲਡ ਮੈਡਲਿਸਟ ਰਹੀ।

ਉਸਦਾ ਵਿਆਹ 2005 'ਚ ਅਲੀ ਕਾਜ਼ਮੀ ਨਾਲ ਹੋਇਆ ਸੀ ਜੋ ਬੈਂਕ ਆਫ ਅਮਰੀਕਾ 'ਚ ਇਕ ਸੀਨੀਅਰ ਅਹੁਦੇ 'ਤੇ ਹੈ। ਉਹ 2007 'ਚ ਉਸਦੇ ਨਾਲ ਅਮਰੀਕਾ ਚਲੀ ਗਈ ਸੀ। ਦੋਵਾਂ ਦਾ ਇਕ ਪੁੱਤਰ ਅਜ਼ੀਮ ਕਾਜ਼ਮੀ ਤੇ ਬੇਟੀ ਆਇਜ਼ਾ ਕਾਜ਼ਮੀ ਹਨ। ਅਜ਼ੀਮ 12ਵੀਂ ਜਮਾਤ 'ਚ ਹੈ ਤੇ ਆਇਜ਼ਾ 8ਵੀਂ ਜਮਾਤ 'ਚ ਹੈ।

### ਪਰਿਵਾਰ 'ਚ ਜਸ਼ਨ ਦਾ ਮਾਹੌਲ

ਚਿੱਤਰਗੁਪਤ ਵਿਹਾਰ 'ਚ ਸਥਿਤ ਉਨ੍ਹਾਂ ਦੇ ਨਾਨਕੇ ਘਰ 'ਚ ਖੁਸ਼ੀ ਦਾ ਮਾਹੌਲ ਹੈ। ਉਸਦਾ ਛੋਟਾ ਭਰਾ ਜ਼ੀਸ਼ਾਨ ਹੈਦਰ ਓਮਾਨ 'ਚ ਕਾਰੋਬਾਰ ਕਰਦਾ ਹੈ। ਉਸ ਨੇ ਆਪਣੇ ਮੋਬਾਈਲ ਤੋਂ ਵੀਡੀਓ ਕਾਲ ਕਰ ਕੇ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਵਧਾਈ ਦਿੱਤੀ। ਇਸ ਦੇ ਨਾਲ ਹੀ ਉਸ ਦੀ ਮਾਂ ਮਹਿਜ਼ਬੀਨ ਹੈਦਰ, ਪਿਤਾ ਅਲੀ ਹੈਦਰ, ਭਰਾ ਅੱਬਾਸ ਹੈਦਰ ਤੇ ਭਾਬੀ ਕਸ਼ਿਸ਼ ਨੇ ਇੱਕ-ਦੂਜੇ ਨੂੰ ਮਠਿਆਈਆਂ ਖਿਲਾ ਕੇ ਜਿੱਤ ਦੀ ਵਧਾਈ ਦਿੱਤੀ।

ਕੁੱਲ ਵੋਟਾਂ ਪਈਆਂ- 70,109
ਜਿੱਤਾ ਦਾ ਅੰਤਰ- 8,521 ਵੋਟਾਂ


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

NEW & USED TIRES WASH, LUBE, BRAKES

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021
Across the Street from TA Truck Stop

ਦੇਸ਼ ਦੁਆਬਾ

# ਗੁਰੂ ਨਾਨਕ ਬਾਣੀ ਵਿਚ ਸਮਾਜਿਕ ਨਿਆਂ ਤੇ ਬਰਾਬਰੀ ਦੀ ਸੂਝ



Dr. Ronki Ram
Email; ronkiram@yahoo.co.in

ਗੁਰੂ ਨਾਨਕ ਦੀਆਂ ਸਿੱਖਿਆਵਾਂ ਸਮਝਣ ਲਈ ਸਾਨੂੰ ਪ੍ਰਾਚੀਨ ਤੇ ਮੱਧਕਾਲੀ ਭਾਰਤ ਦੇ ਸਮਾਜਿਕ, ਆਰਥਿਕ, ਧਾਰਮਿਕ ਤੇ ਰਾਜਨੀਤਕ ਸੰਦਰਭਾਂ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਘੋਖਣਾ ਚਾਹੀਦਾ ਹੈ। ਬਾਬਾ ਨਾਨਕ ਦੇ ਜੀਵਨ ਕਾਲ (1469-1539) ਤੋਂ ਤਕਰੀਬਨ 600 ਸਾਲ ਪਹਿਲਾਂ ਲਗਾਤਾਰ ਬਾਹਰੀ ਹਮਲਿਆਂ ਦਾ ਸਾਹਮਣਾ ਕਰਦਿਆਂ-ਕਰਦਿਆਂ ਭਾਰਤ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਜਾਣ ਲੱਗਾ। ਮੁਹੰਮਦ ਬਿਨ ਕਾਸਿਮ ਦੇ ਹਮਲੇ ਦੌਰਾਨ ਬ੍ਰਾਹਮਣ ਵੰਸ਼ ਦੇ ਰਾਜਾ ਦਾਹਰ ਦੀ ਮੌਤ ਤੋਂ ਬਾਅਦ ਮੁਸਲਿਮ ਹਕੂਮਤ ਦਾ ਦੌਰ ਸ਼ੁਰੂ ਹੁੰਦਾ ਹੈ। ਇਹ ਕਾਲ ਕਾਫ਼ੀ ਲੰਮਾ ਸਮਾਂ ਚੱਲਦਾ ਹੈ। ਇਸੇ ਦੌਰਾਨ ਬਾਬਾ ਨਾਨਕ ਸੱਚ, ਬਰਾਬਰੀ ਤੇ ਨਿਆਂ 'ਤੇ ਆਧਾਰਿਤ ਨਵੇਂ ਧਰਮ ਦਾ ਮੁੱਢ ਬੰਨ੍ਹਦੇ ਹਨ, ਜੋ ਦਸਵੇਂ ਪਾਤਸ਼ਾਹ ਨੇ ਸ੍ਰੀ ਆਦਿ ਗ੍ਰੰਥ ਨੂੰ ਗੁਰਗੱਦੀ ਦੇ ਕੇ ਸੰਪੂਰਨ ਕੀਤਾ।

ਰਾਜਾ ਦਾਹਰ ਤੋਂ 600 ਸਾਲ ਭਾਰਤ ਦੁਨੀਆਂ ਦੇ ਅਮੀਰ ਦੇਸ਼ਾਂ ਦੀ ਮੋਹਰਲੀ ਕਤਾਰ ਵਿਚ ਖਲੋਤਾ ਦਿਖਾਈ ਦਿੰਦਾ ਹੈ। ਭਾਰਤ ਨੇ ਤਜਾਰਤ ਰਾਹੀਂ ਇਹ ਮੁਕਾਮ ਹਾਸਲ ਕੀਤਾ ਸੀ। ਗਰਮ ਮਸਾਲਿਆਂ ਨੂੰ ਰੋਮ ਤਕ ਪਹੁੰਚਾਉਣ ਤੇ ਉਸਦੇ ਬਦਲੇ ਸੋਨਾ ਪ੍ਰਾਪਤ ਕਰਨਾ ਇਸ ਵਪਾਰ ਦਾ ਮੁੱਖ ਰੂਪ ਸੀ। ਇਹ ਤਜਾਰਤ ਸਮੁੰਦਰੀ ਤੇ ਖ਼ੁਸ਼ਕ ਰਸਤੇ ਰਾਹੀਂ ਹੁੰਦੀ ਸੀ। ਇਹ ਗੱਲ ਲੁਕੀ ਹੋਈ ਨਹੀਂ ਕਿ ਭਾਰਤ ਪਾਸ ਕੋਲਾਰ ਵਾਲੀ ਸੋਨੇ ਦੀ ਕੇਵਲ ਇਕੋ ਖਾਣ ਸੀ, ਪਰ ਭਾਰਤ ਵਿਚ ਬਹੁਤ ਮਾਤਰਾ ਵਿਚ ਸੋਨੇ ਦੇ ਵਿਸ਼ਾਲ ਭੰਡਾਰਾਂ ਦਾ ਜਮ੍ਹਾਂ ਹੋਣਾ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਇਹ ਸਭ ਕੁਝ ਬਾਹਰੀ ਵਪਾਰ ਜ਼ਰੀਏ ਸੰਭਵ ਹੋ ਸਕਿਆ।

ਮੁਹੰਮਦ ਬਿਨ ਕਾਸਿਮ ਤੋਂ ਬਾਅਦ ਜਿਸ ਤਰ੍ਹਾਂ ਦੇ ਸਮਾਜਿਕ ਤੇ ਧਾਰਮਿਕ ਹਾਲਾਤ ਪੈਦਾ ਹੋਏ, ਉਨ੍ਹਾਂ ਦੇ ਚੱਲਦੇ-ਚੱਲਦੇ ਜੋ ਆਰਥਿਕ ਤੇ ਰਾਜਨੀਤਕ ਬਣਤਰ ਬਣੀ, ਉਸ ਨਾਲ ਸਮਾਜ ਵਿਚ ਬਹੁਤ ਹਲਚਲ ਪੈਦਾ ਹੋਣੀ ਸ਼ੁਰੂ ਹੋਈ। ਇਸੇ ਹਲਚਲ ਦੌਰਾਨ ਕੁਝ ਸਮਾਂ ਪਾ ਕੇ ਜੇ ਇਕ ਬੰਨੇ ਮੁਸਲਿਮ ਰਾਜ ਦੀ ਪਕੜ ਮਜ਼ਬੂਤ ਹੋਈ ਤਾਂ ਦੂਸਰੇ ਪਾਸੇ ਸਮਾਜਿਕ ਤੌਰ 'ਤੇ ਅੰਧਵਿਸ਼ਵਾਸ ਤੇ ਪਖੰਡਵਾਦ ਦੀਆਂ ਜੜਾਂ ਡੂੰਘੀਆਂ ਹੁੰਦੀਆਂ ਗਈਆਂ। ਜਿੱਥੇ ਜਾਤਪਾਤ ਕਰਕੇ ਵਖਰੇਵਾਂ ਹੋਰ ਵੀ ਵਿਕਰਾਲ ਰੂਪ ਧਾਰਨ ਕਰਨ ਲੱਗਿਆ, ਉੱਥੇ ਪਾਖੰਡਵਾਦ ਨੇ ਨਵੇਂ-ਨਵੇਂ ਰੂਪ ਧਾਰਨ ਕਰਕੇ ਲੋਕਾਈ ਨੂੰ ਉਸਦੇ ਸਹੀ ਰਾਹ ਤੋਂ ਭਟਕਣ ਵੱਲ ਧੱਕਿਆ। ਪਾਰੇ ਨੂੰ ਭਸਮ ਕਰਕੇ ਤੇ ਉਸਦੇ ਸੇਵਨ ਰਾਹੀਂ ਅਮਰ ਹੋਣ ਦਾ ਸਿੱਧਾਂ ਦਾ ਢੌਂਗ ਰਚਣਾ ਤੇ ਵੱਖ-ਵੱਖ ਧਾਤਾਂ ਦੇ ਮਿਸ਼ਰਣ ਨੂੰ ਪਿਘਲਾ ਕੇ ਉਸ ਵਿਚ ਜੜੀਆਂ ਬੂਟੀਆਂ ਮਿਲਾ ਕੇ ਸੋਨਾ ਬਣਾਉਣਾ ਇਸ ਪਾਖੰਡਵਾਦ ਦੇ ਬਦਲਵੇਂ ਰੂਪ ਸਨ। ਇਸ ਪਾਖੰਡਵਾਦ ਦਾ ਇਕ ਹੋਰ ਰੂਪ ਜੋ ਇਸ ਸਮੇਂ ਦੌਰਾਨ ਨਜ਼ਰ ਆਉਂਦਾ ਹੈ, ਉਹ ਘਰ ਪਰਿਵਾਰ ਤਿਆਗ ਕੇ ਜੰਗਲਾਂ ਤੇ ਪਹਾੜਾਂ ਦੀ ਕੰਦਰਾਂ ਵਿਚ ਲੁਕ ਕੇ ਸਿੱਧੀਆਂ ਪ੍ਰਾਪਤ ਕਰਨਾ ਤੇ ਉਨ੍ਹਾਂ ਜ਼ਰੀਏ ਤੁੱਛ ਦੁਨਿਆਵੀ ਉਪਲੱਬਧੀਆਂ ਪ੍ਰਾਪਤ ਕਰਨ ਦੀ ਡੀਂਗ ਮਾਰਨਾ ਹੈ। ਇਹ ਸਾਰਾ ਸਮਾਂ ਤਕਰੀਬਨ ਡੇਢ ਹਜ਼ਾਰ ਸਾਲ ਬਣਦਾ ਹੈ। ਜਿਸ ਸਮੇਂ ਬਾਬਾ ਨਾਨਕ ਇਸ ਜਗਤ ਵਿਚ ਪ੍ਰਗਟ ਹੁੰਦੇ ਹਨ, ਉਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ:

ਸਤਿਗੁਰ ਨਾਨਕੁ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣ ਹੋਆ॥

ਬਾਬਾ ਨਾਨਕ ਜੀ ਨੇ ਆਪਣੀ ਬਾਣੀ ਤੇ ਆਪਣੀ ਜੀਵਨ ਸ਼ੈਲੀ ਰਾਹੀਂ ਲੋਕਾਈ ਨੂੰ ਵਹਿਮਾਂ-ਭਰਮਾਂ ਤੋਂ ਨਿਜਾਤ ਦਿਵਾ ਕੇ ਇਕੋ ਏਕਮ ਪਰਮਾਤਮਾ ਦੀ ਪ੍ਰਾਪਤੀ ਦੇ ਸੱਚੇ ਸਾਧਨ ਤੇ ਮਾਰਗ ਦੇ ਪ੍ਰਚਾਰ ਹਿੱਤ ਆਪਣਾ ਸੰਪੂਰਨ ਜੀਵਨ ਸਮਰਪਿਤ ਕੀਤਾ। ਉਨ੍ਹਾਂ ਦਾ ਉਪਦੇਸ਼ ਅੱਜ ਦੀਆਂ ਕੌਮੀ ਹੱਦਾਂ ਵਿਚ ਸੀਮਤ ਨਹੀਂ ਸੀ। ਉਨ੍ਹਾਂ ਨੇ ਦੂਰ-ਦੁਰਾਡੇ ਦੇਸ਼ ਵਿਦੇਸ਼ ਵਿਚ ਆਪਣੇ ਗਿਆਨ ਰਾਹੀਂ ਸਮਾਜ ਨੂੰ ਨਿਆਂ ਤੇ ਬਰਾਬਰੀ ਦੇ ਰਾਹ ਪਾਇਆ। ਉਨ੍ਹਾਂ ਦੀਆਂ ਦੇਸ਼-ਵਿਦੇਸ਼ ਵਿਚ ਕੀਤੀਆਂ ਯਾਤਰਾਵਾਂ ਨੂੰ ਉਦਾਸੀਆਂ ਦਾ ਨਾਂ ਦਿੱਤਾ ਜਾਂਦਾ ਹੈ, ਜਿਸ ਦੌਰਾਨ ਉਨ੍ਹਾਂ ਨੇ ਅਨੇਕ ਵਿਦਵਾਨਾਂ, ਵੱਖ-ਵੱਖ ਧਰਮਾਂ ਦੇ ਦਾਨਿਸ਼ਵਰਾਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਸੱਚੇ ਮਾਰਗ 'ਤੇ ਪਹਿਰਾ ਦਿੱਤਾ। ਦੇਸ਼-ਵਿਦੇਸ਼ ਦੇ ਤਜਰਬੇ ਤੇ ਉਥੋਂ ਦੇ ਵਿਦਵਾਨਾਂ ਤੇ ਨਾਮਵਰ ਹਸਤੀਆਂ ਨਾਲ ਗੱਲਬਾਤ ਦੌਰਾਨ ਜੋ ਵਾਰਤਾਲਾਪ ਰਚੇ, ਉਸ 'ਤੇ ਆਧਾਰਿਤ ਵਿਸ਼ਾਲ ਅਧਿਆਤਮਕ ਗਿਆਨ ਦਾ ਅਲੌਕਿਕ ਭੰਡਾਰ ਲੋਕਾਈ ਦੇ ਭਲੇ ਲਈ ਸਾਡੇ ਤਕ ਪਹੁੰਚਿਆ। ਇਹ ਵਿਸ਼ਾਲ ਅਧਿਆਤਮਕ ਗਿਆਨ ਵਿਚ ਮੁੱਖ ਰਚਨਾਵਾਂ ਜਪੁ, ਸਿਧ ਗੋਸਟਿ, ਦੱਖਣੀ ਓਅੰਕਾਰ, ਬਾਰਹਮਾਹਾ, ਪਟੀ, ਮਾਝ ਕੀ ਵਾਰ, ਆਸਾ ਕੀ ਵਾਰ ਤੇ ਮਲਾਰ ਕੀ ਵਾਰ ਆਦਿ ਹਨ। ਬਾਬੇ ਨਾਨਕ ਦੀ ਸੰਪੂਰਨ ਬਾਣੀ ਤੋਂ ਸਾਨੂੰ ਆਪਣੇ ਜੀਵਨ ਵਿਚ ਕਿਵੇਂ ਸਚਿਆਰਾ ਹੋਇਆ ਜਾਵੇ, ਉਸਦੀ ਸੂਝ ਤੇ ਸੇਧ ਮਿਲਦੀ ਹੈ। ਇਸ ਸੂਝ ਤੇ ਸੇਧ ਨੂੰ ਦੋ ਮੁੱਖ ਬਿੰਦੂਆਂ ਰਾਹੀਂ ਸਮਝਣ ਦੀ ਕੋਸ਼ਿਸ਼ ਕਰਾਂਗੇ, ਜਿਸਨੂੰ ਸਿੱਖ ਧਰਮ ਦੇ ਪ੍ਰਮੁੱਖ ਥੰਮ੍ਹ ਵੀ ਕਿਹਾ ਜਾ ਸਕਦਾ ਹੈ। ਇਹ ਦੋ ਥੰਮ੍ਹ ਹਨ- ਜਾਤਪਾਤ ਦਾ ਮੁਕੰਮਲ ਖੰਡਨ ਅਤੇ ਔਰਤ ਦੀ ਮਰਦ ਨਾਲ ਬਰਾਬਰੀ ਦੀ ਹੈਸੀਅਤ ਤੇ ਸਮਾਨਤਾ।

ਭਾਵੇਂ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ



ਜਾਤਪਾਤ ਦੇ ਮਾਰੂ ਪ੍ਰਭਾਵਾਂ ਬਾਰੇ ਤੇ ਇਸ ਤੋਂ ਨਿਜਾਤ ਹਾਸਲ ਕਰਨ ਲਈ ਤਥਾਗਤ ਬੁੱਧ ਤੇ ਉੱਤਰੀ ਭਾਰਤ ਦੀ ਭਗਤੀ ਲਹਿਰ ਦੌਰਾਨ ਕਾਫ਼ੀ ਕਦਮ ਪੁੱਟੇ ਗਏ ਸਨ, ਪਰ ਜਾਤਪਾਤ ਆਪਣੀ ਹੋਂਦ ਤੋਂ ਮੁਨਕਰ ਹੋਣ ਦਾ ਨਾਂ ਨਹੀਂ ਲੈ ਰਹੀ ਸੀ। ਗੁਰੂ ਜੀ ਨੇ ਜਾਤਪਾਤ ਵਾਲੀ ਮਨੁੱਖੀ ਵੰਡ ਨੂੰ ਸਮਾਜਿਕ ਤੇ ਅਧਿਆਤਮਕ ਰਾਹਾਂ ਵਿਚ ਰੋਕ ਦਾ ਮੁੱਖ ਕਾਰਨ ਦਰਸਾਇਆ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਜਿਨ੍ਹਾਂ ਨੂੰ ਸਮਾਜ ਵਿਚ ਅਖੌਤੀ ਨੀਚ ਕਹਿ ਕੇ ਨਿੰਦਿਆ ਜਾਂਦਾ ਰਿਹਾ ਹੈ ਅਤੇ ਉਨ੍ਹਾਂ ਨੂੰ ਪਸ਼ੂਆਂ ਤੋਂ ਵੀ ਮਾੜਾ ਜੀਵਨ ਬਤੀਤ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਵਰਤਾਰੇ ਦਾ ਜਾਤਪਾਤੀ ਵੰਡ 'ਤੇ ਆਧਾਰਿਤ ਸਮਾਜ ਤਰੱਕੀ ਕਿਵੇਂ ਕਰ ਸਕਦਾ ਹੈ ਤੇ ਗ਼ੁਲਾਮੀ ਦੀ ਜਕੜ ਤੋਂ ਕਿਵੇਂ ਬਾਹਰ ਆ ਸਕਦਾ ਹੈ? ਅਜਿਹਾ ਵਿਤਕਰੇ-ਭਰਪੂਰ ਸਮਾਜ ਅਧਿਆਤਮਕ ਪੱਧਰ 'ਤੇ ਉਸ ਇਕ ਪਰਮਾਤਮਾ ਦੀ ਬਖ਼ਸ਼ਿਸ਼ ਤੋਂ ਸੱਖਣਾ ਰਹਿ ਜਾਂਦਾ ਹੈ। ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿਚ ਇਸ ਬਾਰੇ ਚਾਨਣਾ ਪਾਇਆ ਹੈ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

ਆਪ ਫ਼ਰਮਾਉਂਦੇ ਹਨ ਕਿ ਨੀਚਾਂ ਦੇ ਅੰਦਰ ਦੀ ਜੋ ਸਭ ਤੋਂ ਨੀਚੀ ਜਾਤ ਹੈ, ਉਸ ਨਾਲ ਜੋ ਵਸੇਵਾ ਕਰੇਗਾ; ਉੱਥੇ ਹੀ ਅਕਾਲ ਪੁਰਖ ਦੀ ਕਿਰਪਾ ਦੀ ਬਹਾਰ ਹੋਵੇਗੀ। ਉਨ੍ਹਾਂ ਨੇ ਭਾਈ ਲਾਲੋ ਦੀ ਰੁੱਖੀ-ਸੁੱਖੀ ਖਾ ਕੇ ਤੇ ਮਲਕ ਭਾਗੋ ਦੀ ਹਰਾਮ ਦੀ ਕਮਾਈ ਤੋਂ ਬਣਾਏ ਲਜ਼ੀਜ਼ ਖਾਣੇ ਤੋਂ ਇਨਕਾਰੀ ਹੋ ਕੇ ਇਸ ਨੂੰ ਅਮਲੀ ਜਾਮਾ ਪਹਿਨਾਇਆ।

ਬਾਬੇ ਨਾਨਕ ਦਾ ਸਮਾਜਿਕ ਨਿਆਂ ਪ੍ਰਤੀ ਇਹ ਪਹਿਲਾ ਸਾਕਾਰਾਤਮਕ ਕਦਮ ਸੀ, ਜਿਸਨੂੰ ਉਨ੍ਹਾਂ ਨੇ ਆਪਣੀਆਂ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਵਿਚ ਹੱਥੀਂ ਖੇਤੀ ਕਰਕੇ ਕਿਰਤ, ਸੰਗਤ, ਵੰਡ ਛਕਣ ਤੇ ਨਾਮ ਜਪਣ ਨੂੰ ਅਮਲੀ ਰੂਪ ਵਿਚ ਲਾਗੂ ਕੀਤਾ। ਉਨ੍ਹਾਂ ਨੇ ਗ੍ਰਹਿਸਥੀ ਜੀਵਨ ਵਿਚ ਵਾਸਾ ਕਰਕੇ ਹੱਥੀਂ ਕਿਰਤ ਕਰਕੇ ਉਸ ਘਾਲ ਵਿਚੋਂ ਕੁਝ ਦੇਣ ਦੀ ਪਿਰਤ ਤੋਰੀ। ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਨੂੰ ਇਕੋ ਲੜੀ ਵਿਚ ਪਰੋਇਆ। ਉਹ ਨਾਮ ਜਿਹੜਾ ਬਿਨਾਂ ਕਿਰਤ ਕੀਤੇ ਤੇ ਵੰਡ ਕੇ ਛਕੇ ਜਪਿਆ ਜਾਵੇ - ਜਿਵੇਂ ਕਿ ਸਿੱਧ ਤੇ ਨਾਥ ਕਰਦੇ ਸਨ - ਤੋਂ ਲੋਕਾਈ ਨੂੰ ਬਚਣ ਦੀ ਤਾਕੀਦ ਕੀਤੀ। ਕਿਰਤ ਵਰਣ ਵਿਵਸਥਾ ਅਨੁਸਾਰ ਚੌਥੇ ਵਰਣ ਵਿਚ ਕਿਰਤ ਕਰਨ ਵਾਲੇ ਨੂੰ ਸ਼ੂਦਰ ਦਾ ਲਕਬ ਦੇ ਕੇ ਉਸਨੂੰ ਨੀਵਾਂ ਹੋਣ ਦਾ ਦੰਡ ਭੋਗਣ ਲਈ ਮਜਬੂਰ ਕਰਨ ਵਜੋਂ ਸਾਹਮਣੇ ਆਉਂਦੀ ਹੈ। ਜਿਸ ਦਾ ਪੂਰਨ ਤੌਰ 'ਤੇ ਨਿੱਘਰਿਆ ਹੋਇਆ ਰੂਪ ਜਾਤੀ ਪ੍ਰਥਾ ਰਾਹੀਂ ਸਾਹਮਣੇ ਆਉਂਦਾ ਹੈ। ਇੱਥੇ ਜਾਤ ਸਿੱਧੇ ਤੌਰ 'ਤੇ ਕਿੱਤੇ ਨਾਲ ਜੁੜਦੀ ਹੈ ਅਤੇ ਉਹ ਕਿੱਤਾ ਜਿਸ ਨੂੰ ਕਰਦਿਆਂ ਹੱਥ ਮੈਲੇ ਹੁੰਦੇ ਹਨ, ਉਸਨੂੰ ਨੀਵੀਂ ਜਾਤ ਦਾ ਕਿੱਤਾ ਗਰਦਾਨ ਕੇ ਉਸ ਕਿੱਤੇ ਨੂੰ ਕਰਨ ਵਾਲਿਆਂ ਨੂੰ ਮੁੱਢਲੇ ਮਨੁੱਖੀ ਅਧਿਕਾਰਾਂ ਤੋਂ ਵੰਚਿਤ ਕੀਤਾ ਜਾਂਦਾ ਹੈ। ਬਾਬੇ ਨਾਨਕ ਨੇ ਆਪਣੀਆਂ ਸਿੱਖਿਆਵਾਂ ਤੇ ਕਰਨੀ ਨਾਲ ਸਦੀਆਂ ਤੋਂ ਮਨੁੱਖੀ ਅਧਿਕਾਰ ਤੋਂ ਵੰਚਿਤ ਉਨ੍ਹਾਂ ਸਭ ਅਖੌਤੀ ਕੰਮੀਆਂ-ਕਮੀਣਾਂ ਨੂੰ ਉਨ੍ਹਾਂ ਦੀ ਕਿਰਤ ਦੇ ਆਧਾਰ 'ਤੇ ਜੀਵਨ ਬਤੀਤ ਕਰਦਿਆਂ ਸਚਿਆਰਾ ਹੋਣ ਦਾ ਮਾਣ ਬਖ਼ਸ਼ਿਆ। ਕਿਰਤ ਤੇ ਨਾਮ ਜਪਣ ਦੇ ਸੁਮੇਲ ਨੂੰ ਵੰਡ ਕੇ ਖਾਣ ਨਾਲ ਜਾਤ ਦੇ ਵਿਤਕਰੇ ਤੋਂ ਉੱਪਰ ਉਠ ਕੇ ਉਸ ਇਕ ਨਿਰੰਕਾਰ ਦੀ ਸਿੱਖਿਆ ਦਿੱਤੀ।

ਗੁਰੂ ਨਾਨਕ ਜੀ ਨੇ ਤੇ ਉਨ੍ਹਾਂ ਤੋਂ ਅਗਾਂਹ ਨੌਂ ਗੁਰੂਆਂ ਨੇ ਜਿਸ ਸੁਚੱਜੇ ਢੰਗ ਨਾਲ ਜਾਤਪਾਤ ਤੋਂ ਨਿਜਾਤ ਪਾਉਣ ਦਾ ਕਾਰਜ ਆਰੰਭਿਆ, ਉਸਦੀ ਨਾ ਤਾਂ ਉਨ੍ਹਾਂ ਤੋਂ ਪਹਿਲਾਂ ਤੇ ਨਾ ਹੀ ਉਨ੍ਹਾਂ ਤੋਂ ਬਾਅਦ ਕੋਈ ਹੋਰ ਬਿਹਤਰੀਨ ਮਿਸਾਲ ਸਾਡੇ ਸਾਹਮਣੇ ਆਉਂਦੀ ਹੈ। ਜੇ ਅੱਜ ਦੇ ਸਮਾਜ ਵਿਚ ਜਾਤਪਾਤ ਦੇ ਨਿਜ਼ਾਮ ਦਾ ਪੂਰਨ ਖ਼ਾਤਮਾ ਨਹੀਂ ਹੋ ਸਕਿਆ ਤਾਂ ਉਸਦੀ ਸਾਰੀ ਜ਼ਿੰਮੇਵਾਰੀ ਸਾਡੀ ਸਾਰਿਆਂ ਦੀ ਹੈ। ਬਾਬੇ ਨਾਨਕ ਤੇ ਉਨ੍ਹਾਂ ਦੇ ਘਰ ਦੀ ਸੱਚੀ ਬਾਣੀ ਨੂੰ ਅਸੀਂ ਆਪਣੇ ਜੀਵਨ ਵਿਚ ਅਮਲੀ ਰੂਪ ਨਾ ਦੇਣ ਕਾਰਨ ਇਸ ਸਮਾਜਿਕ ਬੁਰਾਈ ਨੂੰ ਪੂਰਨ ਤੌਰ 'ਤੇ ਖ਼ਤਮ ਨਹੀਂ ਕਰ ਸਕੇ। ਹੋਰ ਤਾਂ ਹੋਰ ਜਾਤ ਨਾਮ 'ਤੇ ਗੁਰੂ ਘਰਾਂ ਦੀ ਉਸਾਰੀ ਬਾਬੇ ਨਾਨਕ ਦੇ ਦਰਸਾਏ ਤੇ ਸ਼ੁਰੂ ਕੀਤੇ ਜਾਤਪਾਤ ਵਾਲੇ ਸਮਾਜ ਤੋਂ ਨਿਜਾਤ ਦਿਵਾਉਣ ਦੇ ਉੱਦਮ ਨੂੰ ਢਾਅ ਲਾਉਂਦੀ ਹੈ।

ਬਾਬੇ ਨਾਨਕ ਦੇ ਸਮਾਜਿਕ ਸੁਧਾਰ ਤੇ ਅਰਥ-ਭਰਪੂਰ ਜੀਵਨ ਜਿਉਣ ਦਾ ਜਾਚ ਦੂਸਰਾ ਸਤੰਭ ਔਰਤ ਦੀ ਬਰਾਬਰੀ ਦੇ ਸਿਧਾਂਤ ਨੂੰ ਮੰਨਿਆ ਜਾਂਦਾ ਹੈ। ਆਸਾ ਦੀ ਵਾਰ ਦੀ ਪਾਉੜੀ 19 ਵਿਚ ਉਹ ਵਿਸਥਾਰ ਨਾਲ ਸਮਝਾਉਂਦੇ ਹਨ ਕਿ ਮਨੁੱਖ ਦੀ ਉਪਜ ਇਸਤਰੀ ਦੀ ਕੁੱਖ ਤੋਂ ਹੁੰਦੀ ਹੈ ਤੇ ਇਸਤਰੀ ਹੀ ਉਸਦੀ ਪਾਲਣਹਾਰ ਬਣਦੀ ਹੈ। ਪਰਿਵਾਰ ਦਾ ਸੰਚਾਲਨ ਵੀ ਇਸਤਰੀ ਹੀ ਕਰਦੀ ਹੈ। ਇਸਤਰੀ ਹੀ ਭਾਈਚਾਰੇ ਤੇ ਸੱਭਿਅਤਾ ਦੀ ਨੀਂਹ ਰੱਖਦੀ ਹੈ ਅਤੇ ਉਸਨੂੰ ਅੱਗੇ ਵਧਾਉਂਦੀ ਹੈ। ਉਹ ਇਸਤਰੀ ਦੇ ਸਨਮਾਨ ਦੀ ਗੱਲ ਤੋਰਦੇ ਫਰਮਾਉਂਦੇ ਹਨ ਕਿ ਜਿਸ ਇਸਤਰੀ ਕੁੱਖੋਂ ਰਾਜੇ ਮਹਾਰਾਜੇ ਪੈਦਾ ਹੁੰਦੇ ਹੋਣ ਉਸ ਨੂੰ ਮੰਦਾ ਕਿਸ ਤਰ੍ਹਾਂ ਆਖਿਆ ਜਾ ਸਕਦਾ ਹੈ: ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥ ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥ ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ॥

ਉਨ੍ਹਾਂ ਨੇ ਇਸਤਰੀ ਨੂੰ ਇਸ ਸੰਸਾਰ ਦੀ ਉਤਪਤੀ ਦੇ ਸਰੋਤ ਵਜੋਂ ਸਲਾਹਉਂਦਿਆਂ ਇਸਤਰੀ ਤੋਂ ਇਸਤਰੀ ਦੀ ਉਪਜ ਨੂੰ ਵੀ ਬਿਆਨ ਕੀਤਾ ਹੈ। ਇਸਤਰੀ ਤੋਂ ਬਿਨਾਂ ਜਨਮ ਅਸੰਭਵ ਹੋਣ ਦੀ ਗੱਲ ਕੀਤੀ ਹੈ। ਸਿਰਫ਼ ਇਕ ਅਵਿਨਾਸ਼ੀ ਪਰਮੇਸ਼ਰ ਹੀ ਹੈ, ਜਿਸ ਦੀ ਹੋਂਦ ਇਸਤਰੀ ਤੋਂ ਬਿਨਾਂ ਆਪਣੇ ਆਪ (ਸੈਭੰ) ਹੈ।

ਸਮਾਜ ਵਿਚ ਜਿਵੇਂ ਕਿ ਜਾਤਪਾਤ ਦੇ ਆਧਾਰ 'ਤੇ ਨੀਵੀਂਆਂ ਜਾਤਾਂ ਨਾਲ ਸਬੰਧਿਤ ਇਨਸਾਨਾਂ ਨਾਲ ਮਤਭੇਦਾਂ ਜ਼ਰੀਏ ਅਨਿਆਂ ਕੀਤਾ ਜਾਂਦਾ ਰਿਹਾ ਹੈ, ਉਸੇ ਹੀ ਤਰ੍ਹਾਂ ਸਾਡੇ ਸਮਾਜ ਵਿਚ ਇਸਤਰੀ ਨੂੰ ਛੋਟੇ ਤੇ ਅਪਵਿੱਤਰ ਸਮਝਣ ਦੀ ਕੁਰੀਤੀ ਵੀ ਪ੍ਰਚੱਲਿਤ ਰਹੀ ਹੈ। ਗੁਰੂ ਸਾਹਿਬ ਨੇ ਇਸ ਨੂੰ ਕੋਰੀ ਅਗਿਆਨਤਾ ਤੇ ਮੂਰਖਤਾ ਦਰਸਾਇਆ ਹੈ। ਔਰਤ ਨੂੰ ਸਿਰਫ਼ ਔਰਤ ਹੋਣ ਦੇ ਨਾਤੇ ਹੀਣ ਮੰਨਣ ਨੂੰ ਗੁਰੂ ਸਾਹਿਬ ਨੇ ਉਪਰੋਕਤ ਅੰਕਿਤ ਸਲੋਕ ਵਿਚ ਤਰਕ-ਸਹਿਤ ਖੰਡਨ ਕੀਤਾ ਹੈ।

ਸਮੁੱਚੇ ਰੂਪ ਵਿਚ ਗੁਰੂ ਨਾਨਕ ਜੀ ਦਾ ਜੀਵਨ ਤੇ ਬਾਣੀ ਮੱਧਕਾਲੀ ਭਾਰਤੀ ਸਮਾਜ ਵਿਚਲੀਆਂ ਤਮਾਮ ਕੁਰੀਤੀਆਂ ਤੇ ਉਨ੍ਹਾਂ ਤੋਂ ਮੁਕਤੀ ਦੇ ਸਾਧਨ ਦਾ ਹੱਲ ਦਰਸਾਉਂਦੀਆਂ ਹਨ। ਉਨ੍ਹਾਂ ਦੀ ਬਾਣੀ ਤੇ ਕਰਨੀ ਦੇ ਸਿਧਾਂਤ ਦੀ ਵਿਲੱਖਣਤਾ ਇਨ੍ਹਾਂ ਦੇ ਆਰੰਭੇ ਸਮਾਜਿਕ ਇਨਕਲਾਬ ਦੀ ਅਦੁੱਤੀ ਮਿਸਾਲ ਹੈ, ਜਿਸ ਰਾਹੀਂ ਉਨ੍ਹਾਂ ਨੇ ਆਪਣੇ ਸਮਕਾਲੀ ਸਰੋਕਾਰਾਂ ਨਾਲ ਸਿੱਧੇ ਤੌਰ 'ਤੇ ਜੂਝਦਿਆਂ ਸੱਚ ਦੇ ਮਾਰਗ ਦੀ ਪੈਰਵੀ ਕੀਤੀ।

ਉਨ੍ਹਾਂ ਨੇ ਭਗਤੀ ਦੀ ਗੱਲ ਕੀਤੀ, ਪਰ ਉਹ ਭਗਤੀ ਕਿਸੇ ਵੀ ਪੱਖ ਤੋਂ ਸਮਾਜਿਕ, ਆਰਥਿਕ ਤੇ ਰਾਜਨੀਤਕ ਪਹਿਲੂਆਂ ਤੋਂ ਸੱਖਣੀ ਨਹੀਂ ਰੱਖੀ ਗਈ। ਭਗਤੀ ਨੂੰ ਜੀਵਨ ਵਿਚ ਰੱਖ ਕੇ ਪੇਸ਼ ਕੀਤਾ ਗਿਆ ਤੇ ਜੋ ਉਸਦਾ ਮਾਰਗ ਨਿਰਧਾਰਤ ਕੀਤਾ, ਉਹ ਸੰਸਾਰੀ ਵਿਹਾਰ ਨੂੰ ਉੱਤਮ ਤਰੀਕੇ ਨਾਲ ਚਲਾਉਂਦੇ ਹੋਏ 'ਕਿਛੁ ਸੁਣੀਐ ਕਿਛੁ ਕਹੀਐ' ਦੇ ਕਥਨ ਅਨੁਸਾਰ ਸੰਸਾਰ ਤੋਂ ਬੇਖ਼ਬਰ ਤੇ ਬੇਮੁਖ ਨਾ ਹੁੰਦੇ ਹੋਏ ਉਸਨੂੰ ਅਧਿਆਤਮਵਾਦ ਦੇ ਨਾਲ-ਨਾਲ ਜੀਵਨ ਪੱਧਤੀ ਦੇ ਉਥਾਨ ਦਾ ਮੁੱਖ ਕੇਂਦਰ ਬਣਾਇਆ। ਭਗਤੀ ਨੂੰ ਸਮਾਜਿਕ ਸੰਦਰਭ ਵਿਚ ਪੇਸ਼ ਕਰਕੇ ਲੋਕਪੱਖੀ ਰਾਜਨੀਤੀ ਤੇ ਅਰਥ-ਵਿਵਸਥਾ ਦੀ ਸਥਾਪਤੀ ਦਾ ਸਿਧਾਂਤ ਹੀ ਨਾਨਕਬਾਣੀ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਭਗਤੀ ਲਹਿਰ ਦੇ ਪ੍ਰਭੂ ਭਗਤੀ ਦੇ ਸਿਧਾਂਤ ਤੋਂ ਅਲੱਗ ਕਰਦਾ ਹੈ।

ਬਾਬਾ ਜੀ ਨੇ ਦੱਸਿਆ ਕਿ ਗੱਲੀਂ ਭੇਖੀਂ ਰੱਬ ਨਹੀਂ ਮਿਲਦਾ; ਗ੍ਰਹਿਸਥੀ ਵਿਚ ਰਹਿੰਦਿਆਂ ਸੱਚੇ ਮਾਰਗ ਚੱਲਦਿਆਂ ਚੰਗੇਰਾ ਜੀਵਨ ਨਿਰਬਾਹ ਹੁੰਦਾ ਹੈ, ਜਿਸਦੀ ਲੋਕ ਤੇ ਪਰਲੋਕ ਦੋਵਾਂ 'ਚ ਉਸਤਤ ਹੁੰਦੀ ਹੈ।

ਬਾਬਾ ਨਾਨਕ ਸੌੜੀ ਰਾਜਨੀਤੀ 'ਤੇ ਤਿੱਖਾ ਪ੍ਰਤੀਕਰਮ ਕਰਦੇ ਹੋਏ 'ਰਾਜੇ ਸੀਹ ਮੁਕਦਮ ਕੁਤੇ' ਰਾਹੀਂ ਭਗਤੀ ਤੇ ਰਾਜਨੀਤੀ ਨੂੰ ਸਹੀ ਮਾਅਨਿਆਂ ਵਿਚ ਸੱਚ ਦੀ ਲੋਅ ਵਿਚ ਪੇਸ਼ ਕਰਦੇ ਹਨ। ਬਾਬਾ ਨਾਨਕ ਦਾ ਪੂਰਾ ਜੀਵਨ ਤੇ ਸਿੱਖਿਆਵਾਂ ਸਮਾਜਿਕ ਨਿਆਂ ਤੇ ਔਰਤ ਦੀ ਬਰਾਬਰੀ ਨੂੰ ਮੁੱਖ ਰੱਖਦਿਆਂ ਰੂਹਾਨੀਅਤ ਦੀ ਪਿੱਠਭੂਮੀ ਵਜੋਂ ਇਨ੍ਹਾਂ ਦੀ ਅਹਿਮੀਅਤ ਦਰਸਾਉਂਦੀਆਂ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਯੂਬਾ ਸਿਟੀ ਦੇ 45ਵੇਂ ਸਾਲਾਨਾ ਮਹਾਨ ਨਗਰ ਕੀਰਤਨ ਵਿੱਚ ਸੰਗਤਾਂ ਦੇ ਭਾਰੀ ਇਕੱਠ

## ਅਮਰੀਕਾ ਦੀ ਖੁਫੀਆ ਏਜੰਸੀ ਐਫਬੀਆਈ ਵੱਲੋਂ ਚੇਤਾਵਨੀ ਦੇਣ ਦੇ ਬਾਵਜੂਦ ਵੀ ਸੰਗਤਾਂ ਦਾ ਭਾਰੀ ਇਕੱਠ











**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਵਿਸ਼ਵ ਪੱਧਰ ਤੇ ਜਾਣੇ ਜਾਂਦੇ ਯੂਬਾ ਸਿਟੀ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਸਲਾਨਾ ਮਹਾਨ ਨਗਰ ਕੀਰਤਨ ਵਿੱਚ ਐਤਕਾਂ ਵੀ ਸੰਗਤਾਂ ਦਾ ਅਥਾਹ ਇਕੱਠ ਦੇਖਣ ਨੂੰ ਮਿਲਿਆ। ਭਾਵੇਂ ਕਿ ਅਮਰੀਕਾ ਦੀ ਖੁਫੀਆ ਏਜੰਸੀ ਐਫ ਵੀ ਆਈ ਵੱਲੋਂ ਇਹ ਚੇਤਾਵਨੀ ਦਿੱਤੀ ਗਈ ਸੀ ਕਿ ਜੂਬਾ ਸਿਟੀ ਨਗਰ ਕੀਰਤਨ ਵਿੱਚ ਕੋਈ ਬਾਹਰੋਂ ਜਾਂ ਅੰਦਰੋਂ ਸ਼ਰਾਰਤ ਕਰਕੇ ਸੰਗਤਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਫਿਰ ਵੀ ਇਸ ਦੇ ਬਾਵਜੂਦ ਸੰਗਤਾਂ ਦਾ ਪਿਛਲੇ ਵਰ੍ਹੇ ਨਾਲੋਂ ਜਿਆਦਾ ਇਕੱਠ ਦੇਖਣ ਨੂੰ ਮਿਲਿਆ ਇਸ ਦੌਰਾਨ ਪਿਛਲੇ ਵਰ੍ਹੇ ਨਾਲੋਂ ਜਿਆਦਾ ਸਿਕਿਉਰਟੀ ਤੇ ਰਸਤਿਆਂ ਨੂੰ ਪਹਿਲਾਂ ਹੀ ਬੰਦ ਕਰ ਦਿੱਤਾ ਗਿਆ ਸੀ ਇਸ ਮੌਕੇ ਘੋੜ ਸਵਾਰ ਸਿਕਿਉਰਟੀ, ਹਵਾਈ ਸਿਕਿਉਰਟੀ ਤੇ ਸਥਾਨਕ ਪੁਲਿਸ ਸ਼ੈਰਫ ਤੇ ਹੋਰ ਖੁਫੀਆ ਏਜੰਸੀਆਂ ਵੀ ਇਸ ਨਗਰ ਕੀਰਤਨ ਵਿੱਚ ਪੈਰਵਾਈ ਕਰਦੀਆਂ ਨਜ਼ਰ ਆਈਆਂ।

ਇਸ ਨਗਰ ਕੀਰਤਨ ਇਸ ਨਗਰ ਕੀਰਤਨ ਦਾ ਇੰਤਜਾਮ ਕਰੀਬ ਇੱਕ ਮਹੀਨੇ ਤੋਂ ਸ਼ੁਰੂ ਸੀ ਤੇ ਵੱਖ ਵੱਖ ਪੜਾਵਾਂ ਵਿੱਚੋਂ ਗੁਜਰਦਾ ਹੋਇਆ ਅੱਜ ਵਿਸ਼ਾਲ ਨਗਰ ਕੀਰਤਨ ਦੇ ਰੂਪ ਵਿੱਚ ਸਮਾਪਤ ਹੋ ਗਿਆ। ਸਿੱਖ ਟੈਂਪਲ ਗੁਰਦੁਆਰਾ ਸਾਹਿਬ ਜੂਬਾ ਸਿਟੀ ਦਾ 45ਵੇਂ ਇਸ ਸਲਾਨਾ ਮਹਾਨ ਨਗਰ ਕੀਰਤਨ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 6 ਸਤੰਬਰ ਤੋਂ ਸ਼ੁਰੂ ਹੋਈ ਤੇ ਤਿੰਨ ਨਵੰਬਰ ਨੂੰ ਨਗਰ ਕੀਰਤਨ ਦੇ ਨਾਲ ਸਮਾਪਤ ਹੋਈ। ਕਰੀਬ ਇੱਕ ਮਹੀਨੇ ਤੋਂ ਰਾਗੀ ਢਾਡੀ ਜਥਿਆਂ ਅਤੇ ਪ੍ਰਚਾਰਕਾਂ ਨੇ ਸੰਗਤਾਂ ਨੂੰ ਅਲਾਹੀ ਬਾਣੀ ਨਾਲ ਜੋੜਿਆ ਰੱਖਿਆ, ਇਸ ਦੌਰਾਨ ਕੀਰਤਨੀ ਜਥਿਆਂ ਦੇ ਵਿੱਚ ਭਾਈ ਸਿਮਰਨ ਪ੍ਰੀਤ ਸਿੰਘ ਸ੍ਰੀ ਦਰਬਾਰ ਸਾਹਿਬ ਭਾਈ ਬਲਵਿੰਦਰ ਸਿੰਘ ਲੋਪੋਕੇ ਸ੍ਰੀ ਦਰਬਾਰ ਸਾਹਿਬ, ਭਾਈ ਜਸਪ੍ਰੀਤ ਸਿੰਘ ਸ੍ਰੀ ਫਤਿਹਗੜ੍ਹ ਸਾਹਿਬ, ਕਥਾਵਾਚਕ ਤੌਰ ਤੇ ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲੇ ਢਾਡੀ ਤੌਰ ਤੇ ਸਰੂਪ ਸਿੰਘ ਕੜਿਆਣਾ ਆਦਿ ਨੇ ਇਸ ਮਹਾਨ ਧਾਰਮਿਕ ਕੁੰਭ ਵਿੱਚ ਹਿੱਸਾ ਪਾਇਆ। ਇਸੇ ਦੌਰਾਨ ਵਿਸ਼ੇਸ਼ ਕੀਰਤਨ ਸਮਾਗਮ 20 ਅਕਤੂਬਰ ਨੂੰ ਕਰੀਬ 6 ਵਜੇ ਤੋਂ ਲੈ ਕੇ ਰਾਤ ਦੇ 10 ਵਜੇ ਤੱਕ ਹਰ ਰੋਜ਼ ਹੁੰਦਾ ਰਿਹਾ। ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ ਅਕਤੂਬਰ 12 ਅਤੇ 13 ਨੂੰ ਹੋਇਆ ਤੇ ਵਿਸ਼ੇਸ਼ ਢਾਡੀ ਦਰਬਾਰ ਅਤੇ ਸ਼ਹੀਦੀ ਦਿਵਸ 25 ਅਕਤੂਬਰ ਨੂੰ ਮਨਾਇਆ ਗਿਆ, ਰੈਣ ਸਬਾਈ ਕੀਰਤਨ 2 ਨਵੰਬਰ ਨੂੰ ਦਿਨ ਸ਼ਨੀਵਾਰ ਨੂੰ ਕਰਵਾਇਆ ਗਿਆ ਜਿਸ ਵਿੱਚ ਸਮੂਹ ਰਾਗੀ ਢਾਡੀਆਂ ਨੇ ਹਿੱਸਾ ਲਿਆ ਇੱਕ ਨਵੰਬਰ ਦਿਨ ਸ਼ੁਕਰਵਾਰ ਨੂੰ ਵੱਡੀ ਪੱਧਰ ਤੇ ਆਤਿਸ਼ਬਾਜ਼ੀ ਕੀਤੀ ਗਈ ਦੋ ਨਵੰਬਰ ਨੂੰ ਅੰਮ੍ਰਿਤ ਸੰਚਾਰ ਕਰਵਾਇਆ ਗਿਆ 2 ਨਵੰਬਰ ਨੂੰ ਹੀ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਕੀਤੀ ਗਈ ਤਿ ਨਵੰਬਰ ਨੂੰ ਭੋਗ ਤੇ ਕੀਰਤਨ ਦਰਬਾਰ ਹੋਇਆ ਤੇ ਅੱਜ ਹੀ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ।ਇਸ ਵਿਸ਼ਾਲ ਨਗਰ ਕੀਰਤਨ ਦੀ ਖਾਸੀਅਤ ਇਹ ਹੈ ਕਿ ਇਸ ਨਗਰ ਕੀਰਤਨ ਵਿੱਚ ਵਿਸ਼ਵ ਪੱਧਰ ਤੋਂ ਲੋਕ ਸ਼ਾਮਿਲ ਹੁੰਦੇ ਹਨ ਤੇ ਵੱਖ-ਵੱਖ ਭਾਈਚਾਰੇ ਦੇ ਲੋਕ ਜਿਹਨਾਂ ਵਿੱਚ ਕਾਲੇ, ਚੀਨੇ, ਫਿਲਪੀਨੋ ਨੇ ਮੈਕਸੀਕਨ ਮੂਲ ਦੇ ਲੋਕ ਵੀ ਸ਼ਾਮਿਲ ਹੁੰਦੇ ਹਨ। ਸ਼ਨੀਵਾਰ ਨੂੰ ਸਜੇ ਦੀਵਾਨਾਂ ਦੇ ਵਿੱਚ ਵੱਖ-ਵੱਖ ਸਿੱਖ ਆਗੂਆਂ ਤੇ ਅਮਰੀਕਨ ਇਲੈਕਟਡ ਆਗੂਆਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ ਖਾਸ ਤੌਰ ਤੇ ਸਿੱਖ ਆਗੂਆਂ ਵਿੱਚ ਡਾਕਟਰ ਅਮਰਜੀਤ ਸਿੰਘ ਡਾਕਟਰ ਪ੍ਰਿਤਪਾਲ ਸਿੰਘ ਸ਼੍ਰੋਮਣੀ ਅਕਾਲੀ ਦਲ ਮਾਨ ਦੇ ਆਗੂ ਪਵਨ ਸਿੰਘ ਖਾਲਸਾ ਇਸ ਤੋਂ ਇਲਾਵਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਸਰਬਜੀਤ ਸਿੰਘ ਥਿਆੜਾ ਨੇ ਵੀ ਵਿਚਾਰ ਰੱਖੇ। ਇਸ ਦੌਰਾਨ ਵੱਖ-ਵੱਖ ਖੇਤਰਾਂ ਦੇ ਵਿੱਚ ਪਾਏ ਯੋਗਦਾਨ ਬਦਲੇ ਵੱਖ ਵੱਖ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ ਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਪਲੈਕਾਂ ਦੇ ਕੇ ਤੇ ਸਿਰੋਪਾ ਦੇ ਕੇ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ। ਇੱਥੇ ਦੱਸ ਦਈਏ ਕਿ ਐਤਕਾਂ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਤੱਕ ਪਹੁੰਚਣ ਲਈ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਐਤਕਾਂ ਐਫਬੀਆਈ ਵੱਲੋਂ ਸਖਤ ਹਦਾਇਤਾਂ ਕਰਕੇ ਕਈ ਰਸਤਿਆਂ ਨੂੰ ਬੰਦ ਕਰ ਦਿੱਤਾ ਗਿਆ ਸੀ ਤੇ ਕਈ ਰਸਤਿਆਂ ਦੇ ਰੂਟ ਬਦਲੇ ਗਏ, ਇਸ ਤੋਂ ਇਲਾਵਾ ਵੱਖ-ਵੱਖ ਸਿਕਿਉਰਟੀ ਤੇ ਕਈ ਵਾਰ ਕਈ ਬੰਦਸ਼ਾਂ ਵਿੱਚੋਂ ਸੰਗਤਾਂ ਨੂੰ ਗੁਜਰਨਾ ਪਿਆ।

ਸਿੱਖ ਭਾਈਚਾਰੇ ਤੋਂ ਇਲਾਵਾ ਬਾਕੀ ਭਾਈਚਾਰਿਆਂ ਦੇ ਲੋਕ ਵੀ ਇਸ ਨਗਰ ਕੀਰਤਨ ਵਿੱਚ ਖਰੀਦੋ ਫਰੋਖਤ ਅਤੇ ਵੱਖ-ਵੱਖ ਲੰਗਰਾਂ ਦਾ ਸਵਾਦ ਚੱਖਦੇ ਦੇਖੇ ਗਏ। ਇਸ ਵਿਸ਼ਾਲ ਨਗਰ ਕੀਰਤਨ ਦੀ ਅਗਵਾਈ ਪੰਜਾਂ ਪਿਆਰਿਆਂ ਦੀ ਰਹਿਨੁਮਾਈ ਹੇਠ ਹੋਈ ਇਸ ਦੌਰਾਨ ਵੱਖ-ਵੱਖ ਫਲੋਟਾਂ ਦੇ ਵਿੱਚ ਸਵਾਰ ਸੰਗਤਾਂ ਨੇ ਸ਼ਬਦ ਕੀਰਤਨ ਦਾ ਗਾਇਨ ਕੀਤਾ ਤੇ ਵੱਖ ਵੱਖ ਜੁਝਾਰੂ ਫਲੋਟਾਂ ਤੋਂ ਸ਼ਹੀਦਾਂ ਦੀਆਂ ਗੱਲਾਂ ਹੁੰਦੀਆਂ ਰਹੀਆਂ ਤੇ ਕੌਮ ਦੇ ਜੁਝਾਰੂਆਂ ਪ੍ਰਤੀ ਵੱਖ-ਵੱਖ ਬੁਲਾਰਿਆਂ ਨੇ ਉਹਨਾਂ ਨੂੰ ਸਮਰਪਿਤ ਵਿਚਾਰ ਰੱਖੇ। ਗੁਰੂ ਘਰ ਦੇ ਪ੍ਰਬੰਧਕਾਂ ਨੂੰ ਤੇ ਸਥਾਨਕ ਸਿੱਖ ਸੰਗਤਾਂ ਨੂੰ ਉਸ ਵੇਲੇ ਸੁੱਖ ਦਾ ਸਾਹ ਆਇਆ ਜਦੋਂ ਇਹ ਅੱਜ ਦਾ ਦਿਨ ਸੁੱਖੀ ਸਾਂਦੀ ਗੁਜ਼ਰ ਗਿਆ ਕੋਈ ਅਣਸ ਸੁਖਾਵੀ ਘਟਨਾ ਨਹੀਂ ਹੋਈ।

**(ਹੋਰ ਤਸਵੀਰਾਂ ਅਗਲੇ ਸਫਿਆਂ ‘ਤੇ)**

SKY TRANSPORT SOLUTIONS
STRIVE FOR MORE
We Provide ALL TRUCKING RELATED PERMITS AND SERVICES
CALL NOW
SPECIAL BIT INSPECTION AND DOT AUDIT COMPLIANCE:
209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

WE ARE OPEN 7 DAYS A WEEK
9:00 am to 8:30 pm
HAPPY BAZAAR
Indian, Pakistani & Fijjian Groceries
RENT DVDS & BUY CLOTHES | We sell Air Tickets
CALL US NOW
Ph: (209) 478-0285
Fax: (209) 477-3206
1304 E Hammer Lane # 7 Stockton CA 95212
EMAIL: indiabazaar08@yahoo.com

# ਯੂਬਾ ਸਿਟੀ ਦੇ 45ਵੇਂ ਸਾਲਾਨਾ ਮਹਾਨ ਨਗਰ ਕੀਰਤਨ ਵਿੱਚ ਸੰਗਤਾਂ ਦੇ ਭਾਰੀ ਇਕੱਠ













ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)







# ਯੂਬਾ ਸਿਟੀ ਦੇ 45ਵੇਂ ਸਾਲਾਨਾ ਮਹਾਨ ਨਗਰ ਕੀਰਤਨ ਵਿੱਚ ਸੰਗਤਾਂ ਦੇ ਭਾਰੀ ਇਕੱਠ












ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)





























# ਨਿਰਭਓ ਤੇ ਨਿਆਂ ਮਾਰਚ 350 ਮੀਲ ਦਾ ਪੈਂਡਾ ਤੈਅ ਕਰਕੇ ਬੇਕਰਸਫੀਲਡ ਤੋਂ ਸੈਕਰਾਮੈਂਟੋ ਦੇ ਕੈਪੀਟਲ ਤੇ ਸਮਾਪਤ






**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** 1984 ਦੇ ਕਤਲੇਆਮ ਦੀ ਯਾਦ ਨੂੰ ਤਾਜਾ ਕਰਨ ਦੇ ਉਨਾਂ ਸ਼ਹੀਦਾਂ ਦੇ ਪਰਿਵਾਰਾਂ ਨੂੰ ਨਿਆਂ ਦੁਅਵਾਉਣ ਲਈ ਜੈਕਾਰਾ ਮੂਵਮੈਂਟ ਦੀ ਰਹਿਨੁਮਾਈ ਹੇਠ ਸਿੱਖਾਂ ਦਾ ਕਾਫਲਾ ਬੇਕਰਸਫੀਲਡ ਤੋਂ ਸੈਕਰਾਮੈਂਟੋ ਦੇ ਕੈਪੀਟਲ ਤੱਕ ਪਿਛਲੇ ਤਿੰਨ ਹਫ਼ਤਿਆਂ ਤੋਂ 350 ਮੀਲ ਪੈਦਲ ਚੱਲਣ ਤੋਂ ਬਾਅਦ ਰਾਜਧਾਨੀ ਤੇ ਇਕੱਠ ਨਾਲ ਸਮਾਪਤ ਹੋ ਗਿਆ, ਜਿਸ ਵਿੱਚ ਵੱਖ ਵੱਖ ਪੰਥਕ ਬੁਲਾਰਿਆਂ ਤੇ ਕੈਲੀਫੋਰਨੀਆਂ ਸਿਆਸੀ ਆਗੂਆਂ ਤੇ ਆਫੀਸਲਜ ਨੇ ਸ਼ਿਰਕਤ ਕੀਤੀ ਇਸ ਦੌਰਾਨ ਬੁਲਾਰਿਆਂ ਨੇ ਕੈਲੀਫੋਰਨੀਆ ਦੇ ਗਵਰਨਰ ਨੂੰ ਸਿੱਖਾਂ ਨੂੰ ਮਿਲ ਰਹੀਆਂ ਧਮਕੀਆਂ ਤੋਂ ਬਚਾਉਣ ਲਈ ਕਿਹਾ ਤੇ ਸਿੱਖਾਂ ਦੇ ਹੋ ਰਹੇ ਕਤਲਾਂ ਤੋਂ ਜਾਣੂ ਕਰਵਾਇਆ। ਇਹ ਨਿਆਂ ਮਾਰਚ ਬੇਕਰਸਫੀਲਡ ਤੋਂ ਹੁੰਦਾ ਹੋਇਆ ਫਰਿਜਨੋ, ਮਨਟੀਕਾ, ਟਰਲਕ, ਸਟਾਕਟਨ, ਲੋਡਾਈ, ਸੈਕਰਾਮੈਂਟੋ ਦੇ ਬਰਾਡਸ਼ਾਅ ਤੇ ਵੈਸਟ ਸੈਕਰਾਮੈਂਟੋ ਦੇ ਗੁਰਦੁਆਰਾ ਸਾਹਿਬ ਵਿੱਚੋਂ ਗੁਜਰਿਆ। ਕੈਲੀਫੋਰਨੀਆ ਸਿਆਸੀ ਤੇ ਸਿੱਖ ਆਗੂਆਂ ਦੀ ਰਹਿਨੁਮਾਈ ਹੇਠ ਕੈਪੀਟਲ ਤੇ ਪਹੁੰਚਿਆ। ਵੱਖ ਵੱਖ ਪੜਾਵਾਂ ਤੇ ਨੌਜੁਆਨ ਸਿੱਖ ਆਗੂ ਭਾਈ ਮਨਦੀਪ ਸਿੰਘ, ਰਾਜਕਰਨਦੀਪ ਸਿੰਘ, ਸਰਬਜੀਤ ਸਿੰਘ, ਨੈਨਦੀਪ ਸਿੰਘ ਅਦਿ ਨੇ ਆਪਣੇ ਵਿਚਾਰ ਰੱਖੇ। ਇਸ ਮੌਕੇ ਗਿਆਨੀ ਮਹਿਲ ਸਿੰਘ ਚੰਡੀਗੜ ਵਾਲਿਆਂ ਨੇ ਜੁਝਾਰੂ ਵਾਰਾਂ ਰਾਹੀਂ ਵੱਖ ਵੱਖ ਪੜਾਵਾਂ ਤੇ ਸੰਗਤਾਂ ਨਾਲ ਸਾਂਝ ਪਾਉਂਦੇ ਰਹੇ। ਸੈਕਰਾਮੈਂਟੋ ਕੈਪੀਟਲ ਉਤੇ ਹੋਏ ਇੱਕਠ ਵਿੱਚ ਪ੍ਰਮੁਖ ਤੌਰ ਤੇ ਸ਼ਾਮਿਲ ਹੋਏ ਬੁਲਾਰਿਆਂ ਚ ਸਟੇਟ ਸਨੇਟਰ ਐਨਾ ਕੈਬਲੇਰੋ, ਅਸੈਂਬਲੀ ਵੋਮੈਨ ਜਸਮੀਤ ਕੌਰ ਬੈਂਸ, ਸੇਟਟ ਅਸੈਂਬਲੀ ਮੈਂਬਰ ਏਸਮੇਰੇਲਡੋ ਸੋਰੀਆ, ਸਿਵਲ ਰਾਈਟਸ ਆਈਕੋਨ ਡੋਲੋਰਸ ਹੋਰਟਾ, ਸੈਕਰਾਮੈਂਟੋ ਮੇਅਰ ਡੈਰਲ ਸਟਾਈਨਬਰਗ, ਸੈਕਰਾਮੈਂਟੋ ਯੂਨੀਫਾਈਡ ਸਕੂਲ ਡਿਸਟ੍ਰਿਕ ਵਾਈਸ ਪ੍ਰੈਜੀਡੈਂਟ ਚੀਨੂਆ ਰਹੋਡਸ, ਯੂਨੀਫਾਈਡ ਸਕੂਲ ਡਿਸਟ੍ਰਿਕ ਵਾਈਸ ਪ੍ਰੈਜੀਡੈਂਟ ਜਸਜੀਤ ਸਿੰਘ ਤੋਂ ਇਲਾਵਾ ਪ੍ਰਬੰਧਕ ਆਗੂਆਂ ਨੇ ਵੀ ਵੱਖ ਵੱਖ ਵਿਚਾਰ ਰੱਖੇ। ਇਹ ਮਾਰਚ ਜਿਆਦਾਤਰ ਭਾਰਤ ਵਿੱਚ 1984 ਦੀ ਨਸਲਕੁਸ਼ੀ ਦੀ 40ਵੀਂ ਵਰ੍ਹੇਗੰਢ ਨੂੰ ਮਨਾਉਣ 'ਤੇ ਕੇਂਦਰਿਤ ਸੀ ਜਿਸ ਵਿੱਚ ਹਜ਼ਾਰਾਂ ਸਿੱਖਾਂ ਨੂੰ ਮਾਰਿਆ ਗਿਆ ਸੀ, ਜਿਸ ਕਾਰਨ ਹਜ਼ਾਰਾਂ ਲੋਕਾਂ ਨੇ ਅਮਰੀਕਾ ਵਿੱਚ ਸ਼ਰਨ ਲਈ ਸੀ, ਪਰ ਮੌਜੂਦਾ ਘਟਨਾਵਾਂ ਨੇ ਸਿਆਸੀ ਆਗੂਆਂ ਦੇ ਧਿਆਨ ਨੂੰ ਬਦਲ ਕੇ ਰੱਖ ਦਿੱਤਾ ਹੈ। ਕੈਲੀਫੋਰਨੀਆ, ਨਿਊਯਾਰਕ ਅਤੇ ਕੈਨੇਡਾ ਵਿੱਚ ਸਿੱਖ ਆਗੂਆਂ ਨੂੰ ਨਿਸ਼ਾਨਾ ਬਣਾ ਕੇ ਭਾਰਤ ਸਰਕਾਰ ਦੁਆਰਾ ਕਤਲ ਦੀਆਂ ਸਾਜ਼ਿਸ਼ਾਂ ਦਾ ਖੁਲਾਸਾ ਕਰਨ ਵਾਲੀਆਂ ਯੂਐਸ ਅਤੇ ਕੈਨੇਡੀਅਨ ਖੁਫੀਆ ਏਜੰਸੀਆਂ ਦੀਆਂ ਰਿਪੋਰਟਾਂ ਨੇ, ਮਾਰਚ ਨੂੰ ਅੰਤਰ-ਰਾਸ਼ਟਰੀ ਜਬਰ ਵਿਰੁੱਧ ਇੱਕ ਨਾਗਰਿਕਾਂ ਦੇ ਅਧਿਕਾਰਾਂ ਦੇ ਪ੍ਰਦਰਸ਼ਨ ਵਿੱਚ ਬਦਲ ਦਿੱਤਾ। ਜਿਵੇਂ ਹੀ ਮਾਰਚ ਬੁੱਧਵਾਰ ਨੂੰ ਐਲਕ ਗਰੋਵ ਵਿੱਚ ਦਾਖਲ ਹੋਇਆ, ਮੇਅਰ ਬੌਬੀ ਸਿੰਘ ਐਲਨ, ਮਾਰਚ ਕਰਨ ਵਾਲਿਆਂ ਦੇ ਨਾਲ ਸ਼ਾਮਿਲ ਹੋ ਗਈ, ਐਲਨ ਨੇ ਕਿਹਾ, "ਮੈਂ ਹਮੇਸ਼ਾ ਆਪਣੇ ਲੋਕਾਂ ਨਾਲ ਖੜ੍ਹੀ ਰਹਾਂਗੀ। "ਅਸੀਂ ਇਤਿਹਾਸ ਨੂੰ ਯਾਦ ਕਰ ਰਹੇ ਹਾਂ, ਪਰ ਅੱਜ ਜੋ ਹੋ ਰਿਹਾ ਹੈ ਉਹ ਡਰਾਉਣਾ ਹੈ। ਲੋਕ ਮਰ ਰਹੇ ਹਨ ਅਤੇ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਕੈਲੀਫੋਰਨੀਆ ਵਿੱਚ ਭਾਰਤੀ ਮੂਲ ਦੇ ਲਗਭਗ 40% ਲੋਕ ਸਿੱਖ ਹਨ, ਜ਼ਿਆਦਾਤਰ ਸੈਂਟਰਲ ਵੈਲੀ ਵਿੱਚ ਵਸੇ ਹੋਏ ਹਨ, ਭਾਰਤ ਵਿੱਚ ਉਹ ਘੱਟ ਗਿਣਤੀ ਹਨ, ਜਿਸ ਵਿੱਚ ਆਬਾਦੀ ਦਾ 2% ਹੈ। ਬੁਲਾਰਿਆਂ ਨੇ ਕਿਹਾ ਕਿ ਹਿਊਮਨ ਰਾਈਟਸ ਵਾਚ ਦੇ ਅਨੁਸਾਰ, ਸੱਤਾਧਾਰੀ ਭਾਜਪਾ ਪਾਰਟੀ ਦੀ ਹਿੰਦੂਤਵ ਵਜੋਂ ਜਾਣੀ ਜਾਂਦੀ ਹਿੰਦੂ ਸਰਵਉੱਚਤਾ ਦੀ ਅਤਿ-ਰਾਸ਼ਟਰਵਾਦੀ ਹਿੰਦੂ ਵਿਚਾਰਧਾਰਾ ਨੇ ਸਿੱਖਾਂ ਸਮੇਤ ਧਾਰਮਿਕ ਘੱਟ ਗਿਣਤੀਆਂ ਵਿਰੁੱਧ ਹਿੰਸਾ ਨੂੰ ਵਧਾਇਆ ਅਤੇ ਉਤਸ਼ਾਹਿਤ ਕੀਤਾ ਹੈ। ਕੈਲੀਫੋਰਨੀਆ ਦੇ ਅੰਦਾਜ਼ਨ 250,000 ਸਿੱਖਾਂ ਕੋਲ ਘਬਰਾਉਣ ਦੇ ਬਹੁਤ ਸਾਰੇ ਕਾਰਨ ਹਨ। ਪਿਛਲੇ ਮਹੀਨੇ, ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ ਦੇ ਚੋਟੀ ਦੇ ਡਿਪਲੋਮੈਟ ਅਤੇ ਛੇ ਹੋਰ ਕੌਂਸਲਰ ਅਤੇ ਦੂਤਾਵਾਸ ਅਧਿਕਾਰੀਆਂ ਨੂੰ ਇੱਕ ਸਿੱਖ ਨੇਤਾ ਦੇ ਕਤਲ, ਹੋਰ ਕਤਲਾਂ ਅਤੇ ਧਮਕੀਆਂ ਦੇਣ ਦੀਆਂ ਕਾਰਵਾਈਆਂ ਦੇ ਨਾਲ ਕਥਿਤ ਭੂਮਿਕਾ ਲਈ ਕੱਢ ਦਿੱਤਾ ਸੀ। ਜੂਨ 2023 ਵਿੱਚ, ਸਿੱਖ ਆਗੂ ਹਰਦੀਪ ਸਿੰਘ ਨਿੱਝਰ, ਇੱਕ ਸ਼ਰਧਾਲੂ ਸਿੱਖ, ਜਿਸਨੇ ਖਾਲਿਸਤਾਨ ਦੀ ਵਕਾਲਤ ਕਰਨ ਲਈ ਸਿੱਖਸ ਫਾਰ ਜਸਟਿਸ ਦੀ ਸੰਸਥਾ ਲਈ ਕੰਮ ਕੀਤਾ ਸੀ, ਦੀ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਇੱਕ ਸਿੱਖ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿੱਚ ਹੱਤਿਆ ਕਰ ਦਿੱਤੀ ਗਈ ਸੀ। ਜਿਸ ਤੋਂ ਬਾਅਦ ਸਿੱਖਾਂ ਦੀਆਂ ਚਿੰਤਾਵਾਂ ਵਿੱਚ ਵਾਧਾ ਹੋ ਗਿਆ। ਸਿੱਖ ਆਗੂ ਚਾਹੁੰਦੇ ਹਨ ਕਿ ਗਵਰਨਰ ਗੇਵਿਨ ਨਿਊਜ਼ਮ ਇਸ ਬਾਰੇ ਸਟੈਂਡ ਲੈਣ।

ਕੈਲੀਫੋਰਨੀਆ ਦੇ 26 ਸਿੱਖ ਗੁਰਦੁਆਰਾ ਦੇ ਪ੍ਰਬੰਧਕਾਂ ਨੇ ਮੰਗਲਵਾਰ ਨੂੰ ਇੱਕ ਪੱਤਰ ਵਿੱਚ ਨਿਊਜ਼ਮ ਨੂੰ ਦੱਸਿਆ ਕਿ ਉਹ ਕੈਲੀਫੋਰਨੀਆ ਵਿੱਚ ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਗਲਤ ਜਾਣਕਾਰੀ ਫੈਲਾਉਣ ਦੀਆਂ ਕੋਸ਼ਿਸ਼ਾਂ ਤੋਂ ਪਰੇਸ਼ਾਨ ਹਨ। ਪਿਛਲੇ ਮਹੀਨੇ ਸੈਕਰਾਮੈਂਟੋ ਬੀ ਦੀ ਅਖਬਾਰ ਦੀ ਜਾਂਚ ਰਿਪੋਰਟ ਦਾ ਹਵਾਲਾ ਦਿੰਦੇ ਹੋਏ, ਕਿਹਾ ਕਿ ਉਹ ਹਿੰਦੂ ਅਮਰੀਕਨ ਫਾਊਂਡੇਸ਼ਨ ਦੁਆਰਾ ਸਿੱਖਾਂ ਵਿਰੋਧ ਝੂਠ ਫੈਲਾਉਣ ਤੋਂ ਪਰੇਸ਼ਾਨ ਹਨ। ਇਸ ਨਿਆਂ ਮਾਰਚ ਦੇ ਕੈਪੀਟਲ ਤੇ ਹੋਏ ਇਕੱਠ ਵਿੱਚ ਜਿਥੇ ਵੱਖ ਵੱਖ ਬੁਲਾਰਿਆਂ ਨੇ ਤਕਰੀਰਾਂ ਕੀਤੀਆਂ ਉਥੇ ਵੱਖ ਵੱਖ ਸ਼ਹਿਰਾਂ ਤੋਂ ਲੋਕਾਂ ਨੇ ਸਮੂਲੀਅਤ ਵੀ ਕੀਤੀ।

# ਮੰਦਰ ਵਿਚ ਸ਼ਰਧਾਲੂਆਂ 'ਤੇ ਹਮਲੇ ਦੀ ਵੱਖ-ਵੱਖ ਆਗੂਆਂ ਵੱਲੋਂ ਨਿੰਦਾ

**ਬਰੈਂਪਟਨ–** ਐਤਵਾਰ ਨੂੰ ਕੈਨੇਡਾ ਦੇ ਹਿੰਦੂ ਸਭਾ ਮੰਦਰ ਵਿਖੇ ਸ਼ਰਧਾਲੂਆਂ ਦੇ ਇੱਕ ਸਮੂਹ ਨੂੰ ਕਥਿਤ ਖਾਲਿਸਤਾਨੀ ਸਮਰਥਕਾਂ ਵੱਲੋਂ ਨਿਸ਼ਾਨਾ ਬਣਾਏ ਜਾਣ ਤੋਂ ਬਾਅਦ ਹੜਕੰਪ ਮੱਚ ਗਿਆ। ਇਸ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਬਰੈਂਪਟਨ ਨੌਰਥ ਲਈ ਕੈਨੇਡੀਅਨ ਸੰਸਦ ਮੈਂਬਰ ਰੂਬੀ ਸਹੋਤਾ ਨੇ ਕਿਹਾ, "ਮੈਂ ਬਰੈਂਪਟਨ ਵਿੱਚ ਹਿੰਦੂ ਸਭਾ ਮੰਦਰ ਦੇ ਬਾਹਰ ਹਿੰਸਾ ਦੀਆਂ ਹਾਲ ਹੀ ਦੀਆਂ ਕਾਰਵਾਈਆਂ ਬਾਰੇ ਸੁਣ ਕੇ ਦੁਖੀ ਹਾਂ। ਸਾਡੇ ਭਾਈਚਾਰੇ ਵਿੱਚ ਹਰ ਕੋਈ ਆਪਣੇ ਪੂਜਾ ਸਥਾਨਾਂ ਵਿੱਚ ਸੁਰੱਖਿਅਤ ਅਤੇ ਸਤਿਕਾਰ ਮਹਿਸੂਸ ਕਰਨ ਦਾ ਹੱਕਦਾਰ ਹੈ। ਸਾਡੇ ਸਮਾਜ ਵਿੱਚ ਅਜਿਹੀਆਂ ਕਾਰਵਾਈਆਂ ਲਈ ਕੋਈ ਥਾਂ ਨਹੀਂ ਹੈ, ਅਤੇ ਮੈਂ ਇਸ ਹਿੰਸਾ ਦੀ ਸਖ਼ਤ ਨਿੰਦਾ ਕਰਦਾ ਹਾਂ।"



ਉਨ੍ਹਾਂ ਕਿਹਾ ਕਿ ਮੈਂ ਪੁਲੀਸ ਮੁਖੀ ਨਿਸ਼ਾਨ ਨਾਲ ਗੱਲ ਕੀਤੀ ਹੈ ਅਤੇ ਮੈਨੂੰ ਭਰੋਸਾ ਹੈ ਕਿ ਪੀਲ ਰੀਜਨਲ ਪੁਲੀਸ ਸਾਡੇ ਭਾਈਚਾਰੇ ਦੀ ਸੁਰੱਖਿਆ ਲਈ ਤੇਜ਼ੀ ਨਾਲ ਕੰਮ ਕਰੇਗੀ ਅਤੇ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਬਣਾਵੇਗੀ। ਸਾਡੇ ਭਾਈਚਾਰੇ ਦੀ ਸ਼ਾਂਤੀ ਅਤੇ ਸੁਰੱਖਿਆ ਲਈ ਖਤਰੇ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਇਸ ਵਿੱਚ ਸ਼ਾਮਲ ਲੋਕਾਂ ਨੂੰ ਕਾਨੂੰਨੀ ਨਤੀਜੇ ਭੁਗਤਣੇ ਚਾਹੀਦੇ ਹਨ।" ਉਧਰ ਨਟਾਰੀ ਸਿੱਖਸ ਅਤੇ ਗੁਰਦੁਆਰਾ ਕੌਂਸਲ ਨੇ ਵੀ ਇਸ ਹਮਲੇ ਦੀ ਨਿੰਦਾ ਕਰਦੇ ਹੋਏ ਕਿਹਾ ਹੈ ਕਿ "ਭਾਈਚਾਰੇ ਵਿੱਚ ਹਿੰਸਾ ਅਤੇ ਡਰਾਉਣ-ਧਮਕਾਉਣ ਦੀ ਕੋਈ ਥਾਂ ਨਹੀਂ ਹੈ ਅਤੇ ਉਹ ਸ਼ਾਂਤੀ, ਏਕਤਾ ਅਤੇ ਸਾਰਿਆਂ ਲਈ ਆਪਸੀ ਸਨਮਾਨ ਦੀ ਵਕਾਲਤ ਕਰਦੇ ਹਨ।"

ਇਸ ਦੌਰਾਨ ਖਾਲਿਸਤਾਨ ਪੱਖੀ ਕਾਰਕੁਨਾਂ ਨੇ ਦਾਅਵਾ ਕੀਤਾ ਕਿ ਕੁਝ ਬਦਮਾਸ਼ 1984 ਦੇ ਕਤਲੇਆਮ ਦੀ ਯਾਦ ਵਿੱਚ ਬਰੈਂਪਟਨ ਵਿੱਚ ਇਕੱਠੇ ਹੋਏ ਸਿੱਖਾਂ ਨੂੰ ਤੰਗ-ਪ੍ਰੇਸ਼ਾਨ ਕਰ ਰਹੇ ਸਨ ਅਤੇ ਡਰਾ-ਧਮਕਾ ਰਹੇ ਸਨ। ਸੋਸ਼ਲ ਮੀਡੀਆ ਰਿਪੋਰਟਾਂ ਅਨੁਸਾਰ ਜਦੋਂ ਉਨ੍ਹਾਂ ਦਾ ਪਿੱਛਾ ਕੀਤਾ ਗਿਆ ਤਾਂ ਬਦਮਾਸ਼ਾਂ ਨੇ ਨੇੜਲੇ ਹਿੰਦੂ ਸਭਾ ਮੰਦਰ ਵਿੱਚ ਪਨਾਹ ਲੈ ਲਈ, ਜਿਸ ਕਾਰਨ ਝੜਪ ਹੋ ਗਈ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਧਾਰਮਿਕ ਆਜ਼ਾਦੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਹੈ। ਟਰੂਡੋ ਨੇ ਕਿਹਾ ਕਿ ਹਰੇਕ ਕੈਨੇਡੀਅਨ ਨੂੰ ਆਜ਼ਾਦੀ ਅਤੇ ਸੁਰੱਖਿਅਤ ਢੰਗ ਨਾਲ ਆਪਣੇ ਧਰਮ ਦਾ ਸਤਿਕਾਰ ਕਰਨ ਦਾ ਅਧਿਕਾਰ ਹੈ। ਪੀਪਲਜ਼ ਪਾਰਟੀ ਆਫ਼ ਕੈਨੇਡਾ (ਪੀਪੀਸੀ) ਦੇ ਆਗੂ ਮੈਕਸਿਮ ਬਰਨੀਅਰ ਨੇ 'ਐਕਸ' 'ਤੇ ਇੱਕ ਵੀਡੀ ਪੋਸਟ ਕੀਤਾ, ਜਿਸ ਵਿੱਚ ਖਾਲਿਸਤਾਨੀ ਕੱਟੜਪੰਥੀਆਂ ਨੂੰ ਮੰਦਰ ਵਿੱਚ ਹਿੰਦੂ ਸ਼ਰਧਾਲੂਆਂ 'ਤੇ ਹਮਲਾ ਕਰਦੇ ਹੋਏ ਦਿਖਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਅਜਿਹੀ ਘਟਨਾ ਕੈਨੇਡੀਅਨ ਨਾਗਰਿਕਾਂ ਨੂੰ ਰੋਕ ਨਹੀਂ ਸਕਦੀ ਕਿਉਂਕਿ ਵਿਭਿੰਨਤਾ ਦੇਸ਼ ਦੀ ਤਾਕਤ ਹੈ।

ਇਸ ਹਮਲੇ ਦੀ ਨਿੰਦਾ ਕਰਦਿਆਂ ਹਿੰਦੂ ਫੋਰਮ ਕੈਨੇਡਾ, ਜੋ ਕਿ ਹਿੰਦੂਆਂ ਦੀ ਭਲਾਈ ਲਈ ਕੰਮ ਕਰ ਰਹੀ ਕੈਨੇਡਾ ਸਥਿਤ ਇੱਕ ਗੈਰ-ਲਾਭਕਾਰੀ ਸੰਸਥਾ ਹੈ, ਨੇ ਵੀ ਪ੍ਰਧਾਨ ਮੰਤਰੀ ਟਰੂਡੋ ਨੂੰ ਖਾਲਿਸਤਾਨੀ ਕੱਟੜਪੰਥੀਆਂ ਵਿਰੁੱਧ ਕਾਰਵਾਈ ਕਰਨ ਅਤੇ ਕੈਨੇਡੀਅਨ ਨਾਗਰਿਕਾਂ ਦੀ ਸੁਰੱਖਿਆ ਕਰਨ ਦੀ ਅਪੀਲ ਕੀਤੀ ਹੈ।

# ਅਮਰੀਕੀ ਰਾਸ਼ਟਰਪਤੀ ਚੋਣਾਂ ਦੌਰਾਨ ਕਈ ਰਾਜਾਂ ਵਿੱਚ ਸੰਭਾਵੀ ਹਿੰਸਾ ਦੇ ਮੱਦੇਨਜ਼ਰ ਨੈਸ਼ਨਲ ਗਾਰਡ ਤਾਇਨਾਤ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–**5 ਨਵੰਬਰ ਨੂੰ ਅਮਰੀਕਾ ਵਿਚ ਰਾਸ਼ਟਰਪਤੀ ਚੋਣਾਂ ਲਈ ਪੈ ਰਹੀਆਂ ਵੋਟਾਂ ਦੇ ਮੱਦੇਨਜ਼ਰ ਸੰਭਾਵੀ ਹਿੰਸਾ ਨੂੰ ਰੋਕਣ ਲਈ ਵਾਸ਼ਿੰਗਟਨ ਤੇ ਰੇਗੋਨ ਸਮੇਤ ਕਈ ਰਾਜਾਂ ਵਿਚ ਇਹਤਿਆਤ ਵਜੋਂ ਨੈਸ਼ਨਲ ਗਾਰਡਾਂ ਨੂੰ ਤਿਆਰ ਬਰ ਤਿਆਰ ਰੱਖਿਆ ਗਿਆ ਹੈ ਤਾਂ ਜੋ ਲੋੜ ਪੈਣ 'ਤੇ ਉਹ ਪੁਲਿਸ ਤੇ ਹੋਰ ਲਾਅ ਇਨਫੋਰਸਮੈਂਟ ਏਜੰਸੀਆਂ ਦੀ ਮੱਦਦ ਕਰ ਸਕਣ। ਅਧਿਕਾਰੀਆਂ ਅਨੁਸਾਰ ਵਾਸ਼ਿੰਗਟਨ ਤੇ ਰੇਗੋਨ ਰਾਜਾਂ ਵਿਚ ਬੀਤੇ ਦਿਨੀ ਵੋਟ ਬਕਸਿਆਂ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਵਾਪਰੀਆਂ ਸਨ ਜਿਸ ਤੋਂ ਬਾਅਦ ਨੈਸ਼ਨਲ ਗਾਰਡਾਂ ਦੀ ਮੱਦਦ ਲੈਣ ਦਾ ਫੈਸਲਾ ਕੀਤਾ ਗਿਆ ਹੈ। ਵਾਸ਼ਿੰਗਟਨ ਦੇ ਗਵਰਨਰ ਜੈ ਇੰਸਲੀ ਨੇ ਇਕ ਜਾਰੀ ਬਿਆਨ ਵਿਚ ਕਿਹਾ ਹੈ ਕਿ ਨੈਸ਼ਨਲ ਗਾਰਡ ਸਹਾਇਤਾ ਲਈ ਤਿਆਰ ਬਰ ਤਿਆਰ ਰਹਿਣਗੇ। ਉਨਾਂ ਇਹ ਤਾਂ ਨਹੀਂ ਦੱਸਿਆ ਕਿ ਵੋਟਾਂ ਵਾਲੇ ਦਿਨ 5 ਨਵੰਬਰ ਨੂੰ ਕਿੰਨੀ ਗਿਣਤੀ ਵਿਚ ਨੈਸ਼ਨਲ ਗਾਰਡ ਤਾਇਨਾਤ ਹੋਣਗੇ ਪਰੰਤੂ ਕਿਹਾ ਕਿ ਸੋਮਵਾਰ ਤੋਂ ਵੀਰਵਾਰ ਤੱਕ ਲਾਅ ਇਨਫੋਰਸਮੈਂਟ ਵਿਭਾਗ ਦੀ ਮੱਦਦ ਕਰਨ ਲਈ ਲੋੜੀਂਦੀ ਤਾਦਾਦ ਵਿਚ ਨੈਸ਼ਨਲ ਗਾਰਡ ਉਪਲਬੱਧ ਹੋਣਗੇ। ਇੰਸਲੀ ਨੇ ਬਿਆਨ ਵਿਚ ਹੋਰ ਕਿਹਾ ਹੈ ਕਿ ਯੂ ਐਸ ਡਿਪਾਰਟਮੈਂਟ ਆਫ ਹੋਮਲੈਂਡ ਸਕਿਉਰਿਟੀ ਨੇ ਚੋਣ ਅਮਲ ਵਿਚ ਵਿਘਣ ਪਾਉਣ ਦੀ ਸੰਭਾਵਨਾ ਬਾਰੇ ਚੌਕਸ ਕੀਤਾ ਹੈ। ਇਸ ਲਈ ਕੋਈ ਲਾਪਰਵਾਹੀ ਨਹੀਂ ਵਰਤੀ ਜਾਵੇਗੀ। ਉਨਾਂ ਕਿਹਾ ਕਿ ਆਮ ਚੋਣਾਂ ਦੌਰਾਨ ਸੰਭਾਵੀ ਹਿੰਸਾ ਤੇ ਹੋਰ ਗੈਰ ਕਾਨੂੰਨੀ ਗੱਤੀਵਿਧੀਆਂ ਬਾਰੇ ਪ੍ਰਗਟਾਈ ਜਾ ਰਹੀ ਚਿੰਤਾ ਕਾਰਨ ਮੈ ਇਹ ਗੱਲ ਯਕੀਨੀ ਬਣਾ ਲੈਣਾ ਚਹੁੰਦੀ ਹਾਂ ਕਿ ਲੋੜ ਪੈਣ 'ਤੇ ਪੂਰੀ ਤਿਆਰੀ ਨਾਲ ਜਵਾਬ ਦਿੱਤਾ ਜਾਵੇ। ਰੇਗੋਨ ਦੇ ਗਵਰਨਰ ਟਿਨਾ ਕੋਟੇਕ ਨੇ ਵੀ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਨੈਸ਼ਨਲ ਗਾਰਡਾਂ ਨੂੰ ਤਿਆਰ ਬਰ ਤਿਆਰ ਰਖਿਆ ਗਿਆ ਹੈ।

# ਅਮਰੀਕਾ ਦੀਆਂ ਚੋਣਾਂ ਵਿਚ 6 ਕਰੋੜ ਤੋਂ ਵਧ ਵੋਟਰਾਂ ਨੇ ਅਗਾਊਂ ਵੋਟਿੰਗ ਕੀਤੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਵਿਚ ਮਹਿਜ਼ 2 ਦਿਨ ਰਹਿ ਗਏ ਹਨ ਤੇ 5 ਨਵੰਬਰ ਨੂੰ ਮੱਤਦਾਨ ਦੀ ਪ੍ਰਕ੍ਰਿਆ ਮੁਕੰਮਲ ਹੋ ਜਾਣੀ ਹੈ। ਹੁਣ ਤੱਕ 6 ਕਰੋੜ 10 ਲੱਖ ਮੱਤਦਾਤਾ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਚੁੱਕੇ ਹਨ। ਇਹ ਜਾਣਕਾਰੀ ਸੀ ਐਨ ਐਨ ਦੀ ਇਕ ਰਿਪੋਰਟ ਵਿਚ ਦਿੱਤੀ ਗਈ ਹੈ। ਇਸ ਰਿਪੋਰਟ ਅਨੁਸਾਰ ਮੱਤਦਾਤਾ ਨੇ ਬਹੁਤ ਹੀ ਉਤਸ਼ਾਹ ਨਾਲ ਅਗਾਊਂ ਮੱਤਦਾਨ ਕੀਤਾ ਹੈ। ਮੱਤਦਾਤਾ ਨੇ ਅਗਾਊਂ ਮੱਤਦਾਨ ਕਰਨ ਲਈ ਡਾਕ ਸੇਵਾ ਦੀ ਵਰਤੋਂ ਕੀਤੀ ਹੈ ਜਾਂ ਫਿਰ ਨਿੱਜੀ ਤੌਰ 'ਤੇ ਵੋਟ ਬਕਸਿਆਂ ਵਿਚ ਵੋਟਾਂ ਪਾਈਆਂ ਹਨ। ਇਸੇ ਦੌਰਾਨ ਸੀ ਐਨ ਐਨ ਵੱਲੋਂ ਐਸ ਐਸ ਆਰ ਐਸ ਰਾਹੀਂ ਕਰਵਾਏ ਤਾਜ਼ਾ ਸਰਵੇ ਅਨੁਸਾਰ ਜਾਰਜੀਆ ਤੇ ਉੱਤਰੀ ਕੈਰੋਲੀਨਾ ਵਿਚ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਤੇ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਵਿਚਾਲੇ ਮੁਕਾਬਲਾ ਬਹੁਤ ਹੀ ਫਸਵਾਂ ਹੈ। ਸਰਵੇ ਵਿਚ ਜਾਰਜੀਆ ਵਿੱਚ 48% ਮੱਤਦਾਤਾ ਨੇ ਟਰੰਪ ਦਾ ਸਮਰਥਨ ਕੀਤਾ ਹੈ ਜਦ ਕਿ 47% ਮੱਤਦਾਤਾ ਹੈਰਿਸ ਦੇ ਹੱਕ ਵਿਚ ਹਨ। ਉੱਤਰੀ ਕੈਰੋਲੀਨਾ ਵਿਚ 48% ਮੱਤਦਾਤਾ ਹੈਰਿਸ ਦੇ ਹੱਕ ਵਿਚ ਹਨ ਤੇ 47% ਮੱਤਦਾਤਾ ਟਰੰਪ ਦੇ ਨਾਲ ਖੜੇ ਹਨ। ਸਰਵੇ ਵਿਚ ਗਲਤੀ ਦੀ ਸੰਭਾਵਨਾ ਵੀ ਮੌਜੂਦ ਹੈ ਇਸ ਲਈ ਇਨਾਂ ਦੋਨਾਂ ਰਾਜਾਂ ਵਿਚ ਕੋਈ ਵੀ ਉਮੀਦਵਾਰ ਆਪਣੀ ਜਿੱਤ ਪੱਕੀ ਹੋਣ ਦਾ ਦਾਅਵਾ ਨਹੀਂ ਕਰ ਸਕਦਾ। ਇਹ ਬਹੁਤ ਦਿਲਚਸਪ ਤੱਥ ਹੈ ਕਿ 2008 ਵਿਚ ਉੱਤਰੀ ਕੈਰੋਲੀਨਾ ਦੇ ਮੱਤਦਾਤਾ ਨੇ ਸਾਬਕਾ ਰਾਸ਼ਟਰਪਤੀ ਬਰਾਕ ਬਾਮਾ ਦਾ ਸਾਥ ਦਿੱਤਾ ਸੀ ਜਦ ਕਿ ਪਿਛਲੀਆਂ 4 ਚੋਣਾਂ ਵਿਚ ਮੱਤਦਾਤਾ ਰਿਪਬਲੀਕਨ ਉਮੀਦਵਾਰਾਂ ਦੇ ਹੱਕ ਵਿਚ ਰਹੇ ਹਨ। 2020 ਵਿਚ ਟਰੰਪ ਨੇ ਜੋ ਬਾਇਡਨ ਨੂੰ ਹਰਾਇਆ ਸੀ। ਜਾਰਜੀਆ ਵਿਚ 4 ਸਾਲ ਪਹਿਲਾਂ ਜੋ ਬਾਈਡਨ ਨੇ ਡੋਨਾਲਡ ਟਰੰਪ ਨੂੰ 1% ਤੋਂ ਵੀ ਘੱਟ ਵੋਟਾਂ ਦੇ ਫਰਕ ਨਾਲ ਹਰਾ ਕੇ ਇਤਿਹਾਸ ਰਚਿਆ ਸੀ। 1992 ਤੋਂ ਬਾਅਦ ਜਦੋਂ ਬਿੱਲ ਕਲਿੰਟਨ ਜਿੱਤਿਆ ਸੀ ਤੋਂ ਬਾਅਦ ਰਾਜ ਵਿਚ ਪਹਿਲੀ ਵਾਰ ਡੈਮੋਕਰੈਟਿਕ ਉਮੀਦਵਾਰ ਦੀ ਜਿੱਤ ਹੋਈ ਸੀ। ਸਰਵੇ ਅਨੁਸਾਰ ਜਾਰਜੀਆ ਤੇ ਉੱਤਰੀ ਕੈਰੋਲੀਨਾ ਦੋਨਾਂ ਰਾਜਾਂ ਵਿਚ ਹੈਰਿਸ ਨੂੰ ਕਾਲੇ ਸੰਭਾਵੀ ਮੱਤਦਾਤਾ ਭਰਵਾਂ ਸਮਰਥਨ ਮਿਲ ਰਿਹਾ ਹੈ। ਜਾਰਜੀਆ ਵਿਚ 84% ਤੇ ਉੱਤਰੀ ਕੈਰੋਲੀਨਾ ਵਿਚ 78% ਕਾਲੇ ਮੱਤਦਾਤਾ ਹੈਰਿਸ ਦਾ ਸਮਰਥਨ ਕਰ ਰਹੇ ਹਨ ਜਦ ਕਿ ਇਨਾਂ ਦੋਨਾਂ ਰਾਜਾਂ ਵਿਚ ਟਰੰਪ ਨੂੰ ਕਾਲੇ ਮੱਤਦਾਤਾ ਦਾ ਕ੍ਰਮਵਾਰ 13% ਤੇ 19% ਸਮਰਥਨ ਹਾਸਲ ਹੈ। ਜਾਰਜੀਆ ਵਿਚ 55% ਕਾਲਜ ਡਿਗਰੀ ਪ੍ਰਾਪਤ ਕਾਲੇ ਸੰਭਾਵੀ ਮੱਤਦਾਤਾ ਹੈਰਿਸ ਦੇ ਹੱਕ ਵਿਚ ਹਨ ਜਦ ਕਿ 39% ਟਰੰਪ ਦੇ ਨਾਲ ਹਨ। ਇਸੇ ਤਰਾਂ ਉੱਤਰੀ ਕੈਰੋਲੀਨਾ ਵਿਚ 53% ਕਾਲਜ ਡਿਗਰੀ ਪ੍ਰਾਪਤ ਕਾਲੇ ਮੱਤਦਾਤਾ ਦੀ ਪਸੰਦ ਹੈਰਿਸ ਹੈ ਤੇ 42% ਟਰੰਪ ਨੂੰ ਪਸੰਦ ਕਰ ਰਹੇ ਹਨ।

ਦੂਸਰੇ ਪਾਸੇ ਦੋਨਾਂ ਰਾਜਾਂ ਵਿਚ ਹੀ ਸੰਭਾਵੀ ਗੋਰੇ ਗਰੈਜੂਏਟ ਮੱਤਦਾਤਾ ਵੰਡੇ ਹੋਏ ਹਨ। ਉੱਤਰੀ ਕੈਰੋਲੀਨਾ ਵਿਚ 50% ਗੋਰੇ ਗਰੈਜੂਏਟ ਹੈਰਿਸ ਦੇ ਹੱਕ ਵਿਚ ਹਨ ਜਦ ਕਿ 47% ਟਰੰਪ ਦਾ ਸਮਰਥਨ ਕਰ ਰਹੇ ਹਨ। ਜਾਰਜੀਆ ਵਿਚ 48% ਗੋਰੇ ਗਰੈਜੂਏਟ ਟਰੰਪ ਦੇ ਹੱਕ ਵਿਚ ਹਨ ਤੇ 46% ਹੈਰਿਸ ਨਾਲ ਖੜੇ ਨਜਰ ਆ ਰਹੇ ਹਨ।

ਜਾਰਜੀਆ ਵਿਚ ਬਿਨਾਂ ਗਰੈਜੂਏਟ 81% ਗੋਰੇ ਮੱਤਦਾਤਾ ਟਰੰਪ ਦੇ ਨਾਲ ਹਨ ਜਦ ਕਿ ਹੈਰਿਸ ਨੂੰ ਕੇਵਲ 15% ਬਿਨਾਂ ਡਿਗਰੀ ਗੋਰੇ ਮੱਤਦਾਤਾ ਦਾ ਸਮਰਥਨ ਹਾਸਲ ਹੈ। ਉੱਤਰੀ ਕੈਰੋਲੀਨਾ ਵਿਚ ਟਰੰਪ ਨੂੰ 65% ਤੇ ਹੈਰਿਸ ਨੂੰ 31% ਬਿਨਾਂ ਡਿਗਰੀ ਗੋਰੇ ਮੱਤਦਾਤਾ ਦਾ ਸਮਰਥਨ ਹਾਸਲ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਕੂਦੂਜ਼ ਗੁਰਘਰ ਵਿੱਖੇ ਦਿਵਾਲੀ ਧੂੰਮਧਾਮ ਨਾਲ ਮਨਾਈ ਗਈ






**ਕ੍ਰਦੂਜ਼ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਬਦੀ ਤੇ ਨੇਕੀ ਦੀ ਜਿੱਤ ਦਾ ਪ੍ਰਤੀਕ, ਲਾਈਟਾਂ ਦਾ ਤਿਉਹਾਰ ਦਿਵਾਲੀ ਅਤੇ ਬੰਦੀ ਛੋੜ ਦੁਨੀਆਂ ਭਰ ਵਿੱਚ ਧੂਮਧਾਮ ਨਾਲ ਮਨਾਇਆ ਗਿਆ।ਇਸੇ ਕੜੀ ਤਹਿਤ ਫਰਿਜ਼ਨੋ ਦੇ ਲਾਗਲੇ ਸ਼ਹਿਰ ਕ੍ਰਦੂਜ਼ ਦੇ ਗੁਰੂ ਘਰ ਵਿਖੇ ਦਿਵਾਲੀ ਅਤੇ ਬੰਦੀ ਛੋੜ ਮੌਕੇ ਵਿਸ਼ੇਸ਼ ਦੀਵਾਨ ਸਜਾਏ ਗਏ।

ਇਸ ਮੌਕੇ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਸਤਨਾਮ ਸਿੰਘ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਪਰਮਪਾਲ ਸਿੰਘ ਨੇ ਵੀ ਹਾਜ਼ਰੀ ਲਵਾਈ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ। ਸੰਗਤਾਂ ਨੇ ਨਿਸ਼ਾਨ ਸਹਿਬ ਲਾਗੇ ਦੀਵੇ ਜਗਾਕੇ ਦੀਵਾਲੀ ਮਨਾਈ। ਉਪਰੰਤ ਫਾਇਰਵਰਕਸ (ਪਟਾਕਿਆ) ਦੇ ਦਿਲਕਸ਼ ਨਜ਼ਾਰਿਆਂ ਦਾ ਸੰਗਤ ਨੇ ਅਨੰਦ ਮਾਣਿਆ। ਇਸ ਮੌਕੇ ਉੱਘੇ ਫਾਰਮਰ ਚਰਨਜੀਤ ਸਿੰਘ ਬਾਠ, ਫਾਰਮਰ ਅਜੀਤ ਸਿੰਘ ਗਿੱਲ, ਅਵਤਾਰ ਗਿੱਲ ਅਤੇ ਗੁਰੂ ਘਰ ਦੀ ਕਮੇਟੀ ਨੇ ਸੰਗਤ ਨੂੰ ਦਿਵਾਲੀ ਅਤੇ ਬੰਦੀਛੋੜ ਦਿਵਸ ਦੀ ਵਧਾਈ ਦਿੱਤੀ।

# ਬਰੈਂਪਟਨ ਘਟਨਾ ਸਿਆਸੀ ਸ਼ਹਿ ਦੇ ਕਾਰਨ ਹੋਈ– ਭਾਰਤੀ ਵਿਦੇਸ਼ ਮੰਤਰੀ ਜੈਸ਼ੰਕਰ ਦਾ ਦੋਸ਼

**ਕੈਨਬਰਾ–** ਭਾਰਤ ਦੇ ਵਿਦੇਸ਼ ਮੰਤਰੀ ਐੱਸ।ਜੈਸ਼ੰਕਰ ਨੇ ਬਰੈਂਪਟਨ (ਕੈਨੇਡਾ) ਦੇ ਹਿੰਦੂ ਸਭਾ ਮੰਦਰ ਵਿਚ ਭਾਰਤੀ ਕੌਂਸੁਲੇਟ ਵੱਲੋਂ ਲਾਏ ਕੈਂਪ ਦੌਰਾਨ ਵੱਖਵਾਦੀਆਂ ਨਾਲ ਹੋਈ ਝੜਪ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਜੈਸ਼ੰਕਰ ਨੇ ਕਿਹਾ ਕਿ ਇਹ ਘਟਨਾ ਕੈਨੇਡਾ ਵਿਚ 'ਕੱਟੜਵਾਦੀ ਤਾਕਤਾਂ' ਨੂੰ 'ਸਿਆਸੀ ਸ਼ਹਿ' ਦੇਣ ਦੀ ਹਕੀਕਤ ਬਿਆਨਦੀ ਹੈ। ਜੈਸ਼ੰਕਰ ਆਪਣੀ ਆਸਟਰੇਲੀਅਨ ਹਮਰੁਤਬਾ ਪੈਨੀ ਵੌਂਗ ਨਾਲ ਪ੍ਰੈੱਸ ਬ੍ਰੀਫਿੰਗ ਦੌਰਾਨ ਭਾਰਤ-ਕੈਨੇਡਾ ਕੂਟਨੀਤਕ ਟਕਰਾਅ ਅਤੇ ਐਤਵਾਰ ਨੂੰ ਕੈਨੇਡਾ ਦੇ ਉਪਰੋਕਤ ਹਿੰਦੂ ਮੰਦਿਰ ਦੀ ਘਟਨਾ ਬਾਰੇ ਪੁੱਛੇ ਸਵਾਲ ਦਾ ਜਵਾਬ ਦੇ ਰਹੇ ਸਨ। ਜੈਸ਼ੰਕਰ ਆਸਟਰੇਲੀਆ ਦੇ ਪੰਜ ਰੋਜ਼ਾ (3 ਤੋਂ 7 ਨਵੰਬਰ) ਸਰਕਾਰੀ ਦੌਰੇ 'ਤੇ ਹਨ। ਬਰੈਂਪਟਨ ਦੇ ਹਿੰਦੂ ਸਭਾ ਮੰਦਿਰ ਵਿਚ ਐਤਵਾਰ ਨੂੰ ਭਾਰਤੀ ਹਾਈ ਕਮਿਸ਼ਨ ਵੱਲੋਂ ਲਾਏ ਕੌਂਸੁਲਰ ਕੈਂਪ ਦਾ ਵਿਰੋਧ ਕਰ ਰਹੇ ਕੁਝ ਮੁਜ਼ਾਹਰਾਕਾਰੀਆਂ, ਜਿਨ੍ਹਾਂ ਹੱਥਾਂ ਵਿਚ ਖਾਲਿਸਤਾਨੀ ਝੰਡੇ ਫੜੇ ਹੋਏ ਸੀ, ਦੀ ਮੰਦਰ ਵਿਚ ਕੁਝ ਲੋਕਾਂ ਨਾਲ ਹੋਈ ਝੜਪ ਨੇ ਹਿੰਸਕ ਰੂਪ ਧਾਰ ਲਿਆ ਸੀ। ਜੈਸ਼ੰਕਰ ਨੇ ਕੈਨਬਰਾ ਵਿਚ ਆਸਟਰੇਲੀਅਨ ਹਮਰੁਤਬਾ ਨਾਲ 15ਵੀਂ ਵਿਦੇਸ਼ ਮੰਤਰੀਆਂ ਦੇ ਫਰੇਮਵਰਕ ਡਾਇਲਾਗ (ਐੱਫ ਐੱਮ ਐੱਫ ਡੀ) ਦੀ ਸਾਂਝੇ ਰੂਪ ਵਿਚ ਅਗਵਾਈ ਕਰਨ ਮਗਰੋਂ ਪੱਤਰਕਾਰਾਂ ਨੂੰ ਦੱਸਿਆ, ''ਪਹਿਲਾਂ ਤੁਹਾਨੂੰ ਸਾਡੇ ਅਧਿਕਾਰਤ ਤਰਜਮਾਨ ਅਤੇ ਸਾਡੇ ਪ੍ਰਧਾਨ ਮੰਤਰੀ ਵੱਲੋਂ ਜਤਾਏ ਫ਼ਿਕਰਾਂ ਨੂੰ ਦੇਖਣਾ ਚਾਹੀਦਾ ਸੀ।'' ਜੈਸ਼ੰਕਰ ਨੇ ਕਿਹਾ, ''ਮੈਂ ਤਿੰਨ ਗੱਲਾਂ ਕਹਾਂਗਾ...ਪਹਿਲੀ ਇਹ ਕਿ ਕੈਨੇਡਾ ਨੇ ਕੋਈ ਠੋਸ ਸਬੂਤ ਮੁਹੱਈਆ ਕੀਤੇ ਬਗ਼ੈਰ ਦੋਸ਼ ਲਾਉਣ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ। ਦੂਜਾ, ਜਦੋਂ ਅਸੀਂ ਕੈਨੇਡਾ ਵੱਲ ਦੇਖਦੇ ਹਾਂ, ਸਾਡੇ ਲਈ ਇਹ ਤੱਥ ਸਵੀਕਾਰ ਯੋਗ ਨਹੀਂ ਹੈ ਕਿ ਸਾਡੇ ਡਿਪਲੋਮੈਟਾਂ ਦੀ ਨਿਗਰਾਨੀ (ਫੋਨ ਟੈਪ) ਕੀਤੀ ਜਾ ਰਹੀ ਹੈ।'' ਵਿਦੇਸ਼ ਮੰਤਰੀ ਨੇ ਕਿਹਾ, ''ਤੀਜਾ, ਉਹ ਘਟਨਾ ਹੈ ਜਿਸ ਦੀ ਇਸ



ਭ ੱ ਦ ਰ ਪ੍ ਰ ਸ਼ (ਪੱਤਰਕਾਰ) ਨੇ ਗੱਲ ਕੀਤੀ ਹੈ। ਵੀਡੀ ਜ਼ਰੂਰ ਦੇਖੋ। ਮੇਰਾ ਮੰਨਣਾ ਹੈ ਕਿ ਇਹ (ਵੀਡੀ ) ਕੈਨੇਡਾ ਵਿਚ 'ਕੱਟੜਵਾਦੀ ਤਾਕਤਾਂ' ਨੂੰ 'ਸਿਆਸੀ ਸ਼ਹਿ' ਦਿੱਤੇ ਜਾਣ ਦੀ ਹਕੀਕਤ ਬਿਆਨਦੀ ਹੈ।'' ਇਸ ਦੌਰਾਨ ਜੈਸ਼ੰਕਰ ਨੇ ਆਸਟਰੇਲੀਆ ਦੇ ਡਿਪਟੀ ਪ੍ਰਧਾਨ ਮੰਤਰੀ ਤੇ ਰੱਖਿਆ ਮੰਤਰੀ ਰਿਚਰਡ ਮਾਰਲਸ ਨਾਲ ਵੀ ਬੈਠਕ ਕੀਤੀ। ਦੋਵਾਂ ਆਗੂਆਂ ਨੇ ਹਿੰਦ-ਪ੍ਰਸ਼ਾਂਤ ਅਤੇ ਖਿੱਤੇ ਦੀਆਂ ਹਾਲੀਆ ਘਟਨਾਵਾਂ ਬਾਰੇ ਚਰਚਾ ਕੀਤੀ। ਜੈਸ਼ੰਕਰ ਨੇ ਮਗਰੋਂ ਐਕਸ 'ਤੇ ਕਿਹਾ, ''ਆਸਟਰੇਲੀਆ ਦੇ ਡਿਪਟੀ ਪ੍ਰਧਾਨ ਮੰਤਰੀ ਤੇ ਰੱਖਿਆ ਮੰਤਰੀ ਨਾਲ ਬੈਠਕ ਦੌਰਾਨ ਹਿੰਦ-ਪ੍ਰਸ਼ਾਂਤ ਖਿੱਤੇ ਵਿਚ ਵਿਆਪਕ ਰਣਨੀਤਕ ਭਾਈਵਾਲੀ ਨੂੰ ਰਫ਼ਤਾਰ ਦੇਣ ਬਾਰੇ ਚਰਚਾ ਕੀਤੀ।''

ਆਸਟਰੇਲੀਆ ਦੀ ਵਿਦੇਸ਼ ਮੰਤਰੀ ਪੈਨੀ ਵੌਂਗ ਨੇ ਕੈਨੇਡਾ ਵਿਚ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਦੇ ਦੋਸ਼ਾਂ ਦਾ ਮੁੱਦਾ ਆਪਣੇ ਭਾਰਤੀ ਹਮਰੁਤਬਾ ਐੱਸ. ਜੈਸ਼ੰਕਰ ਨਾਲ ਵਿਚਾਰਿਆ ਹੈ। ਵੌਂਗ ਨੇ ਕਿਹਾ ਕਿ ਉਨ੍ਹਾਂ ਰਾਜਧਾਨੀ ਕੈਨਬਰਾ ਵਿਚ ਬੈਠਕ ਦੌਰਾਨ ਜੈਸ਼ੰਕਰ ਅੱਗੇ ਇਹ ਮੁੱਦਾ ਰੱਖਿਆ ਸੀ। ਵੌਂਗ ਨੇ ਕਿਹਾ ਕਿ ਉਹ ਸਿੱਖਾਂ ਨੂੰ ਇਹੀ ਸੰਦੇਸ਼ ਦੇਣਗੇ ਕਿ ਲੋਕਾਂ ਨੂੰ ਆਸਟਰੇਲੀਆ ਵਿਚ ਸੁਰੱਖਿਆ ਤੇ ਮਾਣ ਸਤਿਕਾਰ ਨਾਲ ਰਹਿਣ ਦਾ ਪੂਰਾ ਅਧਿਕਾਰ ਹੈ। ਵੌਂਗ ਨੇ ਜੈਸ਼ੰਕਰ ਨਾਲ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, ''ਅਸੀਂ ਜਾਂਚ ਅਧੀਨ ਦੋਸ਼ਾਂ ਨਾਲ ਜੁੜੇ ਫ਼ਿਕਰਾਂ ਬਾਰੇ ਸਪਸ਼ਟ ਕਰ ਦਿੱਤਾ ਹੈ। ਅਸੀਂ ਕਿਹਾ ਹੈ ਕਿ ਅਸੀਂ ਕੈਨੇਡਾ ਦੇ ਨਿਆਂਇਕ ਅਮਲ ਦਾ ਸਤਿਕਾਰ ਕਰਦੇ ਹਾਂ।'' ਆਸਟਰੇਲੀਅਨ ਵਿਦੇਸ਼ ਮੰਤਰੀ ਨੇ ਕਿਹਾ, ''ਅਸੀਂ ਭਾਰਤ ਨੂੰ ਆਪਣੇ ਵਿਚਾਰਾਂ ਤੋਂ ਜਾਣੂ ਕਰਵਾ ਦਿੱਤਾ ਹੈ ਤੇ ਜਿੱਥੋਂ ਤੱਕ ਕਾਨੂੰਨ ਦੇ ਰਾਜ, ਨਿਆਂਪਾਲਿਕਾ ਦੀ ਆਜ਼ਾਦੀ ਅਤੇ ਸਾਰੇ ਦੇਸ਼ਾਂ ਦੀ ਪ੍ਰਭੂਸੱਤਾ ਦੀ ਗੱਲ ਹੈ ਤਾਂ ਅਜਿਹੇ ਮਾਮਲਿਆਂ ਵਿਚ ਸਾਡਾ ਦ੍ਰਿਸ਼ਟੀਕੋਣ ਸਿਧਾਂਤਕ ਹੈ।'' ਭਾਰਤ, ਕੈਨੇਡਾ ਵਿਚ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਪਿੱਛੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਹੱਥ ਹੋਣ ਦੇ ਦੋਸ਼ਾਂ ਨੂੰ ਪਹਿਲਾਂ ਹੀ 'ਬੇਬੁਨਿਆਦ' ਦੱਸ ਕੇ ਖਾਰਜ ਕਰ ਚੁੱਕਾ ਹੈ।

ਕਾਬਿਲੇਗੌਰ ਹੈ ਕਿ 'ਫਾਈਵ ਆਈਜ਼' ਅਲਾਇੰਸ ਦੇ ਮੈਂਬਰਾਂ ਵਜੋਂ ਆਸਟਰੇਲੀਆ, ਕੈਨੇਡਾ, ਅਮਰੀਕਾ, ਯੂਕੇ ਤੇ ਨਿਊਜ਼ੀਲੈਂਡ ਇਕ ਦੂਜੇ ਨਾਲ ਖੁਫ਼ੀਆ ਜਾਣਕਾਰੀ ਸਾਂਝੀ ਕਰਦੇ ਹਨ।



KB USED AUTO SALES

8655 B Monterey Street Gilroy, CA 95020
Kashmiri Bhatia, Dealer/Broker 408-848-2365
50% OFF WARRANTY with Qualifying Car Purchase
IN HOUSE FINANCING AVALIABLE
www. kbusedautosales.com
ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ

Kamaljit Kaur Bhatia & Kashmiri Bhatia
K&K AUTO REPAIR and Car Wash
63 Muckelemi St
San Juan Bautista 95045
Kashmiri Bhatia (Owner)
831-623-4702
20% OFF LABOUR on your next qualifying service
Car Care You Can Trust

# ਝਾਰਖੰਡ ਚੋਣਾਂ: ਇੰਡੀਆ ਗੱਠਜੋੜ ਵੱਲੋਂ 10 ਲੱਖ ਨੌਕਰੀਆਂ ਦਾ ਵਾਅਦਾ

**ਰਾਂਚੀ–** 'ਇੰਡੀਆ' ਗੱਠਜੋੜ ਨੇ ਅੱਜ ਝਾਰਖੰਡ ਅਸੈਂਬਲੀ ਚੋਣਾਂ ਲਈ ਆਪਣਾ ਚੋਣ ਮਨੋਰਥ ਪੱਤਰ ਜਾਰੀ ਕਰਦਿਆਂ ਨੌਜਵਾਨਾਂ ਲਈ 10 ਲੱਖ ਨੌਕਰੀਆਂ ਤੇ ਗਰੀਬਾਂ ਲਈ 15 ਲੱਖ ਰੁਪਏ ਦੇ ਸਿਹਤ ਬੀਮੇ ਦਾ ਵਾਅਦਾ ਕੀਤਾ ਹੈ। ਗੱਠਜੋੜ ਦੇ ਚੋਣ ਮੈਨੀਫੈਸਟੋ ਵਿੱਚ 7 ਗਾਰੰਟੀਆਂ ਵੀ ਸ਼ਾਮਲ ਹਨ, ਜਿਸ ਵਿੱਚ ਸਮਾਜਿਕ ਨਿਆਂ ਯਕੀਨੀ ਬਣਾਉਣ ਲਈ ਰਾਖਵੇਂਕਰਨ ਨੂੰ ਅਨੁਸੂਚਿਤ ਕਬੀਲਿਆਂ ਲਈ 26 ਤੋਂ ਫ਼ੀਸਦ ਤੋਂ ਵਧਾ ਕੇ 28 ਫ਼ੀਸਦ ਕਰਨ, ਐੱਸਸੀ ਲਈ 10 ਤੋਂ 12 ਫ਼ੀਸਦ ਅਤੇ ਬੀਸੀ ਲਈ 14 ਫ਼ੀਸਦ ਤੋਂ ਵਧਾ ਕੇ 28 ਫ਼ੀਸਦ ਕਰਨ ਦਾ ਵਾਅਦਾ ਕੀਤਾ ਗਿਆ ਹੈ।

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਅਤੇ ਆਰਜੇਡੀ ਦੇ ਜੇ।ਪੀ। ਯਾਦਵ ਨੇ ਸਾਂਝੇ ਤੌਰ 'ਤੇ ਚੋਣ ਮਨੋਰਥ ਪੱਤਰ ਜਾਰੀ ਕਰਦਿਆਂ ਆਖਿਆ, "ਇੰਡੀਆ ਗੱਠਜੋੜ ਨੌਜਵਾਨਾਂ ਲਈ 10 ਲੱਖ ਨੌਕਰੀਆਂ ਅਤੇ ਗਰੀਬਾਂ ਲਈ 15 ਲੱਖ ਰੁਪਏ ਦਾ ਸਿਹਤ ਬੀਮਾ ਯਕੀਨੀ ਬਣਾਏਗਾ।" ਖੜਗੇ ਨੇ ਕਿਹਾ, "ਅਸੀਂ ਜਦੋਂ ਵੀ ਕਿਸੇ ਗਾਰੰਟੀ ਦੀ ਗੱਲ ਕਰਦੇ ਹਾਂ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੁਰੰਤ ਇਸ ਦੀ ਆਲੋਚਨਾ ਕਰਦੇ ਹਨ। ਪ੍ਰਧਾਨ ਮੰਤਰੀ ਇੱਥੇ ਆਏ ਅਤੇ ਆਪਣੇ ਭਾਸ਼ਣ 'ਚ ਮੇਰਾ ਨਾਮ ਲੈਂਦਿਆਂ ਆਖਿਆ ਕਿ ਕਾਂਗਰਸ ਦੀਆਂ ਗਾਰੰਟੀਆਂ ਦੀ ਕੋਈ ਭਰੋਸੇਯੋਗਤਾ ਨਹੀਂ ਹੈ। ਪਰ ਕਾਂਗਰਸ ਸਾਰੀਆਂ ਗਾਰੰਟੀਆਂ ਪੂਰੀਆਂ ਕਰਦੀ ਹੈ ਜਦਕਿ ਮੋਦੀ ਦੀਆਂ ਗਾਰੰਟੀਆਂ ਕਦੇ ਵੀ ਪੂਰੀਆਂ ਨਹੀਂ ਹੁੰਦੀਆਂ।" ਇੰਡੀਆ ਗੱਠਜੋੜ ਨੇ ਝਾਰਖੰਡ 'ਚ ਗਰੀਬਾਂ ਨੂੰ ਪ੍ਰਤੀ ਮਹੀਨਾ ਮਿਲਦਾ ਮੁਫ਼ਤ ਰਾਸ਼ਨ 5 ਕਿੱਲੋ ਤੋਂ ਵਧਾ ਕੇ 7 ਕਿੱਲੋ ਕਰਨ ਅਤੇ ਗੈਸ ਸਿਲੰਡਰ 450 ਰੁਪਏ 'ਚ ਮੁਹੱਈਆ



ਕਰਵਾਉਣ ਦਾ ਵਾਅਦਾ ਵੀ ਕੀਤਾ।

**ਜੇਐੱਮਐੱਮ ਦਾ ਗੱਠਜੋੜ ਫੋਕਾ ਪਟਾਕਾ, ਭਾਜਪਾ ਤਾਕਤਵਰ ਰਾਕੇਟ: ਰਾਜਨਾਥ**

ਝਾਰਖੰਡ ਮੁਕਤੀ ਮੋਰਚਾ (ਜੇਐੱਮਐੱਮ) ਦੀ ਅਗਵਾਈ ਹੇਠਲੇ ਗੱਠਜੋੜ ਨੂੰ ਦੀਵਾਲੀ ਦੇ ਫੋਕੇ ਪਟਾਕੇ ਕਰਾਰ ਦਿੰਦਿਆਂ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਇੱਕ ਤਾਕਤਵਰ ਰਾਕੇਟ ਹੈ ਜੋ ਝਾਰਖੰਡ ਨੂੰ ਨਵੀਆਂ ਬੁਲੰਦੀਆਂ 'ਤੇ ਲਿਜਾਵੇਗੀ।

ਉਨ੍ਹਾਂ ਰਾਂਚੀ ਦੇ ਹਟੀਆ 'ਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਹੇਮੰਤ ਸੋਰੇਨ ਦੇ ਕਰੀਬੀ ਰਹੇ ਮੰਡਲ ਮੁਰਮੂ ਦੇ ਜੇਐੱਮਐੱਮ ਦੇ ਡੁੱਬਦੇ ਜਹਾਜ਼ ਨੂੰ ਛੱਡ ਕੇ ਭਾਜਪਾ 'ਚ ਸ਼ਾਮਲ ਹੋਣ ਮਗਰੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਸੂਬੇ 'ਚ ਕੌਣ ਸਰਕਾਰ ਬਣਾਏਗਾ। ਉਨ੍ਹਾਂ ਕਿਹਾ, 'ਦੀਵਾਲੀ ਦਾ ਤਿਉਹਾਰ ਹੁਣੇ-ਹੁਣੇ ਮੁਕੰਮਲ ਹੋਇਆ ਹੈ। ਜੇਐੱਮਐੱਮ, ਕਾਂਗਰਸ ਤੇ ਆਰਜੇਡੀ ਹੁਣ ਦੀਵਾਲੀ ਦੇ ਫੋਕੇ ਪਟਾਕੇ ਹਨ। ਭਾਜਪਾ ਇੱਕ ਤਾਕਤਵਰ ਰਾਕੇਟ ਹੈ ਜੋ ਇਕੱਲਿਆਂ ਹੀ ਝਾਰਖੰਡ ਨੂੰ ਨਵੀਂ ਬੁਲੰਦੀ 'ਤੇ ਲਿਜਾਵੇਗੀ।'

ਸੂਬੇ ਦੀ ਹਾਕਮ ਧਿਰ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਤੇ ਤਨਜ਼ ਕਸਦਿਆਂ ਉਨ੍ਹਾਂ ਕਿਹਾ ਕਿ ਜੇਐੱਮਐੱਮ ਦਾ ਮਤਲਬ 'ਜੰਮ ਕੇ ਮਲਾਈ ਮਾਰੋ' ਹੈ। ਉਨ੍ਹਾਂ ਦੋਸ਼ ਲਾਇਆ ਕਿ ਜੇਐੱਮਐੱਮ ਕਬਾਇਲੀਆਂ ਦਾ ਲਹੂ ਪੀਂਦਾ ਹੈ ਅਤੇ ਉਨ੍ਹਾਂ ਦੇ ਹਿੱਤਾਂ ਖ਼ਿਲਾਫ਼ ਕੰਮ ਕਰਦਾ ਹੈ। ਉਨ੍ਹਾਂ ਕਿਹਾ, 'ਮੈਂ ਹੇਮੰਤ ਸੋਰੇਨ ਤੋਂ ਪੁੱਛਦਾ ਹਾਂ ਕਿ ਘੁਸਪੈਠੀਏ ਝਾਰਖੰਡ 'ਚ ਕਿਉਂ ਆ ਰਹੇ ਹਨ? ਸੂਬੇ ਦੀ ਕਬਾਇਲੀ ਅਬਾਦੀ ਘੱਟ ਕੇ 28 ਫੀਸਦ ਕਿਉਂ ਰਹਿ ਗਈ ਹੈ?' ਉਨ੍ਹਾਂ ਕਿਹਾ, 'ਅਸੀਂ ਘੁਸਪੈਠ 'ਤੇ ਠੱਲ੍ਹ ਪਾਵਾਂਗੇ ਅਤੇ ਘੁਸਪੈਠੀਆਂ ਵੱਲੋਂ ਹੜੱਪੀ ਗਈ ਜ਼ਮੀਨ ਵਾਪਸ ਦਿਵਾਵਾਂਗੇ।' ਉਨ੍ਹਾਂ ਕਿਹਾ ਕਿ ਝਾਰਖੰਡ ਦੀ ਮਾੜੀ ਹਾਲਤ ਪਿੱਛੇ ਜੇਐੱਮਐੱਮ ਦੀ ਅਗਵਾਈ ਹੇਠਲਾ ਗੱਠਜੋੜ ਹੈ। ਉਨ੍ਹਾਂ ਕਿਹਾ ਕਿ ਜੇਐੱਮਐੱਮ ਦੀ ਅਗਵਾਈ ਹੇਠਲਾ ਗੱਠਜੋੜ ਆਪਣਾ ਸਾਮਰਾਜ ਬਣਾਉਣ 'ਚ ਯਕੀਨ ਰੱਖਦਾ ਹੈ ਜਦਕਿ ਭਾਜਪਾ ਸਾਰਿਆਂ ਦੇ ਵਿਕਾਸ ਲਈ ਕੰਮ ਕਰਦੀ ਹੈ।

**ਭਾਜਪਾ ਨੇ 30 ਬਾਗੀ ਆਗੂਆਂ ਨੂੰ ਪਾਰਟੀ 'ਚੋਂ ਕੱਢਿਆ**

ਭਾਜਪਾ ਨੇ ਝਾਰਖੰਡ ਵਿੱਚ ਆਗਾਮੀ ਵਿਧਾਨ ਸਭਾ ਚੋਣਾਂ 'ਚ ਵੱਖ-ਵੱਖ ਹਲਕਿਆਂ ਤੋਂ ਪਾਰਟੀ ਉਮੀਦਵਾਰਾਂ ਖ਼ਿਲਾਫ਼ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ 30 ਆਗੂਆਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਹੈ। ਪਾਰਟੀ ਨੇ ਇੱਕ ਬਿਆਨ 'ਚ ਇਹ ਜਾਣਕਾਰੀ ਦਿੱਤੀ। ਭਾਜਪਾ ਦੇ ਸਾਰੇ ਬਾਗ਼ੀ ਆਗੂਆਂ ਨੂੰ ਛੇ ਸਾਲਾਂ ਲਈ ਪਾਰਟੀ ਵਿਚੋਂ ਕੱਢਿਆ ਗਿਆ ਹੈ। ਬਿਆਨ 'ਚ ਕਿਹਾ ਗਿਆ, "ਭਾਜਪਾ ਨੇ ਤੀਹ ਬਾਗ਼ੀ ਆਗੂਆਂ ਨੂੰ ਨਾਮਜ਼ਦ-ਗੀਆਂ ਦਾਖਲ ਕਰਵਾਉਣ ਅਤੇ ਪਾਰਟੀ ਦੀਆਂ ਨੀਤੀਆਂ ਦੀ ਉਲੰਘਣਾ ਕਰਕੇ ਅਧਿਕਾਰਤ ਉਮੀਦਵਾਰਾਂ ਖ਼ਿਲਾਫ਼ ਚੋਣ ਲੜਨ ਕਾਰਨ ਛੇ ਸਾਲਾਂ ਲਈ ਪਾਰਟੀ 'ਚੋਂ ਕੱਢ ਦਿੱਤਾ ਹੈ।"

# ਭਾਰਤ ਨੇ 2036 ਓਲੰਪਿਕਸ ਦੀ ਮੇਜ਼ਬਾਨੀ ਲਈ ਇਰਾਦਾ ਪੱਤਰ ਸੌਂਪਿਆ

**ਨਵੀਂ ਦਿੱਲੀ–** ਭਾਰਤ ਨੇ 2036 ਦੀਆਂ ਲੰਪਿਕ ਅਤੇ ਪੈਰਾਲੰਪਿਕ ਖੇਡਾਂ ਦੀ ਮੇਜ਼ਬਾਨੀ ਕਰਨ ਦੀ ਇੱਛਾ ਜ਼ਾਹਰ ਕਰਦਿਆਂ ਕੌਮਾਂਤਰੀ ਲੰਪਿਕ ਕਮੇਟੀ (ਆਈ ਸੀ) ਦੇ ਭਵਿੱਖੀ ਮੇਜ਼ਬਾਨ ਕਮਿਸ਼ਨ ਨੂੰ 'ਇਰਾਦਾ ਪੱਤਰ' ਸੌਂਪਿਆ ਹੈ। ਖੇਡ ਮੰਤਰਾਲੇ ਦੇ ਸੂਤਰ ਅਨੁਸਾਰ ਭਾਰਤੀ ਲੰਪਿਕ ਐਸੋਸੀਏਸ਼ਨ (ਆਈ ਏ) ਨੇ ਕਮਿਸ਼ਨ ਨੂੰ ਇਹ ਪੱਤਰ ਪਹਿਲੀ ਅਕਤੂਬਰ ਨੂੰ ਸੌਂਪਿਆ ਸੀ। ਸੂਤਰ ਨੇ ਕਿਹਾ ਕਿ ਜੇ ਭਾਰਤ ਨੂੰ ਖੇਡਾਂ ਦੀ ਮੇਜ਼ਬਾਨੀ ਮਿਲ ਜਾਂਦੀ ਹੈ ਤਾਂ ਇਹ ਯਾਦਗਾਰੀ ਮੌਕਾ ਬਹੁਤ ਫ਼ਾਇਦੇਮੰਦ ਹੋ ਸਕਦਾ ਹੈ। ਇਹ ਦੇਸ਼ ਲਈ ਆਰਥਿਕ ਵਿਕਾਸ, ਸਮਾਜਿਕ ਤਰੱਕੀ ਅਤੇ ਦੇਸ਼ ਭਰ ਵਿੱਚ ਨੌਜਵਾਨ ਸ਼ਕਤੀਕਰਨ ਨੂੰ ਹੁਲਾਰਾ ਦੇ ਸਕਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਲ 2036 ਦੀਆਂ ਲੰਪਿਕ ਖੇਡਾਂ ਦੀ ਮੇਜ਼ਬਾਨੀ ਕਰਨ ਦੀ ਆਪਣੀ



ਸਰਕਾਰ ਦੀ ਖ਼ਾਹਿਸ਼ ਦਾ ਖ਼ੁਲਾਸਾ ਪਹਿਲੀ ਵਾਰ ਬੀਤੇ ਸਾਲ ਕੀਤਾ ਸੀ। ਮੇਜ਼ਬਾਨ ਬਾਰੇ ਕੋਈ ਵੀ ਫੈਸਲਾ ਅਗਲੇ ਸਾਲ ਹੋਣ ਵਾਲੀਆਂ ਆਈ ਸੀ ਚੋਣਾਂ ਤੋਂ ਪਹਿਲਾਂ ਨਹੀਂ ਹੋ ਸਕੇਗਾ ਅਤੇ ਮੇਜ਼ਬਾਨੀ ਲਈ ਭਾਰਤ ਨੂੰ ਸਾਊਦੀ ਅਰਬ, ਕਤਰ ਅਤੇ ਤੁਰਕੀ ਵਰਗੇ ਕਈ ਹੋਰ ਮੁਲਕਾਂ ਦੇ ਮੁਕਾਬਲੇ ਦਾ ਸਾਹਮਣਾ ਵੀ ਕਰਨਾ ਪਵੇਗਾ, ਜੋ ਇਸ ਖੇਡ ਮਹਾਕੁੰਭ ਦੀ ਮੇਜ਼ਬਾਨੀ ਲਈ ਆਪਣੇ ਆਪ ਨੂੰ ਮਜ਼ਬੂਤ ਦਾਅਵੇਦਾਰ ਦੱਸ ਰਹੇ ਹਨ। ਭਾਰਤ ਦੀ ਯੋਜਨਾ ਨੂੰ ਮੌਜੂਦਾ ਆਈ ਸੀ ਮੁਖੀ ਥਾਮਸ ਬਾਕ ਨੇ ਸਮਰਥਨ ਦਿੱਤਾ ਹੈ। ਇਸ ਤੋਂ ਪਹਿਲਾਂ ਭਾਰਤ ਨੇ ਨਵੀਂ ਦਿੱਲੀ ਵਿਚ ਹੋਈਆਂ 2010 ਦੀਆਂ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਕੀਤੀ ਸੀ। 2036 ਲੰਪਿਕਸ ਲਈ ਅਹਿਮਦਾਬਾਦ ਨੂੰ ਸਭ ਤੋਂ ਅੱਗੇ ਮੰਨਿਆ ਜਾ ਰਿਹਾ ਹੈ।

HAPPY BAZAAR
HAPPY BAZAAR
Indian, Pakistani & Fijjian Groceries
WE ARE OPEN
7 DAYS A WEEK
9:00 am to 8:30 pm
RENT DVDS & BUY CLOTHES
ENJOY YOUR DAY WITH HOPES
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ
CALL US
Ph: (209) 478-0285
Fax: (209) 477-3206
EVERY SATURDAY & SUNDAY
SPECIAL DISCOUNT ON GROCERIES
1304 E Hammer Lane # 7 Stockton CA 95212
EMAIL : indiabazaar08@yahoo.com

# ਡੋਨਾਲਡ ਟਰੰਪ ਦੀ ਰਾਸ਼ਟਰਪਤੀ ਚੋਣਾਂ ਵਿਚ ਸ਼ਾਨਦਾਰ ਜਿੱਤ, ਪੈਨਸਿਲਵਾਨੀਆ ਸਮੇਤ ਅਹਿਮ ਰਾਜਾਂ ਵਿਚ ਹੈਰਿਸ ਹਾਰੀ

## ਇਹ ਸਾਡੇ ਲਈ ਇਤਿਹਾਸਕ ਦਿਨ, ਅਸੀਂ ਹਰ ਸਮੱਸਿਆ ਦਾ ਹੱਲ ਕਰਾਂਗੇ, ਸਰਹੱਦਾਂ ਕਰਾਂਗੇ ਸੀਲ ਤੇ ਕਾਨੂੰਨੀ ਤਰੀਕੇ ਨਾਲ ਆਉਣ ਵਾਲਿਆਂ ਦਾ ਅਮਰੀਕਾ ਕਰੇਗਾ ਸਵਾਗਤ- ਟਰੰਪ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਰਿਪਬਲੀਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਨੇ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਨੂੰ ਹਰਾ ਕੇ ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ। ਸਾਰੀਆਂ ਕਿਆਸਅਰਾਈਆਂ ਨੂੰ ਰੱਦ ਕਰਦਿਆਂ ਉੱਤਰੀ ਕੈਰੋਲੀਨਾ ਪੈਨਸਿਲਵਾਨੀਆ ਤੇ ਜਾਰਜੀਆ ਸਮੇਤ ਹੋਰ ਅਹਿਮ ਰਾਜਾਂ ਜਿਨਾਂ ਵਿਚ ਫਸਵਾਂ ਮੁਕਾਬਲਾ ਦਸਿਆ ਜਾ ਰਿਹਾ ਸੀ , ਵਿਚ ਟਰੰਪ ਜੇਤੂ ਰਹੇ ਹਨ। ਫਲੋਰਿਡਾ ,ਓਹਾਈਓ ਤੇ ਟੈਕਸਾਸ ਸਮੇਤ ਰਿਪਬਲੀਕਨਾਂ ਦੇ ਗੜ ਵਾਲੇ ਅਨੇਕਾਂ ਦੱਖਣੀ ਰਾਜਾਂ ਵਿਚ ਵੀ ਉਹ ਜਿੱਤ ਦਾ ਝੰਡਾ ਲਹਿਰਾਉਣ ਵਿਚ ਸਫਲ ਹੋਏ ਹਨ। ਉਨਾਂ ਦੇ ਵਿਰੋਧੀ ਕਮਲਾ ਹੈਰਿਸ ਵਰਮਾਊਂਟ ਤੋਂ ਮੈਰੀਲੈਂਡ ਤੱਕ ਉੱਤਰ ਪੂਰਬ ਦੇ ਕਈ ਰਾਜਾਂ ਵਿਚ ਜਿੱਤੇ ਹਨ। ਹੈਰਿਸ ਨਿਊਯਾਰਕ ਤੇ ਆਪਣੇ ਗ੍ਰਹਿ ਰਾਜ ਕੈਲੀਫੋਰਨੀਆ ਵੀ ਜਿੱਤਣ 'ਚ ਸਫਲ ਰਹੇ ਹਨ। ਆਖਰੀ ਖਬਰਾਂ ਮਿਲਣ ਤੱਕ ਟਰੰਪ ਨੇ ਲੋੜੀਂਦੀਆਂ ਇਲੈਕਟੋਰਲ ਵੋਟਾਂ 270 ਪ੍ਰਾਪਤ ਕਰ ਲਈਆਂ ਹਨ। ਉਹ 277 ਇਲੈਕਟੋਰਲ ਵੋਟਾਂ ਲਿਜਾਣ ਵਿਚ ਸਫਲ ਰਹੇ ਹਨ ਹਾਲਾਂ ਕਿ ਅਜੇ ਕੁਝ ਰਾਜਾਂ ਦੇ ਨਤੀਜੇ ਆਉਣ ਰਹਿੰਦੇ ਹਨ।

ਇਹ ਇਤਿਹਾਸਕ ਜਿੱਤ-ਟਰੰਪ- ਜਿਉਂ ਹੀ ਅਹਿਮ ਰਾਜ ਪੈਨਸਿਲਵਾਨੀਆ ਜਿਥੇ ਚੋਣ ਸਰਵੇਖਣਾਂ ਵਿਚ ਹੈਰਿਸ ਨੂੰ ਮਾਮੂਲੀ ਬੜਤ ਨਾਲ ਅੱਗੇ ਦਸਿਆ ਜਾ ਰਿਹਾ ਸੀ, ਵਿਚ ਟਰੰਪ ਦੀ ਜਿੱਤ ਦੀ ਖਬਰ ਆਈ ਤਾਂ ਟਰੰਪ ਨੇ ਫਲੋਰਿਡਾ ਵਿਚ ਇਕੱਠੇ ਹੋਏ ਆਪਣੇ ਹਜਾਰਾਂ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਇਕ ਇਤਿਹਾਸਕ ਜਿੱਤ ਹੈ। ਉਨਾਂ ਨੇ ਅਮਰੀਕੀ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਮ-




ਰੀਕਾ ਨੂੰ ਸਾਡੀ ਲੋੜ ਸੀ। ਇਸ ਲਈ ਇਹ ਜਿੱਤ ਇਤਿਹਾਸਕ ਹੈ। ਉਨਾਂ ਕਿਹਾ ਕਿ ਉਹ ਹਰ ਸਮੱਸਿਆ ਦਾ ਹੱਲ ਕਰਨਗੇ ਤੇ ਅਜਿਹਾ ਅਮਰੀਕਾ ਬਣਾਉਣਗੇ ਜਿਸ ਉਪਰ ਹਰ ਕੋਈ ਮਾਣ ਮਹਿਸੂਸ ਕਰੇਗਾ। ਉਨਾਂ ਕਿਹਾ ਕਿ ਗੈਰ ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਆਉਣ ਵਾਲੇ ਲੋਕਾਂ ਨੂੰ ਰੋਕਣ ਲਈ ਸਰਹੱਦਾਂ ਨੂੰ ਸੀਲ ਕੀਤਾ ਜਾਵੇਗਾ ਤੇ ਕਾਨੂੰਨੀ ਢੰਗ-ਤਰੀਕੇ ਨਾਲ ਅਮ-ਰੀਕਾ ਆਉਣ ਵਾਲੇ ਲੋਕਾਂ ਦਾ ਸਵਾਗਤ ਕੀਤਾ ਜਾਵਗਾ। ਟਰੰਪ ਨੇ ਆਪਣੇ 25 ਮਿੰਟਾਂ ਦੇ ਜੇਤੂ ਭਾਸ਼ਣ ਦੌਰਾਨ ਆਪਣੇ ਸਹਾਇਕਾਂ , ਸਮਰਥਕਾਂ ਦੀ ਪ੍ਰਸ਼ੰਸਾ ਕੀਤੀ ਤੇ ਆਪਣੇ ਉਪਰ ਹੋਈਆਂ ਦੋ ਜਾਨ ਲੇਵਾ ਕੋਸ਼ਿਸ਼ਾਂ ਦਾ ਵੀ ਜ਼ਿਕਰ ਕੀਤਾ। ਉਨਾਂ ਕਿਹਾ ਕਿ ਉਹ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਕੇ ਮੰਜਿਲ ਤੱਕ ਪਹੁੰਚਣ ਵਿੱਚ ਸਫਲ ਹੋਏ ਹਨ। ਉਨਾਂ ਕਿਹਾ ਕਿ ਬਹੁਤ ਸਾਰੇ ਲੋਕ ਸੋਚਦੇ ਹਨ ਕਿ ਪ੍ਰਮਾਤਮਾ ਨੇ ਮੈਨੂੰ ਕਿਸੇ ਖਾਸ ਮਕਸਦ ਲਈ ਜੀਂਦਾ ਰਖਿਆ ਹੈ। ਇਹ ਮਕਸਦ ਹੈ ਦੇਸ਼ ਨੂੰ ਬਚਾਉਣਾ ਤੇ ਉਸ ਦੀ ਮਹਾਨਤਾ ਨੂੰ ਬਹਾਲ ਕਰਨਾ। ਉਨਾਂ ਕਿਹਾ ਕਿ ਹੁਣ ਅਸੀਂ ਇਕੱਠੇ ਹੋ ਕੇ ਇਸ ਮਕਸਦ ਨੂੰ ਪੂਰਾ ਕਰਾਂਗੇ। ਟਰੰਪ ਨੇ ਆਪਣੇ ਉੱਪ ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਸੈਨੇਟਰ ਜੇ ਡੀ ਵੈਂਸ ਦੀ ਵੀ ਤਰੀਫ ਕੀਤੀ। ਉਨਾਂ ਕਿਹਾ ਕਿ ਸ਼ੁਰੂ ਵਿਚ ਮੈਨੂੰ ਕੁਝ ਝਿਝਕ ਸੀ ਪਰੰਤੂ ਛੇਤੀ ਹੀ ਮੈ ਸਮਝ ਗਿਆ ਸੀ ਕਿ ਮੇਰੀ ਚੋਣ ਬਹੁਤ ਵਧੀਆ ਹੈ। ਵੈਂਸ ਵੀ ਮੰਚ ਉਪਰ ਮੌਜੂਦ ਸਨ । ਉਨਾਂ ਨੇ ਵੀ ਜਿੱਤ ਲਈ ਅਮਰੀਕੀ ਲੋਕਾਂ ਦਾ ਧੰਨਵਾਦ ਕੀਤਾ।

**ਟਰੰਪ 26 ਰਾਜਾਂ ਵਿਚ ਜਿੱਤੇ**

ਜਿਨਾਂ 26 ਰਾਜਾਂ ਵਿਚ ਟਰੰਪ ਨੇ ਜਿੱਤ ਹਾਸਲ ਕੀਤੀ ਹੈ ਉਨਾਂ ਵਿਚ ਅਲਾਬਾਮਾ, ਅਰਕਨਸਾਸ, ਫਲੋਰਿਡਾ, ਜਾਰਜੀਆ, ਇਦਾਹੋ, ਇੰਡਿਆਨਾ, ਲੋਵਾ, ਕੰਸਾਸ, ਕੈਂਟੁਕੀ, ਲੁਇਸਿਆਨਾ, ਮਿੱਸੀਸਿੱਪੀ, ਮਿਸੂਰੀ, ਮੋਨਟਾਨਾ, ਨੈਬਰਸਕਾ, ਉੱਤਰੀ ਕੈਰੋਲੀਨਾ, ਉਹਾਈਓ, ਉੱਤਰੀ ਡਕੋਟਾ, ਓਕਲਾਹੋਮਾ, ਪੈਨਸਿਲਵਾਨੀਆ, ਦੱਖਣੀ ਕੈਰੋਲੀਨਾ, ਦੱਖਣੀ ਡਕੋਟਾ, ਟੈਨੇਸੀ, ਟੈਕਸਾਸ, ਉਟਾਹ,ਪੱਛਮੀ ਵਿਰਜੀਨੀਆ ਤੇ ਵਾਇਓਮਿੰਗ ਸ਼ਾਮਿਲ ਹਨ।

# ਦਿੱਲੀ ਚੋਣਾਂ ਤੋਂ ਪਹਿਲਾਂ ਪਾਰਟੀ ਅੰਦਰ ਤਣਾਅ ਕਾਰਨ ਕੇਜਰੀਵਾਲ ਦੀ ਸਮੱਸਿਆ ਵਧੀ

**ਨਵੀਂ ਦਿੱਲੀ–** ਆਗਾਮੀ ਵਿਧਾਨ ਸਭਾ ਚੋਣਾਂ 'ਚ ਵਰਕਰਾਂ ਤੇ ਆਗੂਆਂ ਵਿਚਾਲੇ ਚੱਲ ਰਿਹਾ ਮਤਭੇਦ ਆਮ ਆਦਮੀ ਪਾਰਟੀ ਨੂੰ ਮਹਿੰਗਾ ਪੈ ਸਕਦਾ ਹੈ। ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਆਪਣੇ ਵਰਕਰਾਂ ਅਤੇ ਕੌਂਸਲਰਾਂ ਅਤੇ ਵਿਧਾਇਕਾਂ ਵਿਚਾਲੇ ਚੱਲ ਰਹੀ ਖਿੱਚੋਤਾਣ ਨੂੰ ਖ਼ਤਮ ਕਰਨ ਵਿੱਚ ਲੱਗੇ ਹੋਏ ਹਨ। 'ਆਪ' ਮੁਖੀ ਅਰਵਿੰਦ ਕੇਜਰੀਵਾਲ ਸੀਨੀਅਰ ਵਰਕਰਾਂ, ਕੌਂਸਲਰਾਂ ਤੇ ਵਿਧਾਇਕਾਂ ਨੂੰ ਘਰ ਬੁਲਾ ਕੇ ਉਨ੍ਹਾਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਦੀ ਨਾਰਾਜ਼ਗੀ ਦੂਰ ਕਰ ਰਹੇ ਹਨ। ਇਸ ਦੇ ਨਾਲ ਹੀ ਜੇਕਰ ਲੋੜ ਪਈ ਤਾਂ ਅਸੀਂ ਉਨ੍ਹਾਂ ਦੇ ਘਰ ਵੀ ਜਾ ਕੇ ਉਨ੍ਹਾਂ ਨੂੰ ਮਨਾ ਰਹੇ ਹਾਂ।

ਕੇਜਰੀਵਾਲ ਨੇ ਪਾਰਟੀ ਮੀਟਿੰਗਾਂ 'ਚ ਇਹ ਸੰਦੇਸ਼ ਵੀ ਦਿੱਤਾ ਹੈ ਕਿ ਜੋ ਲੋਕ ਆਪਸ 'ਚ ਲੜਨਾ ਚਾਹੁੰਦੇ ਹਨ। ਉਨ੍ਹਾਂ ਨੂੰ ਇਹ ਫਰਵਰੀ ਤੋਂ ਬਾਅਦ ਕਰਨਾ ਚਾਹੀਦਾ ਹੈ, ਫਿਲਹਾਲ ਚੋਣਾਂ 'ਤੇ ਧਿਆਨ ਦੇਣਾ ਚਾਹੀਦਾ ਹੈ। ਸਮਝ ਲਓ ਕਿ ਕੇਜਰੀਵਾਲ ਹਰ ਸੀਟ 'ਤੇ ਚੋਣ ਲੜ ਰਿਹਾ ਹੈ।

ਵਰਣਨਯੋਗ ਹੈ ਕਿ ਦਿੱਲੀ ਵਿਧਾਨ ਸਭਾ ਚੋਣ ਆਮ ਆਦਮੀ ਪਾਰਟੀ ਲਈ ਅਹਿਮ ਹੈ। ਦਿੱਲੀ ਵਿੱਚ ਦੋ ਵਾਰ ਪੂਰੇ ਬਹੁਮਤ ਨਾਲ ਚੋਣ ਜਿੱਤਣ ਵਾਲੀ 'ਆਪ' ਇਸ ਵਾਰ ਡਰੀ ਹੋਈ ਹੈ। ਉਨ੍ਹਾਂ ਦੇ ਖਦਸ਼ੇ ਦਾ ਕਾਰਨ ਪਾਰਟੀ ਆਗੂਆਂ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਹਨ, ਜਿਸ ਤੋਂ ਖ਼ੁਦ ਪਾਰਟੀ ਮੁਖੀ ਅਰਵਿੰਦ ਕੇਜਰੀਵਾਲ ਵੀ ਅਛੂਤੇ ਨਹੀਂ ਹਨ। ਨਾਲ ਹੀ, ਉਹ ਪੰਜ ਮਹੀਨਿਆਂ ਤੋਂ ਜੇਲ੍ਹ ਵਿੱਚ ਰਹਿ ਕੇ ਆਇਆ ਹੈ। ਇਸੇ ਕਰਕੇ ਆਪ ਇਸ ਵਾਰ ਵੀ ਚਿੰਤਤ ਹੈ। ਦਿੱਲੀ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਆਮ ਆਦਮੀ ਪਾਰਟੀ ਲਗਾਤਾਰ ਸਰਗਰਮ ਹੈ। ਗੋਪਾਲ ਰਾਏ ਨੇ ਕਿਹਾ ਕਿ ਹਾਲ ਹੀ ਵਿੱਚ ਅਸੀਂ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਜਾਣਕਾਰੀ ਹਰ ਘਰ ਤੱਕ ਪਹੁੰਚਾਉਣ ਲਈ ਮੁਹਿੰਮ ਸ਼ੁਰੂ ਕੀਤੀ ਸੀ। ਜਿੱਥੇ ਵਿਧਾਨ ਸਭਾ ਹਲਕਿਆਂ ਵਿੱਚ ਕੰਮ ਚੱਲ ਰਿਹਾ ਸੀ, ਉੱਥੇ 'ਆਪ' ਵਿਧਾਇਕਾਂ ਨੇ ਉਨ੍ਹਾਂ ਨੂੰ ਪ੍ਰੋਗਰਾਮ ਤਹਿਤ ਰੱਖਿਆ ਸੀ, ਇਸ ਤੋਂ ਬਾਅਦ ਚੋਣਾਂ ਦੇ ਮੱਦੇਨਜ਼ਰ ਪੂਰੀ ਦਿੱਲੀ ਵਿੱਚ ਹਰ ਬੂਥ 'ਤੇ ਬੂਥ ਕਮੇਟੀਆਂ ਦੇ ਗਠਨ ਦਾ ਕੰਮ ਮੁਕੰਮਲ ਕਰ ਲਿਆ ਗਿਆ ਹੈ। ਇਸ ਤੋਂ ਬਾਅਦ 'ਆਪ' ਆਗੂਆਂ ਨੇ ਸਾਰੇ ਵਿਧਾਨ ਸਭਾ ਹਲਕਿਆਂ ਵਿੱਚ ਪੈਦਲ ਯਾਤਰਾਵਾਂ ਕੀਤੀਆਂ। ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਆਪਣੇ ਦੂਜੇ ਪੜਾਅ ਦੇ ਹਿੱਸੇ ਵਜੋਂ ਪਦਯਾਤਰਾ ਕੱਢ ਰਹੇ ਹਨ। ਹੁਣ ਅਗਲੇ ਪੜਾਅ ਵਿੱਚ 'ਆਪ' 11 ਨਵੰਬਰ ਤੋਂ ਜ਼ਿਲ੍ਹਾ ਵਰਕਰ ਕਾਨਫਰੰਸ ਸ਼ੁਰੂ ਕਰਨ ਜਾ ਰਹੀ ਹੈ। ਪਾਰਟੀ ਦੇ ਆਧਾਰ 'ਤੇ 14 ਜ਼ਿਲ੍ਹੇ ਬਣਾਏ ਗਏ ਹਨ। ਇੱਕ ਜ਼ਿਲ੍ਹੇ ਵਿੱਚ ਪੰਜ ਵਿਧਾਨ ਸਭਾ ਹਲਕੇ ਹਨ। ਇਸ ਦਾ ਆਯੋਜਨ ਹਰ ਜ਼ਿਲ੍ਹੇ ਵਿੱਚ ਕੀਤਾ ਜਾਵੇਗਾ।

**ਵੱਡੀ ਤਿਆਰੀ 'ਚ ਆਮ ਆਦਮੀ ਪਾਰਟੀ**

ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਇਨ੍ਹਾਂ ਕਾਨਫਰੰਸਾਂ ਨੂੰ ਸੰਬੋਧਨ ਕਰਨਗੇ। ਕਾਨਫਰੰਸ ਵਿੱਚ ਅਹੁਦੇਦਾਰਾਂ ਨੂੰ ਸਹੁੰ ਚੁਕਾਈ ਜਾਵੇਗੀ ਅਤੇ ਅਗਲੀਆਂ ਵਿਧਾਨ ਸਭਾ ਚੋਣਾਂ ਜਿੱਤਣ ਦੇ ਟੀਚੇ ਦਿੱਤੇ ਜਾਣਗੇ।

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਚੋਣਾਂ ਵਿੱਚ 15 ਭਾਰਤੀ/ ਪੰਜਾਬੀ ਜਿੱਤੇ


**ਉਜਾਗਰ ਸਿੰਘ**

ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀਆਂ ਚੋਣਾਂ ਵਿੱਚ ਐਨ.ਡੀ.ਪੀ. ਨੇ 93 ਮੈਂਬਰੀ ਵਿਧਾਨ ਸਭਾ ਵਿੱਚੋਂ 47 ਸੀਟਾਂ 'ਤੇ ਜਿੱਤ ਪ੍ਰਾਪਤ ਕਰਕੇ ਬਹੁਮਤ ਪ੍ਰਾਪਤ ਕਰ ਲਿਆ ਹੈ। ਕੰਜ਼ਰਵੇਟਿਵ ਪਾਰਟੀ ਨੂੰ 44 ਸੀਟਾਂ 'ਤੇ ਜਿੱਤ ਨਸੀਬ ਹੋਈ ਹੈ। ਇਨ੍ਹਾਂ ਚੋਣਾਂ ਵਿੱਚ 15 ਭਾਰਤੀਆਂ/ਪੰਜਾਬੀਆਂ ਨੇ ਜਿੱਤ ਪ੍ਰਾਪਤ ਕੀਤੀ ਹੈ। ਵਿਧਾਨ ਸਭਾ ਵਿੱਚ ਹਰ ਛੇਵਾਂ ਭਾਰਤੀ ਮੂਲ ਦਾ ਮੈਂਬਰ ਹੈ। ਕੈਨੇਡਾ ਵਿੱਚ 2021 ਦੀ ਜਨਸੰਖਿਆ ਅਨੁਸਾਰ 9 ਲੱਖ 50 ਹਜ਼ਾਰ ਦੇ ਕਰੀਬ ਨਟਾਰੀ , ਬ੍ਰਿਟਿਸ਼ ਕੋਲੰਬੀਆ, ਅਲਬਰਟਾ, ਮੋਨੀਟੋਬਾ ਅਤੇ ਕਿਊਬਕ ਸੂਬਿਆਂ ਵਿੱਚ ਭਾਰਤੀ ਮੂਲ ਦੇ ਪੰਜਾਬੀਆਂ/ਸਿੱਖਾਂ ਦੀ ਵਸੋਂ ਹੈ। ਨਟਾਰੀ ਸੂਬੇ ਵਿੱਚ ਸਭ ਤੋਂ 4 ਲੱਖ ਦੇ ਲਗਪਗ ਅਤੇ ਦੂਜੇ ਨੰਬਰ 'ਤੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ 3 ਲੱਖ 15 ਹਜ਼ਾਰ ਹੈ। ਸੰਸਾਰ ਦਾ ਕੋਈ ਦੇਸ਼ ਅਜਿਹਾ ਨਹੀਂ ਜਿੱਥੇ ਭਾਰਤੀ ਮੂਲ ਦੇ ਪੰਜਾਬੀ/ਭਾਰਤੀ ਨਾ ਹੋਣ। ਉਥੇ ਉਹ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ। ਸੰਸਾਰ ਵਿੱਚ ਸਭ ਤੋਂ ਵੱਧ ਭਾਰਤੀ ਮੂਲ ਦੇ/ਪੰਜਾਬੀ ਕੈਨੇਡਾ ਵਿੱਚ ਹਨ। ਕੈਨੇਡਾ ਦੇ ਵਿਕਾਸ ਵਿੱਚ ਪੰਜਾਬੀਆਂ ਨੇ ਵੱਡੀਆਂ ਮੱਲਾਂ ਮਾਰੀਆਂ ਹਨ। ਪੰਜਾਬੀਆਂ/ਸਿੱਖਾਂ ਨੇ ਹਮੇਸ਼ਾ ਕੈਨੇਡਾ ਦੀ ਸਿਆਸਤ ਵਿੱਚ ਧੁੰਮਾਂ ਪਾਈਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਪੰਜਾਬੀ/ਭਾਰਤੀ ਮਹੱਤਵਪੂਰਨ ਵਿਭਾਗਾਂ ਦੇ ਮੰਤਰੀ ਹਨ। ਉਨ੍ਹਾਂ ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਵਿਲੱਖਣ ਯੋਗਦਾਨ ਪਾਇਆ ਹੈ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀ 43ਵੀਂ ਵਿਧਾਨ ਸਭਾ ਦੀਆਂ ਚੋਣਾ ਹੁਣੇ ਹੀ ਅਕਤੂਬਰ 2024 ਵਿੱਚ ਹੋਈਆਂ ਹਨ। ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਇਸ ਵਾਰ ਕੁਲ 3550017 ਵੋਟਰਾਂ ਵਿੱਚੋਂ 2038075 ਵੋਟਰਾਂ ਭਾਵ 47.41 ਫ਼ੀ ਸਦੀ ਵੋਟਾਂ ਪੋਲ ਹੋਈਆਂ ਹਨ, ਜਦੋਂ ਕਿ 2020 ਵਿੱਚ 47.69 ਫ਼ੀ ਸਦੀ ਵੋਟਾਂ ਪੋਲ ਹੋਈਆਂ ਸਨ। ਇਨ੍ਹਾਂ ਚੋਣਾਂ ਵਿੱਚ ਪਹਿਲੀ ਵਾਰ ਭਾਰਤੀਆਂ/ਪੰਜਾਬੀਆਂ/ਸਿੱਖਾਂ ਨੇ 15 ਸੀਟਾਂ ਜਿੱਤਕੇ ਇਤਿਹਾਸ ਸਿਰਜਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਕਦੀਂ ਵੀ ਇਤਨੀਆਂ ਸੀਟਾਂ ਜਿੱਤੀਆਂ ਨਹੀਂ ਸਨ। 2021 ਦੀ ਜਨਗਣਨਾ ਅਨੁਸਾਰ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਭਾਰਤੀਆਂ/ਪੰਜਾਬੀਆਂ/ਸਿੱਖਾਂ ਦੀ ਵਸੋਂ ਸਿਰਫ਼ 3 ਫ਼ੀ ਸਦੀ ਹੈ, ਜਦੋਂ ਕਿ ਉਨ੍ਹਾਂ ਨੇ ਵਿਧਾਨ ਸਭਾ ਦੀਆਂ 16 ਫ਼ੀ ਸਦੀ ਸੀਟਾਂ ਜਿੱਤਕੇ ਵੱਡਾ ਮਾਹਰਕਾ ਮਾਰਿਆ ਹੈ। ਜਗਮੀਤ ਸਿੰਘ ਕੈਨੇਡਾ ਦੀ ਨਿਊ ਡੈਮੋਕਰੈਟਿਕ ਪਾਰਟੀ ਦਾ ਪ੍ਰਧਾਨ ਹੈ। 37 ਪੰਜਾਬੀਆਂ/ਸਿੱਖਾਂ ਨੇ ਐਨ.ਡੀ.ਪੀ. ਅਤੇ ਕੰਜ਼ਰਵੇਟਿਵ ਪਾਰਟੀ ਵੱਲੋਂ ਚੋਣ ਲੜੀ ਸੀ, ਜਿਨ੍ਹਾਂ ਵਿੱਚੋਂ 15 ਨੇ ਆਪੋ ਆਪਣੀਆਂ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ। ਇਨ੍ਹਾਂ ਵਿੱਚ ਐਨ।ਡੀ।ਪੀ। ਦੇ 11 ਅਤੇ ਕੰਜ਼ਰਵੇਟਿਵ ਪਾਰਟੀ ਦੇ 4 ਉਮੀਦਵਾਰ ਚੋਣ ਜਿੱਤੇ ਹਨ। ਇਨ੍ਹਾਂ ਜਿੱਤਣ ਵਾਲੇ 15 ਵਿਧਾਨਕਾਰਾਂ ਵਿੱਚ 7 ਮਰਦ ਅਤੇ 8 ਇਸਤਰੀਆਂ ਹਨ। 2020 ਦੀਆਂ ਵਿਧਾਨ ਸਭਾ ਚੋਣਾ ਵਿੱਚ ਸਿਰਫ਼ 9 ਪੰਜਾਬੀ/ਸਿੱਖ ਉਮੀਦਵਾਰ ਜਿੱਤ ਸਕੇ ਸਨ। ਐਨ।ਡੀ।ਪੀ।ਨੂੰ 44.60 ਫ਼ੀ ਸਦੀ ਵੋਟਾਂ ਪਈਆਂ ਹਨ। ਕੰਜ਼ਰਵੇਟਿਵ ਪਾਰਟੀ ਨੂੰ 43.57 ਫ਼ੀ ਸਦੀ ਵੋਟਾਂ ਪੋਲ ਹੋਈਆਂ ਹਨ। ਦੋਹਾਂ ਪਾਰਟੀਆਂ ਨੂੰ ਪੋਲ ਹੋਈਆਂ ਵੋਟਾਂ ਤੋਂ ਪਤਾ ਲੱਗਦਾ ਹੈ ਕਿ ਕੰਜ਼ਰਵੇਟਿਵ ਪਾਰਟੀ ਨੂੰ ਸਿਰਫ਼ 1 ਫ਼ੀ ਸਦੀ ਘੱਟ ਵੋਟਾਂ ਪੋਲ ਹੋਈਆਂ ਹਨ। ਦੋਹਾਂ ਦੀ ਬਰਾਬਰ ਦੀ ਟੱਕਰ ਰਹੀ ਹੈ। 2 ਸੀਟਾਂ ਗਰੀਨ ਪਾਰਟੀ ਨੇ ਜਿੱਤੀਆਂ ਹਨ, ਉਨ੍ਹਾਂ ਨੂੰ 8.19 ਫ਼ੀ ਸਦੀ ਵੋਟਾਂ ਪੋਲ ਹੋਈਆਂ ਹਨ। 2020 ਵਿੱਚ ਐਨ.ਡੀ.ਪੀ. ਨੇ 47 ਫ਼ੀ ਸਦੀ ਵੋਟਾਂ ਲੈ ਕੇ 57 ਸੀਟਾਂ ਜਿੱਤੀਆਂ ਸਨ। ਕੰਜ਼ਰਵੇਟਿਵ ਪਾਰਟੀ ਨੇ 33 ਫ਼ੀ ਸਦੀ ਵੋਟਾਂ ਲੈ ਕੇ 28 ਸੀਟਾਂ ਜਿੱਤੀਆਂ ਸਨ। ਗਰੀਨ ਪਾਰਟੀ ਨੇ ਪਹਿਲਾਂ ਵੀ 2 ਸੀਟਾਂ ਜਿੱਤੀਆਂ ਸਨ ਤੇ ਇਸ ਵਾਰ ਵੀ 2 ਹੀ ਜਿੱਤੀਆਂ ਹਨ ਤੇ ਵੋਟਾਂ ਦੀ ਪ੍ਰਤੀਸ਼ਤਤਾ ਵੀ ਦੋਵੇਂ ਵਾਰ ਬਰਾਬਰ ਹੈ। ਕੰਜ਼ਰਵੇਟਿਵ ਪਾਰਟੀ ਨੂੰ 16 ਸੀਟਾਂ ਦਾ ਲਾਭ ਹੋਇਆ ਹੈ ਤੇ ਐਨ।ਡੀ।ਪੀ।ਨੂੰ 10 ਸੀਟਾਂ ਦਾ ਨੁਕਸਾਨ ਹੋਇਆ ਹੈ। ਪਹਿਲੀ ਵਾਰ ਪੰਜਾਬੀਆਂ/ਸਿੱਖਾਂ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ ਤੇ ਉਹ ਵੱਡੀ ਮਾਤਰਾ ਵਿੱਚ ਪ੍ਰਤੀਨਿਧਤਾ ਕਰਨ ਜਾ ਰਹੇ ਹਨ। ਪੰਜਾਬੀ ਉਜਲ ਦੁਸਾਂਝ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਮੁੱਖ ਮੰਤਰੀ ਅਰਥਾਤ ਪ੍ਰੀਮੀਅਰ ਰਹੇ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਪੰਜਾਬੀ/ਸਿੱਖ ਪਹਿਲਾਂ ਵੀ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਮੰਤਰੀ ਰਹੇ ਹਨ। ਵਿਧਾਨ ਸਭਾ ਦੀ ਚੋਣ ਜਿੱਤੇ ਉਮੀਦਵਾਰਾਂ ਵਿੱਚ ਐਨ।ਡੀ।ਪੀ।ਦੇ ਲੁਧਿਆਣਾ ਜ਼ਿਲ੍ਹੇ ਦੇ ਗਹੌਰ ਪਿੰਡ ਦੇ ਜੰਮ ਪਲ ਬਰਨਬੀ ਨਿਊਵੈਸਟ ਹਲਕੇ ਤੋਂ ਰਾਜ ਚੌਹਾਨ ਨੇ ਦਿੱਲੀ ਦੇ ਜੰਮਪਲ ਤੇ ਕੰਜ਼ਰਵੇਟਿਵ ਪਾਰਟੀ ਦੇ ਦੀਪਕ ਸੂਰੀ, ਬਠਿੰਡਾ ਜ਼ਿਲ੍ਹੇ ਦੇ ਪਿੰਡ ਦਿ ਣ ਦੇ ਸਰੀ ਫਲੀਟਵੁੱਡ ਹਲਕੇ ਤੋਂ ਜਗਰੂਪ ਸਿੰਘ ਬਰਾੜ ਨੇ ਜ਼ਿਲ੍ਹਾ ਮੋਗਾ ਦੇ ਪਿੰਡ ਕਾਲੇਕਾ ਦੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਅਵਤਾਰ ਸਿੰਘ ਗਿੱਲ, ਜ਼ਿਲ੍ਹਾ ਜਲੰਧਰ ਦੇ ਪਿੰਡ ਸੁੰਨੜ ਕਲਾਂ ਦੀ ਮਨੁੱਖੀ ਅਧਿਕਾਰਾਂ ਦੀ ਉਘੀ ਵਕੀਲ ਜਸਪ੍ਰੀਤ ਕੌਰ ਜੈਸੀ ਸੁੰਨੜ ਨੇ ਸਰੀ ਨਿਊਟਨ ਤੋਂ ਬਟਾਲਾ ਨਜ਼ਦੀਕ ਪਿੰਡ ਸ਼ੇਖ਼ੂਪੁਰ ਦੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਤੇਗਜੋਤ ਬੱਲ ਅਤੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਭਾਗੋਵਾਲ ਦੇ ਰਵਿੰਦਰ ਸਿੰਘ ਰਵੀ ਕਾਹਲੋਂ ਨੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਰਾਜ ਵੈਐਲੀ ਨੂੰ ਹਰਾਕੇ ਚੋਣ ਜਿੱਤ ਗਏ ਹਨ। ਐਨ.ਡੀ.ਪੀ. ਪਾਰਟੀ ਦੇ ਲੁਧਿਆਣਾ ਨਾਲ ਸੰਬੰਧਿਤ ਅਟਾਰਨੀ ਜਨਰਲ ਨਿੱਕੀ ਸ਼ਰਮਾ ਵੈਨਕੂਵਰ ਹੇਸਟਿੰਗਜ਼, ਜਗਰਾਉਂ ਦੀ ਧੀ ਉਘੀ ਸਮਾਜ ਸੇਵਿਕਾ ਸੁਨੀਤਾ ਧੀਰ ਵੈਨਕੂਵਰ ਲੰਗਾਰਾ, ਮਾਹਿਲਪੁਰ ਦੇ ਨੇੜਲੇ ਪਿੰਡ ਜੰਗਲੀਆਣਾ ਦੇ ਰਵੀ ਪਰਮਾਰ ਲੌਂਗਫੀਲਡ ਹਾਈਲੈਂਡ, ਅੰਮ੍ਰਿਤਸਰ ਦੀ ਰੀਆ ਅਰੋੜਾ ਬਰਨਾਬੀ ਈਸਟ ਵਿਧਾਨ ਸਭਾ ਹਲਕੇ ਤੋਂ ਅਤੇ ਜ਼ੀਰਾ ਨੇੜੇ ਜੌੜਾ ਪਿੰਡ ਦੀ ਧੀ ਹਰਵਿੰਦਰ ਕੌਰ ਸੰਧੂ ਵਰਨੋਨ ਮੋਨਾਸ਼ਰੀ ਤੋਂ, ਐਨੇ ਕੰਗ ਬਰਨੀ ਸੈਂਟਰ ਤੋਂ, ਅਤੇ ਅਮਨਾ ਸ਼ਾਹ ਸਰੀ ਸਿਟੀ ਸੈਂਟਰ ਤੋਂ ਜਿੱਤ ਗਏ ਹਨ। ਹਰਵਿੰਦਰ ਕੌਰ ਸੰਧੂ ਨਰਸ ਹਨ ਤੇ ਦੂਜੀ ਵਾਰ ਜੇਤੂ ਰਹੇ ਹਨ।

ਜੈਸੀ ਸੁੰਨੜ ਹੈਰੀ ਬੈਂਸ ਦੇ ਪਦ ਚਿੰਨ੍ਹਾਂ 'ਤੇ ਚਲਦੀ ਹੋਈ ਜਿੱਤ ਰਹੀ ਹੈ, ਹੈਰੀ ਬੈਂਸ 2005 ਤੱਕ ਵਿਧਾਨਕਾਰ ਤੇ ਲੰਬਾ ਸਮਾਂ ਮੰਤਰੀ ਰਿਹਾ ਹੈ। ਸੁਨੀਤਾ ਧੀਰ 48.2 ਫ਼ੀ ਸਦੀ ਵੋਟਾਂ ਲੈ ਕੇ ਜਿੱਤੀ ਹੈ। ਰਾਜ ਚੌਹਾਨ 2005 ਤੋਂ ਲਗਾਤਾਰ ਜਿੱਤਦਾ ਆ ਰਿਹਾ ਹੈ। ਜਗਰੂਪ ਸਿੰਘ ਬਰਾੜ ਇੱਕ ਐਨ.ਜੀ. ਸਰੀ ਸੈਲਫ ਇਮਪਲਾਇਮੈਂਟ ਐਂਟਪ੍ਰੀਨਿਊਰ ਸੋਸਾਇਟੀ ਦਾ ਡਾਇਰੈਕਟਰ ਹੈ। ਜਗਰੂਪ ਸਿੰਘ ਬਰਾੜ 7ਵੀਂ ਚੁਣੇ ਗਏ ਹਨ। ਜਗਰੂਪ ਸਿੰਘ ਬਰਾੜ ਰਾਜ ਮੰਤਰੀ ਸਨ ਅਤੇ ਭਾਰਤ ਦੀ ਪੁਰਸ਼ ਬਾਸਕਟਵਾਲ ਟੀਮ ਦੇ ਮੈਂਬਰ ਵੀ ਰਹੇ ਹਨ। ਦਿ ਣ ਪਿੰਡ ਦੇ ਟਿੱਬਿਆਂ ਦਾ ਜੰਮਿਆਂ ਜਗਰੂਪ ਸਿੰਘ ਬਰਾੜ ਗੁਲਾਬ ਦੇ ਫੁਲ ਦੀ ਤਰ੍ਹਾਂ ਕੈਨੇਡਾ ਦੀ ਸਿਆਸਤ ਨੂੰ ਸੁਗੰਧਤ ਕਰ ਰਿਹਾ ਹੈ। ਰਵੀ ਕਾਹਲੋਂ ਵੀ ਸਾਬਕਾ ਮੰਤਰੀ ਰਿਹਾ ਹੈ। ਮਨਦੀਪ ਸਿੰਘ ਧਾਲੀਵਾਲ ਭਾਰਤ ਵਿੱਚ ਕੌਮੀ ਪੱਧਰ ਦਾ ਖਿਡਾਰੀ ਰਿਹਾ ਹੈ ਤੇ ਉਸਨੇ ਖਾਲਸਾ ਏਡ ਲਈ 1 ਲੱਖ ਡਾਲਰ ਇਕੱਤਰ ਕੀਤੇ ਹਨ। ਰੀਅ ਅਰੋੜਾ ਬੀ।ਸੀ।ਫੈਡਰੇਸ਼ਨ ਆਫ਼ ਲੇਬਰ ਆਰਗੇਨਾਂਈਜੇਸ਼ਨ ਦੀ ਡਾਇਰੈਕਟਰ ਰਹੀ ਹੈ। ਰਾਜ ਚੌਹਾਨ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਦੇ ਸਪੀਕਰ ਸਨ ਅਤੇ 6ਵੀਂ ਵਾਰ ਚੋਣ ਜਿੱਤਿਆ ਹੈ। ਇਸ ਤੋਂ ਇਲਾਵਾ ਉਹ 2013 ਤੋਂ 2017 ਤੱਕ ਵਿਧਾਨ ਸਭਾ ਦੇ ਸਹਾਇਕ ਡਿਪਟੀ ਸਪੀਕਰ ਰਹੇ ਹਨ। ਉਹ 2017 ਤੋਂ 2020 ਦੌਰਾਨ ਡਿਪਟੀ ਸਪੀਕਰ ਰਹੇ ਹਨ। ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਸਰਕਾਰ ਦੇ ਤਿੰਨ ਪੰਜਾਬੀ ਸਿੱਖ ਮੰਤਰੀ ਰਾਜ ਚੌਹਾਨ, ਨਿੱਕੀ ਸ਼ਰਮਾ ਅਤੇ ਜਗਰੂਪ ਸਿੰਘ ਬਰਾੜ ਚੋਣ ਜਿੱਤ ਗਏ ਹਨ। ਚੋਣ ਹਾਰਨ ਵਾਲਿਆਂ ਵਿੱਚ ਮੰਤਰੀ ਰਚਨਾਂ ਸਿੰਘ ਸ਼ਾਮਲ ਹਨ। ਚੋਣ ਜਿੱਤਣ ਵਾਲਿਆਂ ਵਿੱਚ ਸਭ ਤੋਂ ਛੋਟੀ ਉਮਰ ਦਾ 30 ਸਾਲ ਦੇ ਰਵੀ ਪਰਮਾਰ ਹੈ, ਜੋ 51 ਫ਼ੀ ਸਦੀ ਵੋਟਾਂ ਲੈ ਕੇ ਜਿੱਤਿਆ ਹੈ। ਉਹ ਅੰਤਰਰਾਸ਼ਟਰੀ ਕਬੱਡੀ ਪਲੇਅਰ ਵੀ ਰਿਹਾ ਹੈ। ਹਰਮਨ ਸਿੰਘ ਭੰਗੂ ਫੁੱਟਬਾਲ ਕੋਚ ਰਿਹਾ ਹੈ। ਉਹ ਕਨਸਟਰਕਸ਼ਨ ਦਾ ਠੇਕੇਦਾਰ ਹੈ।








ਕੰਜ਼ਰਵੇਟਿਵ ਪਾਰਟੀ ਜਿਹੜੇ 4 ਉਮੀਦਵਾਰ ਜਿੱਤੇ ਹਨ, ਉਨ੍ਹਾਂ ਵਿੱਚ ਮੁਲਾਂਪੁਰ ਦਾਖਾ ਨੇੜਲੇ ਪਿੰਡ ਰਕਬਾ ਦੀ ਹੋਣਹਾਰ ਧੀ ਡਾ. ਜੋਤੀ ਤੂਰ ਲੈਂਗਲੀ ਵਿਲੋਬਰਿਕ, ਅੰਤਰ ਰਾਸ਼ਟਰੀ ਕਬੱਡੀ ਖਿਡਾਰੀ ਰਹੇ ਬਾਬਾ ਬਕਾਲਾ ਨੇੜਲੇ ਪਿੰਡ ਸਠਿਆਲਾ ਦੇ ਜੰਮਪਲ ਮਨਦੀਪ ਸਿੰਘ ਧਾਲੀਵਾਲ ਨੇ ਸਰੀ ਨੌਰਥ, ਜਲੰਧਰ ਜ਼ਿਲ੍ਹੇ ਦੇ ਪਿੰਡ ਪੂਰਨਪੁਰ ਦੇ ਹਰਮਨ ਸਿੰਘ ਭੰਗੂ ਲੈਂਗਲੀ ਐਬੋਟਸਬੋਰਡ ਅਤੇ ਉਘੇ ਵਕੀਲ ਤੇ ਰਿਚਮੰਡ ਕੁਈਨਜ਼ਬਰੋ ਤੋਂ ਸਟੈਵ ਕੂਨਰ ਸ਼ਾਮਲ ਹਨ। ਸਟੈਵ ਕੂਨਰ ਨੇ ਸੁਲਤਾਨਪੁਰ ਲੋਧੀ ਨਾਲ ਸੰਬੰਧਿਤ ਐਨ.ਡੀ.ਪੀ. ਉਮੀਦਵਾਰ ਅਮਨਦੀਪ ਸਿੰਘ ਨੂੰ ਹਰਾਇਆ ਹੈ।

ਮਨਦੀਪ ਧਾਲੀਵਾਲ ਨੇ ਸਿੱਖਿਆ ਤੇ ਬਾਲ ਭਲਾਈ ਮੰਤਰੀ ਤੇ ਜਗਰਾਉਂ ਨੇੜੇ ਭੰਮੀਪੁਰਾ ਐਨ.ਡੀ.ਪੀ. ਉਮੀਦਵਾਰ ਰਚਨਾ ਸਿੰਘ ਨੂੰ ਹਰਾਇਆ ਹੈ। ਲਗਾਤਾਰ ਪੰਜਾਬੀ ਸਿੱਖ ਕੈਨੇਡਾ ਵਿੱਚ ਸਿਆਸੀ ਖੇਤਰ ਵਿੱਚ ਨਾਮਣਾ ਖੱਟ ਰਹੇ ਹਨ। ਇਸ ਲਈ ਕੈਨੇਡਾ ਵਿਖੇ ਪੜ੍ਹਾਈ ਕਰਨ ਜਾ ਰਹੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਜ਼ਿੰਦਗੀ ਦੀ ਜਦੋਜਹਿਦ ਤੋਂ ਪ੍ਰੇਰਨਾ ਲੈ ਕੇ ਸ਼ਾਂਤਮਈ ਢੰਗ ਨਾਲ ਪੜ੍ਹਾਈ ਕਰਨੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਦਾ ਭਵਿਖ ਸੁਨਹਿਰੀ ਹੋ ਸਕੇ। ਨਵੇਂ ਚੁਣੇ ਗਏ ਵਿਧਾਇਕਾਂ ਨੂੰ ਪੰਜਾਬੀਆਂ ਵੱਲੋਂ ਸ਼ੁਭ ਕਾਮਨਾਵਾਂ।

## ਦੂਰਦਰਸ਼ਨ ਜਲੰਧਰ ਲਈ "ਨਸੀਹਤ" ਤੇ "ਹੰਕਾਰ" ਸੀਰੀਅਲ ਡਾਇਰੈਕਟ ਕਰ ਕਿ ਅੱਜ ਨਾਮਵਰ ਵੀਡਿ /ਫ਼ਿਲਮ ਨਿਰਦੇਸ਼ਕ ਅਵਤਾਰ ਵਰਮਾ

ਅਵਤਾਰ ਵਰਮਾ ਨੇ ਜ਼ਿੰਦਗੀ ਵਿੱਚ ਸੰਘਰਸ਼ ਵੀ ਬਹੁਤ ਕੀਤਾ ਹੈ ਤੇ ਟਰਾਂਸਪੋਰਟਰ ਬਣ ਖੁਸ਼ਹਾਲੀ ਦੌਰ ਵੀ ਦੇਖਿਆ ਹੈ ਪਰ ਸ਼ੁਰੂ ਤੋਂ ਐਕਟਿੰਗ ਦੇ ਸ਼ੌਂਕ, ਲਿਖਣ ਦੇ ਸ਼ੌਂਕ ਤੇ ਨਿਰਦੇਸ਼ਨ ਵੱਲ ਧਿਆਨ ਨੇ ਆਖ਼ਿਰ ਅਵਤਾਰ ਵਰਮਾ ਨੂੰ ਨਾਮਵਰ ਨਿਰਦੇਸ਼ਕ ਬਣਾ ਹੀ ਦਿੱਤਾ। ਦੂਰਦਰਸ਼ਨ ਜਲੰਧਰ ਤੇ ਪ੍ਰਾਈਵੇਟ ਤੌਰ ਤੇ ਪੰਜਾਬੀ ਸੀਰੀਅਲ ਬਣਾਉਣਾ ਖਾਲਾ ਜੀ ਦਾ ਵਾੜਾ ਨਹੀਂ ਸੀ ਤਦ ਕਿਉਂ ਕਿ ਕਲਾਕਾਰਾਂ ਡੀ ਚੋਣ, ਹਨਾਂ ਦਾ ਭੁਗਤਾਨ ,ਸ਼ੂਟਿੰਗ ਦੇ ਖਰਚੇ ਤੇ ਫਿਰ ਪ੍ਰਸਾਰਣ ਲਈ ਸਰਕਾਰੀ ਫੀਸ ਜਮ੍ਹਾਂ ਕਰਵਾਉਣੀ। ਬਦਲੇ ਵਿੱਚ ਕੁੱਝ ਮਿੰਟ ਵਿਗਿਆਪਨ ਲਈ ਮਿਲਣੇ ਤੇ ਨਵੇਂ ਹੋਣ ਕਾਰਨ ਐਡ ਏਜੰਸੀਆਂ ਨੇ ਮਨ ਮਨਮਰਜ਼ੀ ਦੇ ਪੈਸੇ ਦੇਣੇ। ਅਵਤਾਰ ਵਰਮਾ ਅਨੁਸਾਰ ਸਾਰਾ ਔਖਾ ਕੰਮ ਪਰ ਹ ਜਨੂੰਨ ਨਾਲ, ਜਜ਼ਬੇ ਨਾਲ ਲੱਗੇ ਰਹੇ ਤੇ 50 ਕਿਸ਼ਤਾਂ ਤੋਂ ਵੀ ਜਿਆਦਾ ਹਨਾਂ ਦੇ ਸੀਰੀਅਲ "ਨਸੀਹਤ" ਦੀਆਂ ਜਲੰਧਰ ਟੀਵੀ ਤੇ ਪ੍ਰਸਾਰਿਤ ਹੋਈਆਂ। ਇਸ ਨਾਲ ਨਾਮ ਬਣ ਗਿਆ ਕਿ ਅਵਤਾਰ ਵਰਮਾ ਦੀ ਨਿਰਦੇਸ਼ਨਾ ਵਿੱਚ ਦਮ ਹੈ। ਲੁਧਿਆਣਾ ਦੇ ਅਵਤਾਰ ਵਰਮਾ ਨੇ ਫਿਰ ਦੂਰਦਰਸ਼ਨ ਜਲੰਧਰ ਲਈ ਹੀ ਪੰਜਾਬੀ ਲੜੀਵਾਰ "ਹੰਕਾਰ" ਕੀਤਾ ਤੇ ਇਹ ਵੀ ਕਾਮਯਾਬ ਹੋਣ ਕਾਰਨ ਹਨਾਂ ਨੂੰ ਸਥਾਨਕ ਮਸ਼ਹੂਰੀਆਂ ਬਣਾਉਣ ਦਾ ਕੰਮ ਮਿਲਿਆ, ਦੌਲਤ ਤੇ ਸ਼ੋਹਰਤ ਦਾ ਸਿਲਸਿਲਾ ਅਵਤਾਰ ਵਰਮਾ ਲਈ ਸ਼ੁਰੂ ਹੋ ਗਿਆ। ਅਵਤਾਰ ਵਰਮਾ ਨੇ ਨਿਰਦੇਸ਼ਕ ਬਣ ਲੁਧਿਆਣਾ ਦੇ ਥੀਏਟਰ ਕਲਾਕਾਰਾਂ ਦੀ ਜ਼ਿੰਦਗੀ ਬਣਾ ਦਿੱਤੀ ਤੇ ਹਨਾਂ ਦੀ ਫ਼ਿਲਮ "ਖੇਲ ਤਕਦੀਰਾਂ ਦੇ" ਇੱਕ ਸੀਰੀਅਲ ਦੀ ਤਰਾਂ ਕਾਫ਼ੀ ਸਫ਼ਲ ਰਹੀ। ਅਵਤਾਰ ਵਰਮਾ ਸਾਦਗੀ ਵਾਲੇ ਜੀਵਨ ਵਿੱਚ ਸ਼ੁਰੂ ਤੋਂ ਹੀ ਵਿਸ਼ਵਾਸ਼ ਰੱਖਦੇ ਆਏ ਹਨ ਤੇ ਕਲਾਕਾਰਾਂ ਵਿੱਚ ਹ ਸਭ ਨੂੰ ਬਰਾਬਰ ਰੱਖਦੇ ਹਨ, ਰਹੇ ਹਨ, ਛੋਟੇ ਵੱਡੇ ਕਲਾਕਾਰ ਦਾ ਕੋਈ ਰੌਲਾ ਨਹੀਂ ਹੈ। ਨਿਰਦੇਸ਼ਕ ਤੌਰ ਤੇ ਅਵਤਾਰ ਵਰਮਾ ਨੇ ਵਕਤ ਮੁਤਾਬਿਕ ਨਿਰਦੇਸ਼ਨ ਦੇ ਕਿ ਸਾਬਿਤ ਕੀਤਾ ਹੈ ਕਿ ਉਮਰ ਨਹੀਂ ਦਿਮਾਗ ਇਸ ਖੇਤਰ ਵਿੱਚ ਅਰਥ ਰੱਖਦਾ ਹੈ। ਵੈੱਬ ਸੀਰੀਜ਼ "ਮੁਕਤੀ" ਇਸ ਦੀ ਮਿਸਾਲ ਜਿਹੜੀ ਹਨਾਂ ਆਧੁਨਿਕ ਤਰੀਕੇ ਨਾਲ ਬਣਾਈ। "ਘਰ ਜਵਾਈ" ਫ਼ਿਲਮ ਵੀ ਕਾਫੀ ਵਧੀਆ ਰਹੀ। ਫਿਰ ਪੰਜਾਬੀ ਵੀਡਿ ਗੀਤਾਂ ਦੇ ਖੇਤਰ ਵਿੱਚ ਨਿਰਦੇਸ਼ਕ ਬਣ ਅਵਤਾਰ ਵਰਮਾ ਨੇ ਦਿਨ ਰਾਤ ਕੰਮ ਕਿ ਕਿ ਆਪਣੇ ਆਰਥਿਕ, ਸ਼ੋਹਰਤ ਵਾਲੇ ਵਿਭਾਗ ਨੂੰ ਸੰਤੁਲਨ ਵਿੱਚ ਰੱਖਿਆ। ਪ੍ਰਗਟ ਖਾਨ, ਪਾਲੀ ਦੇਤਵਾਲੀਆ ਜਿਹੇ ਨਾਮਵਰ ਗਾਇਕਾਂ ਦੇ ਵੀਡਿ ਹਨਾਂ ਡਾਇਰੈਕਟ ਕੀਤੇ ਹਨ ਤੇ ਇਸ ਵੇਲੇ "ਜ਼ਮੀਨਾਂ" "ਸਰਪੰਚੀ" ਤੇ "ਬਾਪੂ ਨਾਲ ਯਾਰੀ" ਅਵਤਾਰ ਵਰਮਾ ਨਿਰਦੇਸ਼ਤ ਵੀਡਿ ਚਲ ਰਹੇ ਹਨ। ਲੁਧਿਆਣੇ ਦੀ ਵੱਡੀ ਤੇ ਵਿਸ਼ਾਲ ਵੀਡਿ ਮਾਰਕੀਟ ਦੇ ਲੋਕ ਪ੍ਰਿਅ ਨਿਰਦੇਸ਼ਕ ਅਵਤਾਰ ਵਰਮਾ ਨਾਲ ਫ਼ਿਲਮੀ ਅਭਿਨੇਤਰੀਆਂ ਪਰਮਿੰਦਰ ਬਰਨਾਲਾ, ਰਮਨ ਸੰਧੂ, ਹਰਮਿੰਦਰ ਬਿਲਖੂ ਨੇ ਕੰਮ ਕੀਤਾ ਹੈ। ਐਕਟਰ ਵੀ ਨੇ ਅਵਤਾਰ ਵਰਮਾ ਇਸ ਦਾ ਸਬੂਤ ਪ੍ਰਵੀਨ ਮਹਿਰਾ ਦੀ ਸਿਨੇਮਾ ਘਰਾਂ ਵਿੱਚ ਪਿਛਲੇ ਸਾਲ ਆਈ ਫ਼ਿਲਮ "ਡਰਾਮੇਬਾਜ਼" ਤੋਂ ਮਿਲਦਾ ਹੈ। ਦਿ ਲ ਫ਼ਿਲਮਜ਼ ਬੈਨਰ ਦੇ ਹ ਪੱਕੇ ਨਿਰਦੇਸ਼ਕ ਹਨ। "ਜਾਗੋ ਪੰਜਾਬ" ਤੇ "ਸੰਘਰਸ਼" ਦੇ ਇਲਾਵਾ ਹਨਾਂ "ਨੰਨ੍ਹੀ ਛਾਂ" ਫ਼ਿਲਮ ਵੀ ਨਿਰਦੇਸ਼ਤ ਕੀਤੀ ਤੇ "ਕੀਤੇ ਕਰਮਾਂ ਦਾ ਫਲ" ਲਘੂ ਫ਼ਿਲਮ ਨੂੰ ਐਵਾਰਡ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਅਵਤਾਰ ਵਰਮਾ ਦੱਸਦੇ ਹਨ ਕਿ ਅੱਜ ਕਲ ਪੰਜਾਬੀ ਸੀਰੀਅਲ ਜੀ ਪੰਜਾਬੀ ਤੇ ਆ ਂਦੇ ਨੇ ਤੇ ਹਨਾਂ ਲਈ ਕਰਨਾ ਸ ਵਿੱਚ ਰੁਝੇਵੇਂ ਕਾਰਨ ਫਿਰ ਵੀਡਿ ਗੀਤਾਂ ,ਲਘੂ ਫਿਲਮਾਂ ਤੋਂ ਟੁੱਟਣਾ ਹੈ।ਇਸ ਨਾਲ ਆਰਥਿਕ ਤੇ ਕੰਮ ਦਾ ਵੀ ਨੁਕਸਾਨ ਹੁੰਦਾ ਹੈ।ਆਮ ਤੌਰ ਤੇ ਗਾਇਕ ਵੀਡਿ ਤੇ ਪੈਸਾ ਹੱਥ ਘੁੱਟ ਲਾ ਣ ਦੀ ਗੱਲ ਕਰਦੇ ਹਨ ਤਦ ਨਿਰਦੇਸ਼ਕ ਨੂੰ ਬਹੁਤ ਸਿਰ ਖਪਾਈ ਕਰ ਕਿ ਇਹ ਨੇਪਰੇ ਚਾੜ੍ਹਨਾ ਪੈਂਦਾ ਹੈ। ਖ਼ੈਰ ਭਵਿੱਖ ਦੀ ਗੱਲ ਤੇ ਨਵੇਂ ਸਾਲ ਵਿੱਚ ਹ ਵੱਡੀ ਪੰਜਾਬੀ ਫ਼ਿਲ੍ਮ ਡਾਇਰੈਕਟ ਕਰਨ ਦੇ ਨਾਲ ਨਾਲ ਸੁਪਰ ਸਟਾਰ ਪੰਜਾਬੀ ਗਾਇਕ ਕਲਾਕਾਰਾਂ ਦੇ ਵੀਡਿ ਬਣਾਉਂਦੇ ਨਜ਼ਰ ਆ ਸਕਦੇ ਹਨ। ਤਜ਼ਰਬੇਕਾਰ, ਘੱਟ ਲਾਗਤ ਜਿਆਦਾ ਪ੍ਰਭਾਵੀ ਪ੍ਰੋਜੈਕਟ ਅਵਤਾਰ ਵਰਮਾ ਦੀ ਨੀਤੀ ਹੈ ਤੇ ਇਸ ਸਦਕਾ ਹੀ ਹ ਕਾਮਯਾਬ ਨਾਮ ਹਨ।



**– ਅੰਮ੍ਰਿਤ ਪਵਾਰ**

## ਰਾਜਸੀ ਸਨਮਾਨਾਂ ਨਾਲ ਹੋਵੇਗਾ ਸ਼ਾਰਦਾ ਸਿਨ੍ਹਾ ਦਾ ਅੰਤਿਮ ਸੰਸਕਾਰ, ਨਿਤੀਸ਼ ਕੁਮਾਰ ਨੇ ਕੀਤਾ ਐਲਾਨ



**ਪਟਨਾ–** 'ਬਿਹਾਰ ਕੋਕਿਲਾ' ਦੇ ਨਾਂ ਨਾਲ ਮਸ਼ਹੂਰ ਲੋਕ ਗਾਇਕਾ ਸ਼ਾਰਦਾ ਸਿਨ੍ਹਾ ਦਾ ਮੰਗਲਵਾਰ ਰਾਤ ਕਰੀਬ 9.20 ਵਜੇ ਦੇਹਾਂਤ ਹੋ ਗਿਆ। ਉਨ੍ਹਾਂ ਦੀ ਮ੍ਰਿਤਕ ਦੇਹ ਬੁੱਧਵਾਰ ਸਵੇਰੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚੀ। ਜਿੱਥੋਂ ਉਨ੍ਹਾਂ ਨੂੰ ਪਟਨਾ ਲਿਆਂਦਾ ਜਾ ਰਿਹਾ ਹੈ। ਉਨ੍ਹਾਂ ਦਾ ਅੰਤਿਮ ਸੰਸਕਾਰ ਪਟਨਾ 'ਚ ਹੀ ਕੀਤਾ ਜਾਵੇਗਾ। ਉਨ੍ਹਾਂ ਦਾ ਅੰਤਿਮ ਸੰਸਕਾਰ ਪਟਨਾ ਦੇ ਗੁਲਾਬੀ ਘਾਟ 'ਚ ਹੋਵੇਗਾ। ਇਸ ਦੌਰਾਨ ਸੀਐੱਮ ਨਿਤੀਸ਼ ਕੁਮਾਰ ਨੇ ਵੱਡਾ ਐਲਾਨ ਕੀਤਾ ਹੈ। ਉਨ੍ਹਾਂ ਐਲਾਨ ਕੀਤਾ ਕਿ ਸ਼ਾਰਦਾ ਸਿਨ੍ਹਾ ਦਾ ਅੰਤਿਮ ਸੰਸਕਾਰ ਸਰਕਾਰੀ ਸਨਮਾਨਾਂ ਨਾਲ ਕੀਤਾ ਜਾਵੇਗਾ।

ਉਹ ਗੰਭੀਰ ਬਲੱਡ ਕੈਂਸਰ ਤੋਂ ਪੀੜਤ ਸੀ। ਜਿਸ ਦਾ ਨ ਮਲਟੀਪਲ ਮਾਈਲੋਮਾ ਦੱਸਿਆ ਜਾ ਰਿਹਾ ਹੈ। ਸੋਮਵਾਰ ਨੂੰ ਉਨ੍ਹਾਂ ਦੀ ਹਾਲਤ ਵਿਗੜ ਗਈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਵੈਂਟੀਲੇਟਰ 'ਤੇ ਰੱਖਿਆ ਗਿਆ।

ਸ਼ਾਰਦਾ ਸਿਨ੍ਹਾ ਦੇ ਬੇਟੇ ਅੰਸ਼ੁਮਨ ਸਿਨ੍ਹਾ ਨੇ ਉਨ੍ਹਾਂ ਦੇ ਅੰਤਿਮ ਸੰਸਕਾਰ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਸ ਨੇ ਕਿਹਾ, 'ਅਸੀਂ ਫੈਸਲਾ ਕੀਤਾ ਹੈ ਕਿ ਮੇਰੀ ਮਾਂ (ਸ਼ਾਰਦਾ ਸਿਨ੍ਹਾ) ਦਾ ਅੰਤਿਮ ਸੰਸਕਾਰ ਉਸੇ ਸਥਾਨ 'ਤੇ ਕੀਤਾ ਜਾਵੇਗਾ ਜਿੱਥੇ ਮੇਰੇ ਪਿਤਾ ਦਾ ਸਸਕਾਰ ਕੀਤਾ ਗਿਆ ਸੀ.. ਇਸ ਲਈ ਅਸੀਂ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਪਟਨਾ ਲਿਜਾਵਾਂਗੇ।

ਉਸ ਨੇ ਕਿਹਾ ਕਿ ਇਹ ਪਰਿਵਾਰ ਅਤੇ ਉਨ੍ਹਾਂ ਦੇ ਚਹੇਤਿਆਂ ਲਈ ਦੁਖਦਾਈ ਪਲ ਹੈ ਕਿਉਂਕਿ ਉਨ੍ਹਾਂ ਨੇ ਛਠ ਪੂਜਾ ਦੇ ਪਹਿਲੇ ਹੀ ਦਿਨ ਆਖਰੀ ਸਾਹ ਲਿਆ। ਉਨ੍ਹਾਂ ਆਪਣੀ ਮਾਂ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਹਮੇਸ਼ਾ ਲੋਕਾਂ ਦੇ ਦਿਲਾਂ ਵਿਚ ਵਸਦੇ ਰਹਿਣਗੇ।

# ਚਿੱਤਰਕਲਾ ਪ੍ਰਦਰਸ਼ਨੀ ਅਤੇ ਪੁਸਤਕ ਸਭਿਆਚਾਰ ਨਾਲ ਤਿੰਨ ਰੋਜ਼ਾ ਮੇਲਾ ਗ਼ਦਰੀ ਬਾਬਿਆਂ ਦਾ ਅੱਜ ਤੋਂ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਅੱਜ ਪ੍ਰੈਸ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਦੇਸ਼ ਭਗਤ ਯਾਦਗਾਰ ਹਾਲ 'ਚ ਵੇਖਿਆਂ ਹੀ ਬਣਦਾ ਹੈ ਮੇਲੇ ਦਾ ਦਿਲਕਸ਼ ਨਜ਼ਾਰਾ। ਹਾਲ 'ਚ ਲੱਗੀ ਵਰਕਸ਼ਾਪ ਵਿੱਚ ਰੀਹਰਸਲਾਂ ਕਰ ਰਹੇ 100 ਦੇ ਕਰੀਬ ਮੁੰਡੇ-ਕੁੜੀਆਂ ਕਲਾਕਾਰ ਝੰਡੇ ਦਾ ਗੀਤ ਓਪੇਰਾ 'ਮੇਲਾ ਕੀ ਕਹਿੰਦੈ' 9 ਨਵੰਬਰ ਸਵੇਰੇ 10 ਵਜੇ ਝੰਡਾ ਲਹਿਰਾਉਣ ਉਪਰੰਤ ਅਜੀਤ ਸਿੰਘ ਪੰਡਾਲ 'ਚ ਪੇਸ਼ ਕਰਨਗੇ। ਕਮੇਟੀ ਮੈਂਬਰ ਅਮੋਲਕ ਸਿੰਘ ਦਾ ਲਿਖਿਆ ਝੰਡੇ ਦਾ ਗੀਤ ਸੱਤਪਾਲ ਬੰਗਾ (ਪਟਿਆਲਾ) ਦੀ ਨਿਰਦੇਸ਼ਨਾ 'ਚ ਅਨੇਕਾਂ ਮਹ-ਤਵਪੂਰਣ ਸੁਨੇਹੇ ਦੇਵੇਗਾ।

ਹਾਲ ਦੇ ਪ੍ਰਵੇਸ਼ ਦੁਆਰ ਨੂੰ ਕਾਂਸ਼ੀ ਰਾਮ ਮੜੌਲੀ ਨਗਰ, ਪੁਸਤਕ ਪ੍ਰਦਰਸ਼ਨੀ ਨੂੰ 'ਜਿਊਲੀਅਸ ਫ਼ਿਊਚਿਕ ਯਾਦਗਾਰੀ ਪੰਡਾਲ' ਅਤੇ ਵਿਸ਼ਾਲ ਸਟੇਡੀਅਮ ਨੂੰ ਪਗੜੀ ਸੰਭਾਲ ਜੱਟਾ ਲਹਿਰ ਦੇ ਬਾਨੀ ਦੇ ਨਾਂਅ 'ਅਜੀਤ ਸਿੰਘ ਪੰਡਾਲ' ਨਾਮ ਨਾਲ ਸਜਾ ਦਿੱਤਾ ਗਿਆ ਹੈ। ਸਮੁੱਚਾ ਦੇਸ਼ ਭਗਤ ਯਾਦਗਾਰ ਹਾਲ ਲੜੀਆਂ, ਝੰਡਿਆਂ, ਟੂਕਾਂ ਅਤੇ ਫਲੈਕਸਾਂ ਨਾਲ ਸਜਿਆ ਦੇਸ਼ ਬਦੇਸ਼ ਤੇ ਪੰਜਾਬ ਭਰ ਤੋਂ ਆ ਰਹੇ ਮੇਲਾ ਪ੍ਰੇਮੀਆਂ ਨੂੰ ਬਾਹਵਾਂ ਫੈਲਾ ਕੇ ਜੀ ਆਇਆਂ ਆਖ ਰਿਹਾ ਹੈ।



ਅੱਜ ਸਾਰਾ ਦਿਨ ਪੰਜਾਬ ਦੇ ਕੋਨੇ-ਕੋਨੇ ਤੋਂ ਨਾਮਵਰ ਚਿੱਤਰਕਰ, ਫੋ-ਟੋਕਾਰ ਆਪਣੀਆਂ ਕਲਾ-ਕਿਰਤਾਂ ਲੈ ਕੇ ਚਾਈਂ-ਚਾਈਂ ਦੇਸ਼ ਭਗਤ ਹਾਲ ਆਉਂਦੇ ਰਹੇ। ਗੁਰਦੀਸ਼ ਜਲੰਧਰ, ਰਵਿੰਦਰ ਰਵੀ ਲੁਧਿਆਣਾ, ਗੁਰਪ੍ਰੀਤ ਬਠਿੰਡਾ, ਸੁਖਜੀਵਨ ਪਟਿਆਲਾ, ਇੰਦਰਜੀਤ ਮਾਨਸਾ, ਇੰਦਰਜੀਤ ਜਲੰਧਰ, ਵਰੁਨ ਟੰਡਨ, ਪਾਰਸ ਫਗਵਾੜਾ ਤੋਂ ਇਲਾਵਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਵੀ ਕਮੇਟੀ ਮੈਂਬਰ ਡਾ. ਸੈਲੇਸ਼ ਦੀ ਅਗਵਾਈ 'ਚ ਫ਼ਲਸਤੀਨ 'ਤੇ ਜੂਝਦੇ ਲੋਕਾਂ ਦੇ ਨਾਂਅ ਫੋਟੋ ਪ੍ਰਦਰਸ਼ਨੀ ਲਗਾਈ ਜਾ ਰਹੀ ਹੈ।

ਪੁਸਤਕ ਪ੍ਰਦਰਸ਼ਨੀ ਦਾ ਉਦਘਾਟਨ ਅਤੇ ਕਲਾਕਾਰ ਸਖਸ਼ੀਅਤਾਂ ਦਾ ਕਮੇਟੀ ਵੱਲੋਂ ਸਨਮਾਨ 7 ਨਵੰਬਰ ਦੁਪਹਿਰ 2 ਵਜੇ ਹੋਏਗਾ।

ਜੂਲੀਅਸ ਫਿਊਚਿਕ ਪੁਸਤਕ ਪ੍ਰਦਰਸ਼ਨੀ ਪੰਡਾਲ ਵਿੱਚ ਸ਼ਾਮ 4 ਵਜੇ ਪੁਸਤਕ ਸਭਿਆਚਾਰ ਉਪਰ ਵਿਚਾਰ-ਚਰਚਾ ਹੋਏਗੀ ਅਤੇ ਇਸ ਤੋਂ ਪਹਿਲਾਂ ਬੀਤੇ ਦਿਨੀਂ ਵਿਛੜੀਆਂ ਸਖਸ਼ੀਅਤਾਂ ਸ੍ਰੀਮਤੀ ਕੈਲਾਸ਼ ਕੌਰ, ਡਾ. ਸੁਰਜੀਤ ਪਾਤਰ, ਇਕਬਾਲ ਖ਼ਾਨ, ਅਮਰਜੀਤ ਪ੍ਰਦੇਸੀ, ਹਰਬੰਸ ਹੀਓਂ, ਕੁਲਦੀਪ ਜਲੂਰ ਨੂੰ ਸਿਜਦਾ ਕੀਤਾ ਜਾਏਗਾ।

ਪੁਸਤਕ ਪ੍ਰਦਰਸ਼ਨੀ ਵਿੱਚ ਦਿੱਲੀ, ਹਰਿਆਣਾ, ਰਾਜਸਥਾਨ, ਯੂ.ਪੀ. ਅਤੇ ਪੰਜਾਬ ਭਰ 'ਚੋਂ ਵੱਖ-ਵੱਖ ਭਾਸ਼ਾਵਾਂ ਅਤੇ ਵਿਧਾਵਾਂ ਦੀਆਂ ਪੁਸਤਕਾਂ 7 ਨਵੰਬਰ ਸ਼ਾਮ 4 ਵਜੇ ਤੋਂ ਪੁਸਤਕ ਪ੍ਰੇਮੀਆਂ ਦੀ ਨਜ਼ਰ ਹੋਣਗੀਆਂ ਅਤੇ 10 ਨਵੰਬਰ ਸਰਘੀ ਵੇਲੇ ਤੱਕ ਜਾਰੀ ਰਹੇਗੀ ਪੁਸਤਕ ਪ੍ਰਦਰਸ਼ਨੀ।

ਚਿੱਤਰਕਲਾ ਪ੍ਰਦਰਸ਼ਨੀ ਨੂੰ ਅੱਜ ਅੰਤਿਮ ਛੋਹਾਂ ਦਿੰਦੇ ਹੋਏ ਡਾ. ਸੈਲੇਸ਼, ਵਿਜੈ ਬੰਬੇਲੀ, ਪਰਮਜੀਤ ਸਿੰਘ, ਸੁਰਿੰਦਰਪਾਲ, ਵਿਜੈ ਕੁਮਾਰ, ਗੁਰਦੀਪ ਸਿੰਘ ਸੰਧਰ, ਮਨਿੰਦਰ ਸਿੰਘ ਅਤੇ ਕੁਲਵੰਤ ਸਿੰਘ ਕਾਕਾ ਨੇ ਦੱਸਿਆ ਕਿ ਇਹ ਪ੍ਰਦਰਸ਼ਨੀ ਆਪਣੇ ਆਪ ਵਿਚ ਮੇਲੇ ਦਾ ਹਾਸਲ ਹੈ।

# ਵਿਸ਼ੇਸ਼ ਦਰਜੇ ਦੀ ਬਹਾਲੀ ਲਈ ਜੰਮੂ ਕਸ਼ਮੀਰ ਅਸੈਂਬਲੀ ਵਿੱਚ ਮਤਾ ਪਾਸ

**ਸ੍ਰੀਨਗਰ–** ਸੂਬੇ ਦਾ ਵਿਸ਼ੇਸ਼ ਦਰਜਾ ਬਹਾਲ ਕਰਨ ਲਈ ਕੇਂਦਰ ਨੂੰ ਚੁਣੇ ਹੋਏ ਨੁਮਾਇੰਦਿਆਂ ਨਾਲ ਗੱਲਬਾਤ ਦੀ ਮੰਗ ਵਾਲਾ ਮਤਾ ਅੱਜ ਜੰਮੂ ਕਸ਼ਮੀਰ ਵਿਧਾਨ ਸਭਾ ਨੇ ਪਾਸ ਕਰ ਦਿੱਤਾ, ਜਿਸ ਨੂੰ ਲੈ ਕੇ ਭਾਜਪਾ ਮੈਂਬਰਾਂ ਨੇ ਜ਼ੋਰਦਾਰ ਹੰਗਾਮਾ ਕੀਤਾ। ਭਾਜਪਾ ਵਿਧਾਇਕਾਂ ਨੇ ਵਿਧਾਨ ਸਭਾ ਸਪੀਕਰ ਖ਼ਿਲਾਫ਼



ਨਾਅਰੇਬਾਜ਼ੀ ਕੀਤੀ ਅਤੇ ਮਤੇ ਦੀਆਂ ਕਾਪੀਆਂ ਪਾੜ ਦਿੱਤੀਆਂ। ਮਤੇ ਖ਼ਿਲਾਫ਼ ਭਾਜਪਾ ਮੈਂਬਰਾਂ ਵੱਲੋਂ ਜ਼ੋਰਦਾਰ ਹੰਗਾਮਾ ਕੀਤੇ ਜਾਣ ਅਤੇ ਕਾਰਵਾਈ 'ਚ ਵਾਰ ਵਾਰ ਅੜਿੱਕੇ ਡਾਹੁਣ ਕਾਰਨ ਸਪੀਕਰ ਨੇ ਸਦਨ ਦੀ ਕਾਰਵਾਈ ਦਿਨ ਭਰ ਲਈ ਉਠਾ ਦਿੱਤੀ।

ਮਤੇ 'ਚ ਵਿਸ਼ੇਸ਼ ਦਰਜੇ ਨੂੰ 'ਇਕਪਾਸੜ ਢੰਗ ਨਾਲ ਹਟਾਏ' ਜਾਣ 'ਤੇ ਵੀ ਚਿੰਤਾ ਜਤਾਈ ਗਈ ਹੈ। ਉਂਝ ਮਤਾ ਬਿਨਾਂ ਕਿਸੇ ਬਹਿਸ ਦੇ ਹੰਗਾਮੇ ਵਿਚਾਰ ਸਪੀਕਰ ਨੇ ਜ਼ੁਬਾਨੀ ਵੋਟਾਂ ਰਾਹੀਂ ਪਾਸ ਕਰ ਦਿੱਤਾ। ਮਤਾ ਪਾਸ ਹੋਣ ਮਗਰੋਂ ਹੁਕਮਰਾਨ ਨੈਸ਼ਨਲ ਕਾਨਫਰੰਸ ਨੇ ਕਿਹਾ ਕਿ ਪਾਰਟੀ ਨੇ ਚੋਣ ਮਨੋਰਥ ਪੱਤਰ 'ਚ ਲੋਕਾਂ ਨਾਲ ਕੀਤਾ ਇਕ ਵਾਅਦਾ ਪੂਰਾ ਕਰ ਦਿੱਤਾ ਹੈ। ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਵਿਧਾਨ ਸਭਾ ਨੇ ਆਪਣਾ ਕੰਮ ਕਰ ਦਿੱਤਾ ਹੈ। ਕਾਂਗਰਸ, ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀਡੀਪੀ), ਪੀਪਲਜ਼ ਕਾਨਫਰੰਸ ਅਤੇ ਸੀਪੀਐੱਮ ਦੇ ਮੈਂਬਰਾਂ ਨੇ ਜ਼ੁਬਾਨੀ ਵੋਟਾਂ ਦੌਰਾਨ ਮਤੇ ਦੀ ਹਮਾਇਤ ਕੀਤੀ, ਜਿਥੇ ਕਈ ਸਿਆਸੀ ਦਲਾਂ ਨੇ ਇਸ ਕਦਮ ਦਾ ਸਵਾਗਤ ਕੀਤਾ ਹੈ, ਉਥੇ ਪੀਡੀਪੀ ਮੁਖੀ ਮਹਿਬੂਬਾ ਮੁਫ਼ਤੀ ਨੇ ਕਿਹਾ ਕਿ ਇਹ ਇਕ 'ਅੱਧੀ-ਅਧੂਰੀ' ਕੋਸ਼ਿਸ਼ ਸੀ ਅਤੇ ਮਤੇ ਨੂੰ ਬਿਹਤਰ ਤਰੀਕੇ ਨਾਲ ਲਿਖਿਆ ਜਾ ਸਕਦਾ ਸੀ। ਜ਼ਿਕਰਯੋਗ ਹੈ ਕਿ ਮੋਦੀ ਸਰਕਾਰ ਨੇ 2019 'ਚ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਨੂੰ ਰੱਦ ਕਰ ਦਿੱਤਾ ਸੀ ਅਤੇ ਸੂਬੇ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ, ਜੰਮੂ ਕਸ਼ਮੀਰ ਅਤੇ ਲੱਦਾਖ 'ਚ ਵੰਡ ਦਿੱਤਾ ਸੀ। ਇਸ ਤੋਂ ਪਹਿਲਾਂ ਉਪ ਮੁੱਖ ਮੰਤਰੀ ਸੁਰਿੰਦਰ ਚੌਧਰੀ ਨੇ ਮਤਾ ਪੇਸ਼ ਕੀਤਾ ਜਿਸ 'ਚ ਕਿਹਾ ਗਿਆ ਕਿ 'ਵਿਧਾਨ ਸਭਾ ਵਿਸ਼ੇਸ਼ ਦਰਜੇ ਅਤੇ ਸੰਵਿਧਾਨਕ ਗਾਰੰਟੀ ਦੀ ਅਹਿਮੀਅਤ ਦੀ ਪੁਸ਼ਟੀ ਕਰਦੀ ਹੈ ਜਿਸ ਨੇ ਜੰਮੂ ਕਸ਼ਮੀਰ ਦੇ ਲੋਕਾਂ ਦੀ ਪਛਾਣ, ਸੱਭਿਆਚਾਰ ਅਤੇ ਹੱਕਾਂ ਦੀ ਰੱਖਿਆ ਕੀਤੀ ਅਤੇ ਉਸ ਨੂੰ ਮਨਮਾਨੇ ਢੰਗ ਨਾਲ ਹਟਾਏ ਜਾਣ 'ਤੇ ਚਿੰਤਾ ਜ਼ਾਹਿਰ ਕਰਦੀ ਹੈ।' ਮਤੇ 'ਚ ਕਿਹਾ ਗਿਆ ਕਿ ਵਿਧਾਨ ਸਭਾ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਬਹਾਲੀ ਦੀ ਕਿਸੇ ਵੀ ਪ੍ਰਕਿਰਿਆ 'ਚ ਕੌਮੀ ਏਕਤਾ ਅਤੇ ਜੰਮੂ ਕਸ਼ਮੀਰ ਦੇ ਲੋਕਾਂ ਦੀਆਂ ਜਾਇਜ਼ ਖਾਹਿਸ਼ਾਂ ਨੂੰ ਧਿਆਨ 'ਚ ਰੱਖਿਆ ਜਾਣਾ ਚਾਹੀਦਾ ਹੈ। ਵਿਰੋਧੀ ਧਿਰ ਦੇ ਆਗੂ ਸੁਨੀਲ ਸ਼ਰਮਾ ਨੇ ਕਿਹਾ ਕਿ ਇਹ ਮਤਾ ਕੰਮਕਾਜ ਦੀ ਸੂਚੀ 'ਚ ਸ਼ਾਮਲ ਨਹੀਂ ਸੀ।

### ਭਾਜਪਾ ਨੇ ਜੰਮੂ 'ਚ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੇ ਪੁਤਲੇ ਫੂਕੇ

ਭਾਜਪਾ ਦੀ ਜੰਮੂ ਕਸ਼ਮੀਰ ਇਕਾਈ ਨੇ ਵਿਧਾਨ ਸਭਾ 'ਚ ਵਿਸ਼ੇਸ਼ ਦਰਜੇ ਦੀ ਬਹਾਲੀ ਬਾਰੇ ਮਤੇ ਦੇ ਵਿਰੋਧ 'ਚ ਇਥੇ ਜ਼ੋਰਦਾਰ ਪ੍ਰਦਰਸ਼ਨ ਕੀਤਾ। ਪਾਰਟੀ ਪ੍ਰਧਾਨ ਸਤ ਪਾਲ ਸ਼ਰਮਾ ਦੀ ਅਗਵਾਈ ਹੇਠ ਭਾਜਪਾ ਵਰਕਰਾਂ ਨੇ ਸ਼ਹਿਰ ਦੇ ਬਾਹਰਵਾਰ ਤ੍ਰਿਕੁਟਾ ਨਗਰ 'ਚ ਪਾਰਟੀ ਦਫ਼ਤਰ ਦੇ ਬਾਹਰ ਮੁੱਖ ਮੰਤਰੀ ਉਮਰ ਅਬਦੁੱਲਾ ਅਤੇ ਉਪ ਮੁੱਖ ਮੰਤਰੀ ਸੁਰਿੰਦਰ ਚੌਧਰੀ ਦੇ ਪੁਤਲੇ ਫੂਕੇ। ਉਨ੍ਹਾਂ ਨੈਸ਼ਨਲ ਕਾਨਫਰੰਸ ਦੀ ਅਗਵਾਈ ਹੇਠਲੀ ਸਰਕਾਰ ਖ਼ਿਲਾਫ਼ ਨਾਅਰੇ ਵੀ ਲਗਾਏ। ਸ਼ਰਮਾ ਨੇ ਕਿਹਾ ਕਿ ਧਾਰਾ 370 ਇਤਿਹਾਸ ਬਣ ਗਈ ਹੈ ਅਤੇ ਨੈਸ਼ਨਲ ਕਾਨਫਰੰਸ ਨੇ ਮਤੇ ਰਾਹੀਂ ਇਸ ਨੂੰ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਚੌਧਰੀ ਨੂੰ 'ਜੰਮੂ ਦਾ ਜੈਚੰਦ' ਕਰਾਰ ਦਿੱਤਾ।

# ਫਰਿਜਨੋ ਏਰੀਏ ਵਿੱਚ ਦੋ ਪੰਜਾਬੀ ਜਿੱਤੇ ਸਕੂਲ ਬੋਰਡ ਦੀਆਂ ਚੋਣਾਂ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆ**





ਫਰਿਜਨੋ (ਕੈਲੀਫੋਰਨੀਆਂ)– ਅਮੈਰਿਕਾ ਵਿੱਚ ਚੋਣਾਂ ਹੋਕੇ ਹਟੀਆਂ ਹਨ। ਇਹਨਾਂ ਚੋਣਾਂ ਵਿੱਚ ਫਰਿਜਨੋ ਏਰੀਏ ਦੇ ਦੋ ਪੰਜਾਬੀ ਨੌਜਵਾਨਾਂ ਨੇ ਸਕੂਲ ਬੋਰਡ ਦੀਆਂ ਚੋਣਾਂ ਜਿੱਤਕੇ ਇਤਿਹਾਸ ਸਿਰਜਿਆ ਹੈ। ਫਰਿਜਨੋ ਦੇ ਸੈਂਟਰਲ ਸਕੂਲ ਬੋਰਡ ਏਰੀਆ 5 ਦੀ ਟਰੱਸਟੀ ਦੀ ਚੋਣ ਜਸਪ੍ਰੀਤ ਸਿੱਧੂ ਨੇ ਵੱਡੇ ਫਰਕ ਨਾਲ ਜਿੱਤਕੇ ਭਾਈਚਾਰੇ ਨੂੰ ਮਾਣ ਬਖ਼ਸ਼ਿਆ। ਜਸਪ੍ਰੀਤ ਸਿੰਘ ਸਿੱਧੂ ਜਿਸਦਾ ਪਿਛਲਾ ਪਿੰਡ ਬੱਧਨੀ ਜ਼ਿਲ੍ਹਾ ਮੋਗਾ ਵਿੱਚ ਪੈਂਦਾ ਹੈ। ਜਸਪ੍ਰੀਤ ਅਮੈਰਕਿਨ ਬੌਰਨ, ਇੱਕ ਰਜਿਸਟਰਡ ਨਰਸ ਦੇ ਤੌਰ ਤੇ ਸੇਵਾਵਾਂ ਨਿਭਾ ਰਿਹਾ ਹੈ। ਉਹ ਜੀ ਐਚ ਜੀ ਡਾਂਸ ਐਂਡ ਸੰਗੀਤ ਅਕੈਡਮੀ ਲਈ ਭੰਗੜਾ ਕੋਚ ਵੀ ਹੈ। ਇਸੇ ਤਰੀਕੇ ਨਰਿੰਦਰ ਸਿੰਘ ਸਹੋਤਾ ਇੱਕ ਇੰਜਨੀਅਰ ਦੇ ਤੌਰ ਤੇ ਕੰਮ ਕਰ ਰਿਹਾ ਹੈ, ਉਸਨੇ ਦੂਸਰੀ ਵਾਰ ਸਿਲਮਾਂ ਸਕੂਲ ਬੋਰਡ ਏਰੀਆ 2 ਤੋਂ ਸਕੂਲ ਟਰੱਸਟੀ ਦੀ ਚੋਣ ਜਿੱਤਕੇ ਇਤਿਹਾਸ ਸਿਰਜਿਆ ਹੈ। ਉਹ ਪੰਜਾਬ ਤੋਂ ਬੜਾ ਪਿੰਡ ਜ਼ਿਲ੍ਹਾ ਜਲੰਧਰ ਨਾਲ ਸਬੰਧਤ ਹਨ। ਦੋਵਾਂ ਪੰਜਾਬੀ ਮੁੰਡਿਆਂ ਦੀ ਜਿੱਤ ਕਾਰਨ ਫਰਿਜਨੋ ਏਰੀਏ ਦੇ ਪੰਜਾਬੀ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਹੈ।


## "ਦੇਸ਼ ਦੁਆਬਾ"

## ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920,
(ਫੈਕਸ) 1-916-238-1393

www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। –ਸੰਪਾਦਕ



## 'ਦੇਸ਼ ਦੁਆਬਾ'

## 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com
www.ambedkartimes.com

# ਭਾਰਤੀ ਹਾਈ ਕਮਿਸ਼ਨ ਵਲਿੰਗਟਨ ਦੇ ਵਿਹੜੇ ਪੰਜਾਬੀ ਭਾਸ਼ਾ ਹਫ਼ਤੇ ਮੌਕੇ ਲੱਗੀਆਂ ਰੌਣਕਾਂ





**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਭਾਰਤੀ ਹਾਈ ਕਮਿਸ਼ਨ ਜਿੱਥੇ ਵਿਦੇਸ਼ ਬੈਠਿਆਂ ਤੁਹਾਨੂੰ ਵਤਨ ਦੇ ਨਾਲ ਜੋੜੀ ਰੱਖਦਾ ਹੈ ਉਥੇ ਤੁਹਾਡੀ ਮਾਤ ਭਾਸ਼ਾ ਵਿਦੇਸ਼ ਬੈਠਿਆਂ ਤੁਹਾਨੂੰ ਵਿਰਸੇ ਅਤੇ ਸਭਿਆਚਾਰ ਨਾਲ ਜੋੜੀ ਰੱਖਦੀ ਹੈ। ਪੰਜਾਬੀ ਮੀਡੀਆ ਕਰਮੀਆਂ ਦੇ ਸਹਿਯੋਗ ਨਾਲ ਇਸ ਵਾਰ ਫਿਰ ਪੰਜਵਾਂ ਪੰਜਾਬੀ ਭਾਸ਼ਾ ਹਫ਼ਤਾ ਨਿਊਜ਼ੀਲੈਂਡ ਦੀ ਰਾਜਧਾਨੀ ਵਲਿੰਗਟਨ ਦੇ ਵਿਹੜੇ ਐਤਵਾਰ ਹੋਣ ਦੇ ਬਾਵਜੂਦ ਮਨਾਇਆ ਗਿਆ। ਇਸ ਮੌਕੇ ਆਏ ਮਹਿਮਾਨਾਂ ਦੇ ਵਿਚ ਭਾਰਤੀ ਦੂਤਾਵਾਸ ਸ੍ਰੀਮਤੀ ਨੀਤਾ ਭੂਸ਼ਣ ਦੀ ਤਰਫ਼ ਤੋਂ ਸ੍ਰੀ ਮੁਕੇਸ਼ ਘੀਆ, ਸੁਪਰਡੈਂਟ ਨਿਊਜ਼ੀਲੈਂਡ ਪੁਲਿਸ, ਰਾਸ਼ਟਰੀ ਪਾਰਟਨਰਸ਼ਿੱਪ ਮੈਨੇਜਰ ਏਥਨਿਕ ਮਾ ਰੀ ਪੈਸੇਫਿਕ ਅਤੇ ਏਥਨਿਕ ਸਰਵਿਸ ਸ੍ਰੀ ਰਾਕੇਸ਼ ਨਾਇਡੂ, ਸ੍ਰੀਮਤੀ ਵਨੀਸ਼ਾ ਧੂਰੀ, ਮਨੀਸ਼ਾ ਮੋਰਾਰ ਪ੍ਰਧਾਨ ਵਲਿੰਗਟਨ ਇੰਡੀਅਨ ਐਸੋਸੀਏਸ਼ਨ, ਔਕਲੈਂਡ ਤੋਂ ਨੈਸ਼ਨਲ ਪਾਰਟੀ ਦੇ ਸਾਬਕਾ ਉਮੀਦਵਾਰ ਨਵਤੇਜ ਰੰਧਾਵਾ, ਰੇਡੀ ਸਪਾਈਸ ਮੈਨੇਜਰ ਸ. ਪਰਮਿੰਦਰ ਸਿੰਘ, ਅਕਾਲ ਫਾਊਂਡੇਸ਼ਨ ਤੋਂ ਸ. ਰਘਬੀਰ ਸਿੰਘ ਸ਼ੇਰਗਿੱਲ, ਹੇਸਟਿੰਗਜ਼ ਤੋਂ ਸ੍ਰੀ ਮਨਜੀਤ ਸੰਧੂ, ਪੰਜਾਬੀ ਹੈਰਲਡ ਦੇ ਸੰਪਾਦਕ ਸ. ਹਰਜਿੰਦਰ ਸਿੰਘ ਬਸਿਆਲਾ ਸ਼ਾਮਿਲ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਵਲਿੰਗਟਨ ਪੰਜਾਬੀ ਵੋਮੈਨ ਐਸੋਸੀਏਸ਼ਨ ਤੋਂ ਸ੍ਰੀਮਤੀ ਨਵਨੀਤ ਕੌਰ ਅਤੇ ਹਰਪੁਨੀਤ ਕੌਰ ਹੋਰਾਂ ਨੇ ਸਵਾਗਤੀ ਸ਼ਬਦਾਂ ਨਾਲ ਕੀਤੀ।

ਇਕ ਬੱਚੇ ਵੱਲੋਂ ਗੁਰਬਾਣੀ ਮੂਲ ਮੰਤਰ ਪੜ੍ਹਿਆ ਗਿਆ। ਇਸ ਤੋਂ ਬਾਅਦ ਭਾਰਤੀ ਹਾਈ ਕਮਿਸ਼ਨ ਤੋਂ ਸ੍ਰੀ ਮੁਕੇਸ਼ ਘੀਆ ਨੇ ਪੰਜਾਬੀ ਮਾਂ ਬੋਲੀ ਪ੍ਰਤੀ ਆਪਣੇ ਵਿਚਾਰ ਰੱਖੇ ਅਤੇ ਪ੍ਰੋਗਰਾਮ ਦੀ ਸ਼ੁਰੂਆਤ ਹੋ ਗਈ। ਸ. ਨਵਤੇਜ ਸਿੰਘ ਰੰਧਾਵਾ ਨੇ ਸਲਾਈਡ ਸ਼ੋਅ ਰਾਹੀਂ ਪੰਜਾਬੀ ਭਾਸ਼ਾ ਦੇ ਮੂਲ ਤੋਂ ਲੈ ਕੇ ਹੁਣ ਤੱਕ ਦੀ ਸਥਿਤੀ ਦਾ ਵਿਰਤਾਂਤ ਦਰਸਾਇਆ। ਨਿਊਜ਼ੀਲੈਂਡ ਦੇ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਤਾਜ਼ਾ ਗਿਣਤੀ ਵਾਲੇ ਪੋਸਟਰ ਖਿੱਚ ਦਾ ਕੇਂਦਰ ਸਨ।

ਨਿਊਜ਼ੀਲੈਂਡ ਪੁਲਿਸ ਵੱਲੋਂ ਸ੍ਰੀ ਰਾਕੇਸ਼ ਨਾਇਡੂ ਹੋਰਾਂ ਨੇ ਮਾਤ ਭਾਸ਼ਾ ਦੀ ਮਹੱਤਤਾ ਉਤੇ ਆਪਣੇ ਵਿਚਾਰ ਰੱਖੇ। ਸ਼ਾਨ ਰਣਛੋੜ ਅਤੇ ਇਸ਼ਾਨ ਰਣਛੋੜ ਨੇ ਬਹੁਤ ਸੁੰਦਰ ਕਵਿਤਾ ਪੜ੍ਹੀ। ਰਘਬੀਰ ਸਿੰਘ ਸ਼ੇਰਗਿਲ ਹੋਰਾਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਹੋ ਰਹੇ ਯਤਨਾਂ ਦੀ ਸ਼ਲਾਘਾ ਕੀਤੀ, ਉਨ੍ਹਾਂ ਕਿਹਾ ਇਕ ਵਾਰ ਪੰਜਾਬੀ ਤੋਂ ਟੁੱਟਿਆ ਮੁੜੇ ਕੇ ਜੋੜਨਾ ਔਖਾ ਹੋ ਜਾਂਦਾ ਹੈ। ਪ੍ਰੋ. ਕਿਰਪਾਲ ਸਿੰਘ ਨੇ ਬਹੁਤ ਸੁੰਦਰ ਵਿਚਾਰ ਪ੍ਰਗਟ ਕੀਤੇ। ਹਰਜੀਤ ਭੱਟ ਦੀ ਭੰਗੜਾ ਅਕੈਡਮੀ ਤੋਂ ਜੂਨੀਅਰ ਟੀਮ ਨੇ ਭੰਗੜੇ ਨਾਲ ਖੂਬ ਰੰਗ ਬੰਨ੍ਹਿਆ। ਹਰਜਿੰਦਰ ਸਿੰਘ ਬਸਿਆਲਾ ਵੱਲੋਂ ਪੰਜਾਬੀ ਪ੍ਰਤੀ ਪ੍ਰਗਟਾਏ ਜਾ ਰਹੇ ਪਿਆਰ ਲਈ ਸਭ ਨੂੰ ਸਲਾਹਿਆ। ਸ੍ਰੀ ਮਨਜੀਤ ਸੰਧੂ ਹੋਰਾਂ ਪੰਜਾਬੀ ਹਫ਼ਤੇ ਦੀ ਵਧਾਈ ਦਿੰਦਿਆ 17 ਨਵੰਬਰ ਨੂੰ ਹੇਸਟਿੰਗਜ਼ ਵਾਸੇ ਸਮਾਗਮ ਵਿਚ ਪਹੁੰਚਣ ਦਾ ਸੱਦਾ ਦਿੱਤਾ। ਬੱਚਿਆਂ ਦੇ ਲਈ ਸੁਨੇਹਾ ਛੱਡਿਆ। ਫਿਰ ਡਾ. ਸੁਨੈਣਾ ਸ਼ਰਮਾ ਨੇ ਕਵਿਤਾ ਗਾਇਨ ਕੀਤੀ। ਭੰਗੜਾ ਅਕੈਡਮੀ ਦੇ ਸੀਨੀਅਰ ਭੰਗੜਾ ਕਲਾਕਾਰਾਂ ਪ੍ਰੋਗਰਾਮ ਨੂੰ ਸਿਖਰ ’ਤੇ ਪਹੁੰਚਾ ਦਿੱਤਾ। ਅਖੀਰ ਦੇ ਵਿਚ ਸ. ਪਰਮਿੰਦਰ ਸਿੰਘ ਪਾਪਾਟੋਏਟੋਏ ਹੋਰਾਂ ਨੇ ਧੰਨਵਾਦ ਕਰਨ ਦੇ ਨਾਲ ਪ੍ਰੋਗਰਾਮ ਦੀ ਸਮਾਪਤੀ ਕੀਤੀ।

ਬੱਚਿਆਂ ਨੂੰ ਸੁੰਦਰ ਇਨਾਮ ਮਹਿਮਾਨਾਂ ਵੱਲੋਂ ਵੰਡੇ ਗਏ। ਸ੍ਰੀ ਮੁਕੇਸ਼ ਘੀਆ ਜੀ ਨੂੰ ਪੰਜਾਬੀ ਵਰਣਮਾਲਾ ਵਾਲਾ ਸ਼ਾਲ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਚਾਹ-ਪਾਣੀ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ। ਅੰਤ ਇਹ ਸਮਾਗਮ ਇਕ ਯਾਦਗਾਰੀ ਸਮਾਗਮ ਹੋ ਨਿਬੜਿਆ।

# ਹਮਿਲਟਨ ਵਿਖੇ ਪੰਜਾਬੀ ਭਾਸ਼ਾ ਹਫ਼ਤੇ ਦੇ ਦੂਜੇ ਦਿਨ ਬੱਚਿਆਂ ਨੇ ਦਿੱਤਾ ਮਾਂ ਬੋਲੀ ਦਾ ਸੁਨੇਹਾ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਵਾਇਕਾਟੋ ਸ਼ਹੀਦੇ ਏ ਆਜ਼ਿਮ ਸ. ਭਗਤ ਸਿੰਘ ਟ੍ਰਸਟ ਹਮਿਲਟਨ ਦੇ ਉਦਮ ਸਦਕਾ ਅੱਜ ‘ਫੀਨਿਕਸ ਹਾਊਸ’ 22 ਰਿਚਮੰਡ ਸਟ੍ਰੀਟ ਹਮਿਲਟਨ ਵਿਖੇ ਪੰਜਵਾਂ ਪੰਜਾਬੀ ਭਾਸ਼ਾ ਬੱਚਿਆਂ ਸੰਗ ਮਨਾਇਆ ਗਿਆ। ਟ੍ਰਸਟ ਵੱਲੋਂ ਚਲਾਏ ਜਾਂਦੇ ਪੰਜਾਬੀ ਸਕੂਲ ਦੇ ਬੱਚਿਆਂ ਨੇ ਜਿੱਥੇ ਸਭਿਆਚਾਰਕ ਸਟੇਜ ਦੇ ਨਾਲ ਰੌਣਕ ਲਾ ਛੱਡੀ ਉਥੇ ਇਕ ਸਾਰਥਿਕ ਸੁਨੇਹਾ ‘ਮਿੱਠੀ ਬੋਲੀ ਰੰਗਲੇ ਪੰਜਾਬ ਦੀ, ਪੰਜਾਬੀ ਪੰਜਾਬੀ ਯਾਦ ਰੱਖਿਆ’’ ਦਾ ਸੁਨੇਹਾ ਵੀ ਦੇ ਦਿੱਤਾ। ਸਟੇਜ ਦੀ ਸੇਵਾ ਹਰਜੀਤ ਕੌਰ ਨੇ ਸਾਂਭੀ ਹੋਈ ਸੀ।




ਟ੍ਰਸਟ ਦੇ ਪ੍ਰਧਾਨ ਸ. ਜਰਨੈਲ ਸਿੰਘ ਰਾਹੋਂ ਦੇ ਸਵਾਗਤੀ ਸ਼ਬਦਾਂ ਦੇ ਬਾਅਦ ਗੁਰਦੁਆਰਾ ਮਾਤਾ ਸਾਹਿਬ ਕੌਰ ਤੋਂ ਪਹੁੰਚੇ ਬੱਚਿਆਂ ਦੇ ਸਮੂਹ ਵੱਲੋਂ ‘ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥ ਦੇ ਸ਼ਬਦ ਗਾਇਨ ਦੇ ਬਾਅਦ ਸ਼ੁੱਭ ਆਰੰਭ ਕੀਤਾ ਗਿਆ। ਔਕਲੈਂਡ ਤੋਂ ਪਹੁੰਚੇ ਮੀਡੀਆ ਕਰਮੀ ਸ. ਪਰਮਿੰਦਰ ਸਿੰਘ ਪਾਪਾਟੋਏਟੋਏ, ਸ. ਨਵਤੇਜ ਸਿੰਘ ਰੰਧਾਵਾ, ਸ. ਅਮਰਜੀਤ ਸਿੰਘ ਪਾਬਲਾ ਅਤੇ ਸ. ਹਰਜਿੰਦਰ ਸਿੰਘ ਬਸਿਆਲਾ ਨੇ ਇਸ ਮੌਕੇ ਪਹੁੰਚ ਕੀਤੀ।

ਇਸ ਤੋਂ ਬਾਅਦ ਛੋਟੀਆਂ ਬੱਚੀਆਂ ਰੂਬੀ ਤੇ ਨਿਰਗੁਣ ਪਾਲ ਨੇ ਮੂਲ ਮੰਤਰ ਦਾ ਜਾਪ ਕਰਕੇ ਸ਼ੁੱਧ ਉਚਾਰਣ ਦੀ ਉਦਾਹਰਣ ਦਿੱਤੀ। ਫਤਹਿ ਸਿੰਘ ਖਾਲਸਾ ਨੇ ਪੰਜਾਬ ਦੀਆਂ ਵੋਟਾਂ ਦਾ ਵਿਅੰਗਮਈ ਸੰਖੇਪ ਭਾਸ਼ਣ ਪੇਸ਼ ਕੀਤਾ ਤੇ ਬੋਲੇ ਸੋ ਨਿਹਾਲ ਦਾ ਜੈਕਾਰ ਗਜਾਇਆ। ਅਨਾਇਤ ਕੌਰ ਛੀਨਾ ਪੰਜਾਬੀ ਸਕੂਲ ਉਤੇ ਕਵਿਤਾ ਪੇਸ਼ ਕੀਤੀ। ਪਰਲ ਨੇ ਕਵਿਤਾ ‘ਕਿਤਾਬ ਲੈ ਦਿ ’ ਪੇਸ਼ ਕੀਤੀ। ਨਿੱਕੀ ਜਿਹੀ ਬੱਚੀ ਅਸ਼ਪ੍ਰੀਤ ਕੌਰ ਨੇ ਮੂਲ ਮੰਤਰ ਅਤੇ ਗੁਰੂ ਸਾਹਿਬਾਨਾਂ ਦੇ ਨਾਂਅ ਸੁਣਾਏ, ਹੀਰਤ, ਪਵਿਤ ਅਤੇ ਏਨਾਇਆ ਨੇ ‘ਬਾਜ਼ਰੇ ਦਾ ਸਿੱਟੇ’ ਦੇ ਗਾਣੇ ਉਤੀ ਪਰਫਾਰਮ ਕੀਤਾ। ਰਾਜਨੀਤਕ ਆਗੂ ਐਸ਼ ਪਰਮਾਰ ਨੇ ਇਥੇ ਆਉਂਦੀਆਂ ਪੰਜਾਬੀ ਕਿਤਾਬਾਂ ਦੀ ਗੱਲਬਾਤ ਕੀਤੀ। ਇਤਿਹਾਸਕ ਕਿਤਾਬਾਂ ਦੀ ਗੱਲ ਕਰਦਿਆਂ ਉਨ੍ਹਾਂ ਟ੍ਰਸਟ ਦੇ ਇਸ ਸਮਾਗਮ ਦੀ ਬਹੁਤ ਤਰੀਫ ਕੀਤੀ। ਸ. ਪਰਮਿੰਦਰ ਸਿੰਘ ਪਾਪਾਟੋਏਟੋਏ ਹੋਰਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੋਈ ਵੀ ਕਹਾਣੀ ਘਰ ਤੋਂ ਸ਼ੁਰੂ ਹੁੰਦੀ ਹੈ, ਸੋ ਪੰਜਾਬੀ ਮਾਂ ਬੋਲੀ ਦੀ ਗੱਲ ਆਪਣੇ ਘਰ ਤੋਂ ਚੱਲੇਗੀ। ਜਿੰਨਾਂ ਚਿਰ ਮਾਵਾਂ ਦੇ ਜ਼ਿਹਨ ਦੇ ਵਿਚ ਇਹ ਗੱਲ ਨਾ ਆਈ ਕਿ ਬੱਚਿਆਂ ਦੇ ਰਾਹੀਂ ਕਿਵੇਂ ਆਪਣੀ ਜ਼ੁਬਾਨ ਅਤੇ ਵਿਰਸੇ ਨੂੰ ਕਾਇਮ ਕਰਨਾ ਹੈ। ਸ. ਹਰਜਿੰਦਰ ਸਿੰਘ ਬਸਿਆਲਾ ਨੇ ਇਸ ਮੌਕੇ ਸੰਬੋਧਨ ਦੇ ਵਿਚ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਕਬੀਰ, ਕਾਇਆ ਸਿੰਘ ਕੇ ਕਵਿਤਾ ‘ਰੁੱਖ’, ਗੁਰਸ਼ਬਦ ਨੇ ਕਵਿਤਾ ‘ਦਿਵਾਲੀ’, ਮਨਮੀਤ ਕੌਰ ਨੇ ਕਵਿਤਾ ‘ਮੈਨੂ ਮਾਣ ਪੰਜਾਬੀ ਹੋਣ ਦਾ’, ਪਵਿੱਤ ਕੌਰ ਨੇ ਅਬਲੂ-ਬਬਲ, ਵੀਰਮ ਨੇ ਗੀਤ ‘ਮਾਂ’, ਹੀਰਤ ਨੇ ਕਵਿਤਾ ‘ਦਾਦੀ ਮਾਂ’, ਜਸਪ੍ਰੀਤ ਕਲਸੀ ਨੇ ਕਵਿਤਾ ‘ਪੰਜਾਬੀ’ ਪੇਸ਼ ਕੀਤੀ ਤੇ ਛੋਟੀਆਂ ਬੱਚੀਆਂ ਦਾ ਗਿੱਧਾ ਵੀ ਕਮਾਲ ਕਰ ਗਿਆ। ਮੰਨਤ ਬਾਠ ਦਾ ਗੀਤ ‘ਬਾਬੁਲ ਦੇ ਵਿਹੜੇ ਅੰਬੀ ਦਾ ਬੂਟਾ’ ਕਮਾਲ ਦਾ ਰਿਹਾ। ਇਸ ਕੁੜੀ ਦੇ ਵਿਸ਼ਵਾਸ਼ ਨਾਲ ਗਾਉਣ ਵਿਚ ਵਿਚ ਭਵਿੱਖ ਦੀ ਮਸ਼ਹੂਰ ਗਾਇਕਾ ਮੰਨਤ ਨਜ਼ਰ ਆਈ। ਉਸਦੇ ਇਕ-ਦੋ ਗੀਤ ਦੇ ਮੁਖੜਿਆਂ ਉਤੇ ਕੀਤਾ ਗਿਆ ਨ੍ਰਿਤ ਵੀ ਕਮਾਲ ਸੀ। ਬੱਚੀ ਦੀ ਇਸ ਸਿਖਿਆ ਲਈ ਉਸਦੀ ਮਾਤਾ ਰੂਬੀ ਬਾਠ, ਦਾਦਾ ਸ। ਸਰਦੂਲ ਸਿੰਘ ਅਤੇ ਦਾਦੀ ਜੀ ਨੂੰ ਡਾ. ਦਿਲਾਵਰ ਸਿੰਘ ਵੱਲੋਂ ਸਨਮਾਨਿਤ ਕੀਤਾ ਗਿਆ। ਡਾ. ਦਿਲਾਵਰ ਸਿੰਘ ਹੋਰਾਂ ਨੇ ਹੀਰ ਗਾ ਕੇ ਸੁਣਾਈ। ਸ. ਮੋਹਨ ਸਿੰਘ ਬੇਹਰ ਅਤੇ ਸ. ਲਕਮਿੰਦਰ ਸਿੰਘ ਉਭਾ ਹੋਰਾਂ ਨੇ ਵੀ ਪੰਜਾਬੀ ਹਫ਼ਤੇ ਦੀ ਵਧਾਈ ਦਿੱਤੀ।

ਪ੍ਰੋਗਰਾਮ ਆਪਣੀ ਗਤੀ ਦੇ ਨਾਲ ਅੱਗੇ ਵਧਦਾ ਗਿਆ ਨਿਹਾਲ ਸਿੰਘ ਤੇ ਰੂਪ ਕੌਰ ਵੱਲੋਂ ਮੇਰੀ ਮਾਂ ਬੋਲੀ, ਮਾਤਾ ਸਾਹਿਬ ਕੌਰ ਗੁਰਦੁਆਰਾ ਸਾਹਿਬ ਦੇ ਬੱਚੇ ਜੋਗਾ ਸਿੰਘ ਵੱਲੋਂ ਕਵੀਸ਼ਰੀ ਪੇਸ਼ ਕੀਤੀ ਗਈ। ਪ੍ਰੋਗਰਾਮ ਅਜੇ ਜਾਰੀ ਹੈ। ਅਨਾਇਤ, ਜਸਨੈਨਾ, ਵਰੁਣ ਅਤੇ ਮੇਹਰ ਵੱਲੋਂ ਕਵਿਤਾ ‘ਗੁਰੂ ਦੀ ਸਿੱਖਿਆ’ ਪੇਸ਼ ਕੀਤੀ ਗਈ। ਚਾਹਲ ਪਰਿਵਾਰ ਦੇ ਬੱਚਿਆਂ ਪੰਜਾਬ ਬਾਰੇ ਜਾਣਕਾਰੀ ਦਿੱਤੀ ਅਤੇ ਬਹੁਤ ਹੀ ਨਿੱਕੇ ਬੱਚਿਆਂ ਨੇ ਜ਼ੁਬਾਨੀ ਗੁਰੂਆਂ ਦੇ ਨਾਂਅ ਸੁਣਾਏ। ਰਿਵਰਸਿਟੀ ਗਰੁੱਪ ਵੱਲੋਂ ਪੰਜਾਬੀ ਭੰਗੜਾ ਹੋਇਆ। ਸਾਰੇ ਬੱਚਿਆਂ ਨੂੰ ਸੁੰਦਰ ਇਨਾਮ ਵੰਡੇ ਗਏ। ਆਏ ਮਹਿਮਾਨਾਂ ਦਾ ਸਤਿਕਾਰ ਕੀਤਾ ਗਿਆ। ਸ. ਜਰਨੈਲ ਸਿੰਘ ਨੇ ਆਏ ਸਾਰੇ ਦਰਸ਼ਕਾਂ, ਸਪਾਂਸਰਜ਼, ਮਹਿਮਾਨਾ, ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦਾਦਿਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਸਮਾਗਮ ਬਹੁਤ ਹੀ ਸਫਲ ਰਿਹਾ।

# ਕਾਰਪੋਰੇਟ ਅਤੇ ਫਾਸ਼ੀਵਾਦ ਵਿਰੁੱਧ ਸੰਘਰਸ਼ਾਂ ਨੂੰ ਸਮਰਪਿਤ ਹੋਏਗਾ 33ਵਾਂ ਤਿੰਨ ਰੋਜ਼ਾ ਮੇਲਾ .ਗਦਰੀ ਬਾਬਿਆਂ ਦਾ

**ਜਲੰਧਰ–** ਭਖ਼ਦੇ ਮੁੱਦਿਆਂ ਉਪਰ ਕੇਂਦਰਤ ਹੋਏਗਾ ਇਸ ਵਾਰ 7, 8, 9 ਨਵੰਬਰ ਨੂੰ ਲੱਗ ਰਿਹਾ 33ਵਾਂ ਮੇਲਾ ਗ਼ਦਰੀ ਬਾਬਿਆਂ ਦਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਅਤੇ ਕਮੇਟੀ ਦੇ ਖਜ਼ਾਨਚੀ ਸੀਤਲ ਸਿੰਘ ਸੰਘਾ ਨੇ ਅੱਜ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਕਾਰਪੋਰੇਟ ਅਤੇ ਫਾਸ਼ੀਵਾਦ ਵਿਰੁੱਧ ਸੰਘਰਸ਼ਾਂ ਨੂੰ ਸਮਰਪਿਤ ਹੋਏਗਾ, ਮੇਲਾ ਗ਼ਦਰੀ ਬਾਬਿਆਂ ਦਾ।

ਇਸ ਮੇਲੇ ਦੇ ਸਿਖ਼ਰਲੇ ਦਿਨ 9 ਨਵੰਬਰ ਦਿਨ ਸ਼ਨਿਚਰਵਾਰ ਸਵੇਰੇ 10 ਵਜੇ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਹਰਦੇਵ ਅਰਸ਼ੀ ਅਦਾ ਕਰਨਗੇ। ਇਸ ਉਪਰੰਤ ਪੇਸ਼ ਹੋਣ ਵਾਲੇ ਝੰਡੇ ਦੇ ਗੀਤ ਦੀ ਵਰਕਸ਼ਾਪ ਦੇਸ਼ ਭਗਤ ਯਾਦਗਾਰ ਹਾਲ ’ਚ ਸ਼ੁਰੂ ਹੋ ਗਈ। ਉਨ੍ਹਾਂ ਦੱਸਿਆ ਕਿ ਅਮੋਲਕ ਸਿੰਘ ਦੇ ਲਿਖੇ ਸੱਤਪਾਲ (ਪਟਿਆਲਾ) ਅਤੇ ਕਰਾਂਤੀਪਾਲ (ਬਿਆਸ) ਦੀ ਨਿਰਦੇਸ਼ਨਾ ’ਚ ਸੰਗੀਤ ਓਪੇਰਾ ਰੂਪੀ ਇਹ ਝੰਡੇ ਦਾ ਗੀਤ 'ਮੇਲਾ ਕੀ ਕਹਿੰਦੈ' 100 ਦੇ ਕਰੀਬ ਕਲਾਕਾਰ ਪੇਸ਼ ਕਰਨਗੇ।

9 ਨਵੰਬਰ ਦੁਪਹਿਰ ਵੇਲੇ ਵਿਸ਼ਵ ਪ੍ਰਸਿੱਧ ਵਿਦਵਾਨ ਅਰੁੰਧਤੀ ਰਾਏ ਅਤੇ ਨਿਊਜ਼ ਕਲਿੱਕ ਦੇ ਸੰਸਥਾਪਕ ਸੰਪਾਦਕ ਪ੍ਰਬੀਰ ਸੰਬੋਧਨ ਕਰਨਗੇ। ਇਸ ਦਿਨ ਸ਼ਾਮ 4 ਵਜੇ 'ਖੇਤੀ ਅਤੇ ਪਾਣੀ ਸੰਕਟ' ਵਿਸ਼ੇ ਉਪਰ ਕਮੇਟੀ ਦੇ ਪ੍ਰਤੀਨਿੱਧ ਜਗਰੂਪ, ਰਮਿੰਦਰ ਪਟਿਆਲਾ, ਸੁਖਵਿੰਦਰ ਸੇਖੋਂ, ਕੁਲਵੰਤ ਸੰਧੂ, ਵਿਜੈ ਬੰਬੇਲੀ ਅਤੇ ਡਾ. ਪਰਮਿੰਦਰ ਸੰਬੋਧਨ ਕਰਨਗੇ। ਮੰਚ ਸੰਚਾਲਨ ਪ੍ਰੋ. ਗੋਪਾਲ ਬੁੱਟਰ ਕਰਨਗੇ।

9 ਨਵੰਬਰ ਸ਼ਾਮ 6:30 ਵਜੇ ਕਮੇਟੀ ਪ੍ਰਧਾਨ ਅਜਮੇਰ ਸਿੰਘ ਦੇ ਸੰਬੋਧਨ ਉਪਰੰਤ ਸਾਰੀ ਰਾਤ 'ਪੋਸਟਰ' (ਚਕਰੇਸ਼ ਚੰਡੀਗੜ੍ਹ), 'ਧਰਤੀ ਦੀ ਧੀ: ਐਟੀਗਨੀ' (ਕੇਵਲ ਧਾਲੀਵਾਲ), 'ਗੁੰਮਸ਼ੁਦਾ ਔਰਤ' (ਅਨੀਤਾ ਸ਼ਬਦੀਸ਼), 'ਰਾਖਾ' (ਬਲਰਾਜ ਸਾਗਰ), 'ਹਨੇਰ ਨਗਰੀ' (ਜਸਵਿੰਦਰ ਪੱਪੀ) ਅਤੇ ਇਪਟਾ ਦੇ ਅਵਤਾਰ ਚੜਿਕ ਅਤੇ ਸਾਥੀ 'ਭੰਡ ਮੇਲੇ ਆਏ' ਪੇਸ਼ ਕਰਨਗੇ। ਇਸ ਸਿਖਰਲੇ ਦਿਨ ਅਤੇ ਰਾਤ ਗੀਤ-ਸੰਗੀਤ ਦਾ ਆਪਣਾ ਵਿਸ਼ੇਸ਼ ਰੰਗ ਹੋਏਗਾ। ਇਸ ਵਿੱਚ ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ (ਸਵਰਨ ਧਾਲੀਵਾਲ), ਲੋਕ ਸੰਗੀਤ ਮੰਡਲੀ ਭਦੌੜ (ਮਾਸਟਰ ਰਾਮ ਕੁਮਾਰ), ਦਸਤਕ ਮੰਚ (ਸਾਰਾ), ਖਾਲਸਾ ਕਾਲਜ ਗੜ੍ਹਦੀਵਾਲ (ਗੁਰਪਿੰਦਰ ਸਿੰਘ), ਧਰਮਿੰਦਰ ਮਸਾਣੀ, ਨਰਗਿਸ, ਅੰਮ੍ਰਿਤ ਲਾਲ ਫਿਲੌਰ ਆਦਿ ਗਾਇਕਾਂ ਵੱਲੋਂ ਗੀਤ-ਸੰਗੀਤ ਹੋਵੇਗਾ।

ਦੇਸ਼ ਭਗਤ ਯਾਦਗਾਰ ਹਾਲ ਦੇ ਸਮੁੱਚੇ ਕੰਪਲੈਕਸ ਨੂੰ ਮੇਲੇ ਦੇ ਦਿਨਾਂ ਵਿੱਚ ਗ਼ਦਰ ਪਾਰਟੀ ਦੇ ਪਹਿਲੇ ਖਜ਼ਾਨਚੀ 'ਕਾਂਸ਼ੀ ਰਾਮ ਮੜੌਲੀ ਨਗਰ', ਸ਼ਹੀਦ ਭਗਤ ਸਿੰਘ ਆਡੀਟੋਰੀਅਮ ਨੂੰ ਪਗੜੀ ਸੰਭਾਲ ਲਹਿਰ ਦੇ ਬਾਨੀ 'ਅਜੀਤ ਸਿੰਘ ਪੰਡਾਲ' ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਮੰਚ ਨੂੰ ਫਾਸ਼ੀਵਾਦ ਖਿਲਾਫ਼ ਲੜਨ ਵਾਲੇ ਜੁਝਾਰੂਆਂ ਵਿੱਚ ਵਿਸ਼ਵ ਭਰ ਵਿੱਚ ਜਾਣੇ ਜਾਂਦੇ ਸੰਗਰਾਮੀਏ ਦੇ ਨਾਂਅ 'ਜੂਲੀਅਸ ਫਿਊਚਕ ਪੁਸਤਕ ਪ੍ਰਦਰਸ਼ਨੀ ਪੰਡਾਲ' ਦਾ ਨਾਂਅ ਦਿੱਤਾ ਜਾਏਗਾ।

7 ਨਵੰਬਰ 2 ਵਜੇ ਚਿੱਤਰਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ ਦਾ ਹੋਏਗਾ ਉਦਘਾਟਨ ਅਤੇ ਸਨਮਾਨ। 'ਜੂਲੀਅਸ ਫਿਊਚਕ ਪੁਸਤਕ ਪ੍ਰਦਰਸ਼ਨੀ ਪੰਡਾਲ' ਵਿੱਚ ਹੀ ਮੇਲੇ ਦੇ ਪਹਿਲੇ ਦਿਨ 7 ਨਵੰਬਰ ਦਿਨ ਸ਼ੁੱਕਰਵਾਰ ਸ਼ਾਮ ਠੀਕ 4 ਵਜੇ ਰੂਸੀ ਕਰਾਂਤੀ ਦੇ ਦਿਹਾੜੇ ਨੂੰ ਸਿਜਦਾ ਕਰਦੇ ਹੋਏ 'ਪੁਸਤਕ ਸਭਿਆਚਾਰ' ਵਿਸ਼ੇ ’ਤੇ ਚਰਚਾ ਹੋਏਗੀ। 'ਫੁਲਵਾੜੀ' ਦੇ 100ਵੇਂ ਵਰ੍ਹੇ ਦੇ ਹਵਾਲੇ ਨਾਲ ਵੀ ਹੋਣਗੀਆਂ ਬਾਤਾਂ। ਇਸ ਮੌਕੇ




ਸਾਡੇ ਕੋਲੋਂ ਵਿਛੜੇ ਸੁਰਜੀਤ ਪਾਤਰ, ਸ੍ਰੀਮਤੀ ਕੈਲਾਸ਼ ਕੌਰ, ਇਕਬਾਲ ਖ਼ਾਨ, ਅਮਰਜੀਤ ਰਸੂਲਪੁਰੀ, ਕੁਲਦੀਪ ਜਲੂਰ, ਹਰਬੰਸ ਹੀਓਂ ਆਦਿ ਕਵੀਆਂ, ਲੇਖਕਾਂ ਨੂੰ ਯਾਦ ਕੀਤਾ ਜਾਏਗਾ। 8 ਨਵੰਬਰ ਦਿਨ ਸ਼ਨਿਚਰਵਾਰ ਸਵੇਰੇ ਕੁਇਜ਼, ਪੇਂਟਿੰਗ, ਗਾਇਨ ਅਤੇ ਭਾਸ਼ਣ ਮੁਕਾਬਲੇ ਵੱਖ-ਵੱਖ ਹਾਲਾਂ ਵਿੱਚ ਹੋਣਗੇ। ਕੁਇਜ਼ ਮੁਕਾਬਲਾ ਪੁਸਤਕ 'ਕਿਰਤੀ ਵਾਰਤਕ: ਸ਼ਹੀਦੀ ਜੀਵਨੀਆਂ' (ਸੰਪਾਦਕ: ਚਰੰਜੀ ਲਾਲ ਕੰਗਣੀਵਾਲ) ਉਪਰ ਹੋਏਗਾ। ਪੇਂਟਿੰਗ ਮੁਕਾਬਲਾ ਦੇ ਇਨਾਮ-ਸਨਮਾਨ ਵੰਡ ਮੌਕੇ ਵਿਦਿਆਰਥੀਆਂ ’ਚ ਵਿਗਿਆਨਕ ਸੋਚ ਬਾਰੇ ਵਿਚਾਰਾਂ ਅਤੇ ਬਾਲ ਕਲਾਕਾਰਾਂ ਵੱਲੋਂ 'ਜਲ੍ਹਿਆਂਵਾਲਾ ਬਾਗ਼' ਬਾਲ ਨਾਟਕ ਹੋਏਗਾ। ਵਿਗਿਆਨਕ ਵਿਚਾਰਾਂ ਬਾਰੇ ਬੱਚਿਆਂ ਨਾਲ ਗੱਲਬਾਤ ਹੋਏਗੀ। ਇਸ ਦਿਨ ਦੁਪਹਿਰ 2 ਵਜੇ ਬਾਬਾ ਜਵਾਲਾ ਸਿੰਘ ਹਾਲ ਵਿੱਚ ਤਿੰਨ ਨਵੇਂ ਫੌਜਦਾਰੀ ਅਤੇ ਕਾਲ਼ੇ ਕਾਨੂੰਨਾਂ ਦੇ ਮਨਸ਼ੇ, ਮਾਰੂ ਪ੍ਰਭਾਵ ਅਤੇ ਇਹਨਾਂ ਖਿਲਾਫ਼ ਜਨਤਕ ਆਵਾਜ਼ ਸਬੰਧੀ ਵਿਚਾਰ-ਚਰਚਾ ਹੋਏਗੀ। ਜਿਸ ਵਿੱਚ ਉੱਘੇ ਵਿਦਵਾਨ ਐਡਵੋਕੇਟ ਰਾਜਿੰਦਰ ਸਿੰਘ ਚੀਮਾ ਅਤੇ ਅਪੂਰਵਾਨੰਦ ਮੁੱਖ ਵਕਤਾ ਹੋਣਗੇ। ਸ਼ਾਮ 4 ਵਜੇ ਕਵੀ-ਦਰਬਾਰ, 6 ਵਜੇ 'ਮਾਟੀ ਕੇ ਲਾਲ' ਫ਼ਿਲਮ ਦਿਖਾਈ ਜਾਏਗੀ। ਫ਼ਿਲਮਸਾਜ਼ ਸੰਜੇ ਕਾਕ ਸੰਬੋਧਨ ਕਰਨਗੇ। ਇਸ ਮੇਲੇ ਵਿੱਚ ਗ਼ਦਰੀ ਦੇਸ਼ ਭਗਤਾਂ ਦੇ ਪਿੰਡਾਂ ਵੱਲੋਂ ਮੁੱਖ ਤੌਰ ’ਤੇ ਪ੍ਰਿਥੀਪਾਲ ਸਿੰਘ ਮਾੜੀਮੇਘਾ, ਰਣਜੀਤ ਸਿੰਘ ਔਲਖ ਅਤੇ ਰਾਜਿੰਦਰ ਮੰਡ ਦੀ ਅਗਵਾਈ ’ਚ ਲੰਗਰ ਸੇਵਾਵਾਂ ਹੋਣਗੀਆਂ।

ਨਾਟਕਾਂ ਦੀ ਰਾਤ ਚਾਹ ਦਾ ਲੰਗਰ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਹੋਏਗਾ। ਪ੍ਰੈਸ ਕਾਨਫਰੰਸ ’ਚ ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਰਣਜੀਤ ਸਿੰਘ ਔਲਖ, ਗੁਰਮੀਤ ਸਿੰਘ, ਕੁਲਬੀਰ ਸੰਘੇੜਾ, ਹਰਵਿੰਦਰ ਭੰਡਾਲ ਵੀ ਸ਼ਾਮਲ ਸਨ।

ਦੇਸ਼ ਭਗਤ ਕਮੇਟੀ ਨੇ ਸਮੂਹ ਜਨਤਕ ਜਮਹੂਰੀ ਜਥੇਬੰਦੀਆਂ ਅਤੇ ਸਖਸ਼ੀਅਤਾਂ ਨੂੰ ਪਰਿਵਾਰਾਂ ਸਮੇਤ ਮੇਲੇ ’ਚ ਸ਼ਿਰਕਤ ਕਰਨ ਅਤੇ ਹਰ ਪੱਖੋਂ ਸਹਿਯੋਗ ਲਈ ਅਪੀਲ ਕੀਤੀ ਹੈ। ਪ੍ਰੈੱਸ ਕਾਨਫਰੰਸ ’ਚ ਆਏ ਸੁਆਲਾਂ ਦੇ ਕਮੇਟੀ ਆਗੂਆਂ ਨੇ ਸਾਰਥਕ ਜਵਾਬ ਦਿੰਦੇ ਹੋਏ ਸੁਆਲਾਂ ਦਾ ਸੁਆਗਤ ਕੀਤਾ।

# ਗ਼ਦਰੀ ਬਾਬਿਆਂ ਦੇ ਮੇਲੇ ਦੀ ਸਫ਼ਲਤਾ ਲਈ ਸਬ-ਕਮੇਟੀਆਂ ਨੇ ਕੀਤੀ ਗੰਭੀਰ ਵਿਚਾਰ-ਚਰਚਾ

**ਜਲੰਧਰ-** ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ 7 ਨਵੰਬਰ ਤੋਂ ਸ਼ੁਰੂ ਹੋ ਰਿਹਾ 33ਵਾਂ ਤਿੰਨ ਰੋਜ਼ਾ ਮੇਲਾ ਗ਼ਦਰੀ ਬਾਬਿਆਂ ਦਾ ਹਰ ਪੱਖੋਂ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਅਤੇ ਲੋਕਾਂ ਦੇ ਵਿਸ਼ਾਲ ਸਹਿਯੋਗ ਨਾਲ ਨਵੇਂ ਮੁਕਾਮ 'ਤੇ ਪਹੁੰਚਾਉਣ ਲਈ ਅੱਜ ਸਭਿਆਚਾਰਕ ਵਿੰਗ ਅਤੇ ਦਰਜਣ ਦੇ ਕਰੀਬ ਵੰਨ-ਸੁਵੰਨੀਆਂ ਸਬ-ਕਮੇਟੀਆਂ ਦੇ ਕਨਵੀਨਰਾਂ ਅਤੇ ਮੈਂਬਰਾਂ ਨੇ ਸਿਰ ਜੋੜਕੇ ਗੰਭੀਰ ਵਿਚਾਰਾਂ ਕੀਤੀਆਂ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 80ਵੇਂ ਦੇ ਦੌਰ ਅੰਦਰ ਪੰਜਾਬ, ਦਿੱਲੀ ਅਤੇ ਅਨੇਕਾਂ ਥਾਵਾਂ 'ਤੇ ਹਕੂਮਤ ਦੇ ਥਾਪੜੇ ਸਦਕਾ ਸਿੱਖ ਭਾਈਚਾਰੇ ਦਾ ਚੁਣ-ਚੁਣ ਕੇ ਸ਼ਿਕਾਰ ਖੇਡਣ ਅਤੇ ਇਉਂ ਹੀ ਦਹਾਕੇ ਤੋਂ ਵੱਧ ਸਮਾਂ ਹਿੰਦੂ ਭਾਈਚਾਰੇ ਨੂੰ ਵਿਸ਼ੇਸ਼ ਨਿਸ਼ਾਨਾ ਬਣਾ ਕੇ ਮਾਰੇ ਗਏ ਨਿਰਦੋਸ਼ ਲੋਕਾਂ ਨੂੰ ਭਾਵ-ਭਿੰਨੀ ਸ਼ਰਧਾਂਜ਼ਲੀ ਭੇਂਟ ਕੀਤੀ ਅਤੇ ਭਵਿੱਖ 'ਚ ਹਰ ਵੰਨਗੀ ਦੀ ਫ਼ਿਰਕੂ ਅਤੇ ਹਕੂਮਤੀ ਦਹਿਸ਼ਤਗਰਦੀ ਖਿਲਾਫ਼ ਉਸ ਵੇਲੇ ਦੀ ਤਰ੍ਹਾਂ ਜੂਝਣ ਵਾਲੇ ਲੋਕਾਂ ਦੇ ਜਾਇਆਂ ਤੋਂ ਰੌਸ਼ਨੀ ਲੈਣ ਦੀ ਅਪੀਲ ਕੀਤੀ ਗਈ।




ਇਸ ਉਪਰੰਤ ਮੇਲਾ ਤਿਆਰੀ ਕਮੇਟੀ, ਕੁਇਜ਼, ਭਾਸ਼ਣ, ਗਾਇਨ ਅਤੇ ਪੇਂਟਿੰਗ ਮੁਕਾਬਲਾ ਕਮੇਟੀਆਂ ਦੇ ਕਨਵੀਨਰਾਂ ਕ੍ਰਮਵਾਰ ਹਰਵਿੰਦਰ ਭੰਡਾਲ, ਪ੍ਰੋ. ਗੋਪਾਲ ਬੁੱਟਰ, ਪ੍ਰੋ. ਤੇਜਿੰਦਰ ਵਿਰਲੀ ਅਤੇ ਡਾ. ਸੈਲੇਸ਼ ਨੇ ਸਬੰਧਤ ਮੁਕਾਬਲਿਆਂ ਦੀ ਹੁਣ ਤੱਕ ਦੀ ਤਿਆਰੀ ਅਤੇ ਕਰਨ ਗੋਚਰੇ ਕੰਮਾਂ ਬਾਰੇ ਦੱਸਿਆ। ਚਿੱਤਰਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ ਦੇ ਕਨਵੀਨਰ ਵਿਜੈ ਬੰਬੇਲੀ, ਕਵੀ ਦਰਬਾਰ ਦੇ ਸੰਚਾਲਕ ਹਰਵਿੰਦਰ ਭੰਡਾਲ ਅਤੇ ਫ਼ਿਲਮ ਸ਼ੋਅ ਦੇ ਸੰਚਾਲਕ ਡਾ. ਸੈਲੇਸ਼ ਨੇ 8 ਨਵੰਬਰ ਸ਼ਾਮ ਨੂੰ ਹੋਣ ਵਾਲੇ ਕਵੀ ਦਰਬਾਰ, ਵਕਤਾ ਸੰਜੇ ਕਾਕ ਅਤੇ ਦਿਖਾਈ ਜਾਣ ਵਾਲੀ ਫ਼ਿਲਮ 'ਮਾਟੀ ਕੇ ਲਾਲ' ਦੀ ਤਿਆਰੀ ਬਾਰੇ ਦੱਸਿਆ। ਪੁਸਤਕ ਪ੍ਰਦਰਸ਼ਨੀ ਦੇ ਕਨਵੀਨਰ ਰਮਿੰਦਰ ਪਟਿਆਲਾ ਅਤੇ ਸਹਿਯੋਗੀ ਕੇਸਰ ਨੇ ਦੱਸਿਆ ਕਿ 70 ਦੇ ਕਰੀਬ ਪੁਸਤਕ ਸਟਾਲਾਂ ਦੇ ਆਉਣ ਦੀ ਸੂਚਨਾ ਪੱਕੀ ਹੋ ਗਈ ਹੈ। ਸੁਰੱਖਿਆ ਅਤੇ ਹੋਰ ਸੇਵਾਵਾਂ ਲਈ ਵਲੰਟੀਅਰ ਡਿਊਟੀਆਂ ਬਾਰੇ ਉਹਨਾਂ ਨੇ ਆਪਣੇ ਅਤੇ ਹਰਮੇਸ਼ ਮਾਲੜੀ ਵੱਲੋਂ ਨਿਭਾਈਆਂ ਜਾਣ ਵਾਲੀਆਂ ਵਲੰਟੀਅਰ ਜ਼ਿੰਮੇਵਾਰੀਆਂ ਬਾਰੇ ਦੱਸਿਆ।

ਕਮੇਟੀ ਨੇ ਇਹ ਜਾਣਕਾਰੀ ਵੀ ਸਾਂਝੀ ਕੀਤੀ ਕਿ ਅਪੂਰਵਾਨੰਦ, ਐਡਵੋਕੇਟ ਰਾਜਿੰਦਰ ਸਿੰਘ ਚੀਮਾ, 9 ਨਵੰਬਰ ਅਰੁੰਧਤੀ ਰਾਏ ਅਤੇ ਪ੍ਰਬੀਰ ਮੇਲੇ 'ਤੇ 8 ਨਵੰਬਰ ਨੂੰ ਹੋ ਰਹੀ ਵਿਚਾਰ-ਚਰਚਾ ਵਿੱਚ ਬਤੌਰ ਵਕਤਾ ਸ਼ਾਮਲ ਹੋ ਰਹੇ ਹਨ। 9 ਨਵੰਬਰ ਖੇਤੀ, ਪਾਣੀ, ਵਾਤਾਵਰਣ ਸੰਕਟ ਵਿਸ਼ੇ 'ਤੇ ਕਮੇਟੀ ਮੈਂਬਰ ਵਿਚਾਰ-ਚਰਚਾ ਵਿੱਚ ਭਾਗ ਲੈਣਗੇ।

9 ਨਵੰਬਰ ਸਵੇਰੇ 10 ਵਜੇ ਕਮੇਟੀ ਮੈਂਬਰ ਹਰਦੇਵ ਅਰਸ਼ੀ ਝੰਡਾ ਲਹਿਰਾਉਣ ਉਪਰੰਤ ਵਿਚਾਰ ਸਾਂਝੇ ਕਰਨਗੇ। ਅੱਜ ਇਹ ਵੀ ਦੱਸਿਆ ਗਿਆ ਕਿ ਝੰਡਾ ਲਹਿਰਾਉਣ ਉਪਰੰਤ ਓਪੇਰਾ ਰੂਪੀ ਝੰਡੇ ਦਾ ਗੀਤ; 'ਮੇਲਾ ਕੀ ਕਹਿੰਦੈ' ਦੀ ਤਿਆਰੀ ਲਈ 4 ਨਵੰਬਰ ਤੋਂ ਦੇਸ਼ ਭਗਤ ਯਾਦਗਾਰ ਹਾਲ ਵਰਕਸ਼ਾਪ ਲੱਗ ਰਹੀ ਹੈ, ਜਿਸ ਵਿੱਚ ਵੱਡੀ ਗਿਣਤੀ ਮੁੰਡੇ ਕੁੜੀਆਂ ਕਲਾਕਾਰ ਸ਼ਾਮਲ ਹੋ ਰਹੇ ਹਨ।

9 ਨਵੰਬਰ ਸ਼ਾਮ 6:30 ਵਜੇ ਕਮੇਟੀ ਦੇ ਪ੍ਰਧਾਨ ਦੇ ਸੰਬੋਧਨ ਉਪਰੰਤ ਚਕਰੇਸ਼ ਚੰਡੀਗੜ੍ਹ, ਕੇਵਲ ਧਾਲੀਵਾਲ, ਅਨੀਤਾ ਸ਼ਬਦੀਸ਼, ਬਲਰਾਜ ਸਾਗਰ, ਜਸਵਿੰਦਰ ਪੱਪੀ ਨਾਟਕ ਖੇਡਣਗੇ ਅਤੇ ਅਵਤਾਰ ਚੜਿਕ ਸਾਥੀਆਂ ਸਮੇਤ ਪੇਸ਼ ਕਰਨਗੇ ਵਿਅੰਗ, 'ਭੰਡ ਆਏ ਮੇਲੇ ਤੇ'। ਮੇਲੇ 'ਚ ਗੀਤ-ਸੰਗੀਤ ਦਾ ਆਪਣਾ ਪ੍ਰਭਾਵਸ਼ਾਲੀ ਰੰਗ ਹੋਏਗਾ।

ਕਮੇਟੀ ਦੇ ਜਨਰਲ ਸਕੱਤਰ ਨੇ ਲੰਗਰ ਲਈ ਆ ਰਹੇ ਰਾਸ਼ਣ ਅਤੇ ਆਰਥਕ ਮੱਦਦ ਬਾਰੇ ਉਤਸ਼ਾਹਜਨਕ ਜਾਣਕਾਰੀ ਸਾਂਝੀ ਕਰਦਿਆਂ ਲੰਗਰ ਲਗਾ ਰਹੀਆਂ ਸੰਸਥਾਵਾਂ, ਦੇਸ਼ ਭਗਤਾਂ ਦੇ ਪਿੰਡਾਂ ਅਤੇ ਮੇਲੇ ਨਾਲ ਜੁੜੇ ਪਰਿਵਾਰ ਦਾ ਧੰਨਵਾਦ ਕੀਤਾ।

# ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਲੋੜਵੰਦ ਵਿਦਿਆਰਥੀਆਂ ਲਈ ਮਾਤਾ ਜਰਨੈਲ ਕੌਰ ਕਾਰਪਸ ਫੰਡ ਸਕਾਲਰਸ਼ਿਪ ਸਕੀਮ ਸ਼ੁਰੂ

**ਮੰਡੀ ਗੋਬਿੰਦਗੜ੍ਹ-** ਦੇਸ਼ ਭਗਤ ਯੂਨੀਵਰਸਿਟੀ ਨੇ ਹੋਣਹਾਰ, ਲੋੜਵੰਦ, ਪਛੜੇ, ਆਰਥਿਕ ਤੌਰ 'ਤੇ ਪਛੜੇ, ਸਰੀਰਕ ਤੌਰ 'ਤੇ ਅਪੰਗ ਵਿਅਕਤੀਆਂ ਅਤੇ ਲੜਕੀਆਂ ਸਮੇਤ ਹੋਰ ਵਰਗਾਂ ਦੀ ਸਹਾਇਤਾ ਲਈ ਮਾਤਾ ਜਰਨੈਲ ਕੌਰ ਕਾਰਪਸ ਫੰਡ ਸਕਾਲਰਸ਼ਿਪ ਸਕੀਮ ਦੀ ਸਥਾਪਨਾ ਕੀਤੀ ਹੈ। ਇਹ ਪਹਿਲਕਦਮੀ ਵੱਖ ਵੱਖ



ਪਿਛੋਕੜ ਵਾਲੇ ਵਿਦਿਆਰਥੀਆਂ ਨੂੰ ਬਰਾਬਰ ਵਿਦਿਅਕ ਮੌਕੇ ਪ੍ਰਦਾਨ ਕਰਨ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ ਜੋ ਉੱਚ ਸਿੱਖਿਆ ਨੂੰ ਅੱਗੇ ਵਧਾਉਣ ਵਿੱਚ ਵਿੱਤੀ ਜਾਂ ਹੋਰ ਚੁਣੌਤੀਆਂ ਦਾ ਸਾਹਮਣਾ ਕਰ ਸਕਦੇ ਹਨ।

ਇਹ ਨਵਾਂ ਸਕਾਲਰਸ਼ਿਪ ਪ੍ਰੋਗਰਾਮ ਵੱਖ-ਵੱਖ ਪਿਛੋਕੜ ਵਾਲੇ ਵਿਦਿਆਰਥੀਆਂ ਲਈ ਇੱਕ ਸਹਿਯੋਗੀ ਮਾਹੌਲ ਬਣਾਉਣ ਲਈ ਯੂਨੀਵਰਸਿਟੀ ਦੇ ਸਮਰਪਣ ਨੂੰ ਦਰਸਾਉਂਦਾ ਹੈ, ਜਿਸ ਵਿੱਚ ਆਰਥਿਕ ਤੌਰ 'ਤੇ ਪਛੜੇ, ਸਰੀਰਕ ਤੌਰ 'ਤੇ ਅਪਾਹਜ ਵਿਅਕਤੀਆਂ ਅਤੇ ਲੜਕੀਆਂ ਸਮੇਤ ਹੋਰ ਸ਼ਾਮਲ ਹਨ। ਦੇਸ਼ ਭਗਤ ਯੂਨੀਵਰਸਿਟੀ ਨੇ ਕੈਂਪਸ ਵਿੱਚ ਆਯੋਜਿਤ ਆਪਣੇ ਪ੍ਰੋਗਰਾਮ ਦੌਰਾਨ ਇਸ ਮਹੱਤਵਪੂਰਨ ਮੀਲ ਪੱਥਰ ਦੀ ਨਿਸ਼ਾਨਦੇਹੀ ਕੀਤੀ। ਇਹ ਵਜ਼ੀਫ਼ਾ ਫੰਡ ਮਾਤਾ ਜਰਨੈਲ ਕੌਰ ਜੀ ਦੀ ਵਿਰਾਸਤ ਦਾ ਸਨਮਾਨ ਕਰਦਾ ਹੈ ਅਤੇ ਇੱਕ ਸਤਿਕਾਰਤ ਅਤੇ ਪਰਉਪਕਾਰੀ ਵਕੀਲ ਸ। ਹਰਦੇਵ ਸਿੰਘ ਦੁਆਰਾ 1 ਕਰੋੜ ਰੁਪਏ ਦੇ ਉਦਾਰ ਯੋਗਦਾਨ ਨਾਲ ਸ਼ੁਰੂ ਕੀਤਾ ਜਾ ਰਿਹਾ ਹੈ।

ਇਸ ਮੌਕੇ ਸ਼੍ਰੀ ਹਰਦੇਵ ਸਿੰਘ ਨੂੰ ਸਨਮਾਨਿਤ ਵੀ ਕੀਤਾ ਗਿਆ। ਯੂਨੀਵਰਸਿਟੀ ਫੰਡ ਦੀ ਪਹੁੰਚ ਅਤੇ ਪ੍ਰਭਾਵ ਨੂੰ ਵਧਾਉਣ ਦੇ ਟੀਚੇ ਦੇ ਨਾਲ, ਉਹਨਾਂ ਵਿਅਕਤੀਆਂ ਅਤੇ ਸੰਸਥਾਵਾਂ ਦੇ ਹੋਰ ਯੋਗਦਾਨਾਂ ਨੂੰ ਵੀ ਉਤਸ਼ਾਹਿਤ ਕਰ ਰਹੀ ਹੈ ਜੋ ਇਸ ਉਦੇਸ਼ ਦਾ ਸਮਰਥਨ ਕਰਨਾ ਚਾਹੁੰਦੇ ਹਨ।

ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ: ਜ਼ੋਰਾ ਸਿੰਘ ਨੇ ਫੰਡ ਦੀ ਸਥਾਪਨਾ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਵਿਦਿਅਕ ਪਹੁੰਚ ਵਿੱਚ ਪਾੜੇ ਨੂੰ ਖਤਮ ਕਰਨ ਲਈ ਇਸ ਦੀ ਮਹੱਤਤਾ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ, ''ਇਹ ਵਜ਼ੀਫ਼ਾ ਨਾ ਸਿਰਫ਼ ਮਾਤਾ ਜਰਨੈਲ ਕੌਰ ਜੀ ਨੂੰ ਸ਼ਰਧਾਂਜਲੀ ਹੈ, ਸਗੋਂ ਉਹਨਾਂ ਵਿਦਿਆਰਥੀਆਂ ਨੂੰ ਸਸ਼ਕਤ ਬਣਾ ਕੇ ਸਿੱਖਿਆ ਵਿੱਚ ਬਰਾਬਰੀ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਕਦਮ ਹੈ ਜੋ ਵਿੱਤੀ ਜਾਂ ਸਮਾਜਿਕ ਰੁਕਾਵਟਾਂ ਕਾਰਨ ਮੌਕਿਆਂ ਤੋਂ ਵਾਂਝੇ ਰਹਿ ਜਾਂਦੇ ਸਨ।'' ''ਸਾਡਾ ਦ੍ਰਿਸ਼ਟੀਕੋਣ ਹਰ ਯੋਗ ਵਿਦਿਆਰਥੀ ਨੂੰ ਆਪਣੇ ਸੁਪਨਿਆਂ ਨੂੰ ਪ੍ਰਾਪਤ ਕਰਨ ਅਤੇ ਆਪਣੇ ਅਤੇ ਸਮਾਜ ਲਈ ਇੱਕ ਬਿਹਤਰ ਭਵਿੱਖ ਬਣਾਉਣ ਦੇ ਯੋਗ ਬਣਾਉਣਾ ਹੈ।''

ਇਸ ਦੌਰਾਨ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ ਤਜਿੰਦਰ ਕੌਰ ਵੀ ਵਿਸ਼ੇਸ਼ ਤੌਰ 'ਤੇ ਹਾਜਰ ਸਨ।

ਇਸ ਮੌਕੇ ਵਾਈਸ ਚਾਂਸਲਰ ਡਾ. ਅਭਿਜੀਤ ਜੋਸ਼ੀ ਨੇ ਕਿਹਾ ਕਿ ਇਸ ਪਹਿਲਕਦਮੀ ਦੇ ਨਾਲ ਦੇਸ਼ ਭਗਤ ਯੂਨੀਵਰਸਿਟੀ ਨੌਜਵਾਨਾਂ ਨੂੰ ਸ਼ਕਤੀਕਰਨ, ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਅਤੇ ਪੂਰੇ ਖੇਤਰ ਵਿੱਚ ਉੱਚ ਸਿੱਖਿਆ ਸਮਾਵੇਸ਼ ਵਿੱਚ ਇੱਕ ਮਾਪਦੰਡ ਸਥਾਪਤ ਕਰਨ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਦੀ ਹੈ।

ਡੀ.ਬੀ.ਯੂ. ਦੇ ਵਾਈਸ ਪ੍ਰੈਜ਼ੀਡੈਂਟ ਡਾ। ਹਰਸ਼ ਸਦਾਵਰਤੀ, ਨੇ ਕਿਹਾ ਕਿ ਮਾਤਾ ਜਰਨੈਲ ਕੌਰ ਕਾਰਪਸ ਫੰਡ ਸਕਾਲਰਸ਼ਿਪ ਤੋਂ ਯੋਗ ਵਿਦਿਆਰਥੀਆਂ 'ਤੇ ਵਿੱਤੀ ਬੋਝ ਨੂੰ ਘੱਟ ਕਰਨ ਦੀ ਉਮੀਦ ਹੈ, ਜਿਸ ਨਾਲ ਉਹ ਵਿੱਤੀ ਤਣਾਅ ਤੋਂ ਬਿਨਾਂ ਆਪਣੇ ਅਕਾਦਮਿਕ ਕੰਮਾਂ 'ਤੇ ਧਿਆਨ ਕੇਂਦਰਿਤ ਕਰ ਸਕਣਗੇ।

# ਮੁੱਖ ਖੇਤੀਬਾੜੀ ਅਫਸਰ ਪਠਾਨਕੋਟ ਅਤੇ ਉਨਾਂ ਦੀ ਟੀਮ ਵੱਲੋਂ ਖਾਦ ਡੀਲਰਾਂ ਦੀ ਅਚਨਚੇਤ ਕੀਤੀ ਚੈਕਿੰਗ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਡਿਪਟੀ ਕਮਿਸ਼ਨਰ ਪਠਾਨਕੋਟ, ਸ੍ਰੀ ਅਦਿੱਤਿਆ ਉੱਪਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮੁੱਖ ਖੇਤੀਬਾੜੀ ਅਫ਼ਸਰ ਪਠਾਨਕੋਟ, ਡਾ. ਹਰਮਿੰਦਰਪਾਲ ਸਿੰਘ ਗਿੱਲ ਅਤੇ ਖੇਤੀਬਾੜੀ ਵਿਕਾਸ ਅਫ਼ਸਰ, ਡਾ. ਪ੍ਰਿਤਪਾਲ ਸਿੰਘ ਨੇ ਜ਼ਿਲ੍ਹਾ ਪਠਾਨਕੋਟ ਦੇ ਖਾਦ ਡੀਲਰਾਂ ਦੀਆਂ ਦੁਕਾਨਾਂ ਦੀ ਚੈਕਿੰਗ ਕੀਤੀ। ਚੈਕਿੰਗ ਦੌਰਾਨ ਦੁਕਾਨਾਂ ਵਿੱਚ ਪਿਆ ਖਾਦਾਂ ਦਾ ਸਟਾਕ ਚੈਂਕ ਕੀਤਾ ਗਿਆ।



ਇਸ ਮੌਕੇ ਤੇ ਮੁੱਖ ਖੇਤੀਬਾੜੀ ਅਫ਼ਸਰ, ਪਠਾਨਕੋਟ ਡਾ। ਹਰਮਿੰਦਰਪਾਲ ਸਿੰਘ ਗਿੱਲ ਵੱਲੋਂ ਸਮੂਹ ਡੀਲਰਾਂ ਨੂੰ ਹਦਾਇਤ ਕੀਤੀ ਗਈ ਕਿ ਕਿਸਾਨਾਂ ਨੂੰ ਖਾਦਾਂ ਦੇ ਨਾ਼ਲ ਕਿਸੇ ਵੀ ਕਿਸਮ ਦੀ ਟੈਗਿੰਗ ਨਾ ਕੀਤੀ ਜਾਵੇ। ਇਸ ਤੋਂ ਇਲਾਵਾ ਸਮੂਹ ਡੀਲਰ ਆਪਣੀਆਂ ਦੁਕਾਨਾਂ ਦੇ ਬਾਹਰ ਖਾਦਾਂ ਦੇ ਸਟਾਕ ਅਤੇ ਰੇਟ ਨੂੰ ਦਰਸਾਉਂਦਾ ਸਟਾਕ ਬੋਰਡ ਲਗਾਉਣਾ ਯਕੀਨੀ ਬਣਾਉਣਗੇ।

ਉਹਨਾਂ ਕਿਹਾ ਕਿ ਜ਼ਿਲਾ ਪਠਾਨਕੋਟ ਅੰਦਰ ਡੀ।ਏ।ਪੀ ਖਾਦ ਦੀ ਕਮੀ ਨੂੰ ਮੁੱਖ ਰੱਖਦੇ ਹੋਏ ਕਿਸਾਨਾਂ ਨੂੰ ਬਦਲਵੀਆਂ ਫਾਸਫੇਟਿਕ ਖਾਦਾਂ ਜਿਵੇਂ ਕਿ ਸਿੰਗਲ ਸੁਪਰ ਫਾਸਫੇਟ, 20:20:00:13,ਟ੍ਰਿਪਲ ਸੁਪਰ ਫਾਸਫੇਟ ਵੀ ਮੁਹੱਈਆ ਕਰਵਾਈਆਂ ਜਾਣ ਤਾਂ ਜੋ ਕਿਸਾਨਾਂ ਨੂੰ ਕਣਕ ਦੀ ਬੀਜਾਈ ਸਮੇਂ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਾ ਆਵੇ। ਕਿਸਾਨਾਂ ਨੂੰ ਅਪੀਲ ਕਰਦਿਆਂ ਮੁੱਖ ਖੇਤੀਬਾੜੀ ਅਫ਼ਸਰ ਪਠਾਨਕੋਟ ਨੇ ਕਿਹਾ ਕਿ ਕਿਸਾਨ ਵੀਰ ਡੀ.ਏ.ਪੀ. ਖਾਦ ਦੇ ਬਦਲ ਵਜੋਂ ਦੂਸਰੀਆਂ ਫਾਸਫੇਟਿਕ ਖਾਦਾਂ ਵੀ ਵਰਤ ਸਕਦੇ ਹਨ।

ਉਹਨਾਂ ਜਿਲਾ ਪਠਾਨਕੋਟ ਦੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਅਗਰ ਜਿਲੇ ਅੰਦਰ ਕਿਸੇ ਵੀ ਡੀਲਰ ਨੇ ਡੀਏਪੀ ਖਾਦ ਦਾ ਸਟਾਕ ਜਰੂਰਤ ਤੋਂ ਜਿਆਦਾ ਸਟੋਰ ਕੀਤਾ ਹੈ ਤਾਂ ਉਸ ਦੀ ਜਾਣਕਾਰੀ ਮੁੱਖ ਖੇਤੀਬਾੜੀ ਦਫਤਰ ਪਠਾਨਕੋਟ ਨੂੰ ਦਿੱਤੀ ਜਾਵੇ। ਉਹਨਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਖਾਦ ਦੇ ਸਟਾਕ ਨੂੰ ਜਮਾ ਕਰਕੇ ਰੱਖਣਾ ਅਤੇ ਬਾਅਦ ਵਿੱਚ ਖਾਦ ਦੀ ਕੀਮਤ ਵਿੱਚ ਵਾਧਾ ਕਰਕੇ ਵੇਚਣਾ ਵੀ ਅਪਰਾਧ ਹੈ ਅਗਰ ਅਜਿਹਾ ਕੋਈ ਵੀ ਮਾਮਲਾ ਧਿਆਨ ਵਿੱਚ ਆਉਂਦਾ ਹੈ ਤਾਂ ਖੇਤੀਬਾੜੀ ਵਿਭਾਗ ਨੂੰ ਵੀ ਸੂਚਿਤ ਕੀਤਾ ਜਾਵੇ ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

# ਰਾਜ ਪੱਧਰੀ ਖੇਡ ਮੁਕਾਬਲਿਆਂ ਲਈ ਵਿਦਿਆਰਥੀਆਂ ਦੀ ਰਵਾਨਗੀ, ਜਿਲ੍ਹਾ ਸਿੱਖਿਆ ਅਫ਼ਸਰਾ ਨੇ ਕੀਤਾ ਉਤਸਾਹਿਤ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਖੇਡਾਂ ਇੱਕ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ਼੍ਰੀਮਤੀ ਕਮਲਦੀਪ ਕੌਰ ਨੇ ਇਸ ਗੱਲ ਦਾ ਪ੍ਰਗਟਾਵਾ ਰਾਜ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਸ੍ਰੀ ਅਨ-ਦਪੁਰ ਸਾਹਿਬ ਲਈ ਰਵਾਨਾ ਕਰਦਿਆਂ ਕੀਤਾ। ਬੱਚਿਆਂ ਦੀ ਪ੍ਰੇਰਣਾ ਵਧਾਉਂਦੇ ਹੋਏ, ਉਨ੍ਹਾਂ ਨੇ ਉਨ੍ਹਾਂ ਨੂੰ ਪ੍ਰੇਰਿਆ ਕਿ ਖੇਡਾਂ ਵਿਦਿਆਰਥੀਆਂ ਦੇ ਵਿਅਕਤੀਗਤ ਅਤੇ ਸਮਾਜਿਕ ਵਿਕਾਸ ਲਈ ਬਹੁਤ ਜ਼ਰੂਰੀ ਹਨ ਅਤੇ ਇਹ ਵਿਦਿਆਰਥੀਆਂ ਵਿੱਚ ਸਹਿਣਸ਼ੀਲਤਾ, ਲੀਡਰਸ਼ਿਪ ਅਤੇ ਟੀਮ ਵਰਕ ਵਰਗੇ ਮੂਲ ਸੰਕਲਪਾਂ ਨੂੰ ਜਾਗਰੂਕ ਕਰਨ ਦਾ ਮਹੱਤਵਪੂਰਨ ਸਾਧਨ ਹਨ। ਇਸ ਮੌਕੇ 'ਤੇ ਸ੍ਰੀਮਤੀ ਕਮਲਦੀਪ ਕੌਰ ਨੇ ਖੇਡਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਕਿੱਟਾਂ ਭੇਟ ਕੀਤੀਆਂ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਹਰ ਵਿਦਿਆਰਥੀ ਨੂੰ ਕਿਸੇ ਨਾ ਕਿਸੇ ਖੇਡ ਵਿੱਚ ਜ਼ਰੂਰ ਹਿੱਸਾ ਲੈਣਾ ਚਾਹੀਦਾ ਹੈ ਤਾਂ ਕਿ ਉਹ ਆਪਣੇ ਸਰੀਰਕ ਅਤੇ ਮਾਨਸਿਕ ਅਧਾਰਾਂ 'ਤੇ ਮਜ਼ਬੂਤ ਬਣ ਸਕਣ ਅਤੇ ਕਿਸੇ ਵੀ ਖੇਤਰ ਵਿੱਚ ਮੌਜੂਦਾ ਮੁਕਾਬਲੇ ਦਾ ਸਾਹਮਣਾ ਕਰ ਸਕਣ। ਉਨ੍ਹਾਂ ਨੰਨੇ ਖੇਡਾਰੀਆ ਨੂੰ ਪ੍ਰੇਰਿਤ ਕੀਤਾ ਕਿ ਉਹ ਹਰ ਖੇਤਰ ਵਿੱਚ ਤਰੱਕੀ ਕਰਦੇ ਹੋਏ ਆਪਣੇ ਸੁਪਨਿਆਂ ਨੂੰ ਸੱਚ ਕਰਨ ਦੇ ਯਤਨ ਕਰਨ।



ਸ੍ਰੀ ਅਨੰਦਪੁਰ ਸਾਹਿਬ ਵਿਖੇ 5 ਨਵੰਬਰ ਤੋਂ 8 ਨਵੰਬਰ ਤੱਕ ਆਯੋਜਿਤ ਹੋਣ ਵਾਲੇ ਅੰਡਰ-11 ਸ਼ਤਰੰਜ, ਬੈਡਮਿੰਟਨ ਅਤੇ ਫੁੱਟਬਾਲ ਦੇ ਮੁਕਾਬਲਿਆਂ ਵਿੱਚ ਜਾ ਰਹੇ ਬੱਚੇ ਖੂਬ ਖੁਸ਼ ਤੇ ਉਤਸ਼ਾਹ ਨਾਲ ਭਰਪੂਰ ਸਨ। ਇਹ ਵਿਦਿਆਰਥੀ ਆਪਣੇ ਅਧਿਆਪਕਾਂ ਦੀ ਅਗਵਾਈ ਹੇਠ ਖੇਡਾਂ ਵਿੱਚ ਭਾਗ ਲੈਣ ਲਈ ਤਿਆਰ ਕੀਤੇ ਗਏ ਸਨ। ਵਿਭਾਗ ਵੱਲੋਂ ਵਿਦਿਆਰਥੀਆਂ ਦੇ ਰਹਿਣ, ਸਹਿਣ, ਅਤੇ ਖਾਣ-ਪੀਣ ਦਾ ਸਾਰਾ ਪ੍ਰਬੰਧ ਕੀਤਾ ਗਿਆ ਸੀ ਤਾਂ ਜੋ ਉਨ੍ਹਾਂ ਨੂੰ ਆਪਣੇ ਪ੍ਰਦਰਸ਼ਨ ਵਿੱਚ ਕੋਈ ਰੁਕਾਵਟ ਨਾ ਮਹਿਸੂਸ ਹੋਵੇ।

ਇਸ ਮੌਕੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਨੇ ਵੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਸਰਕਾਰੀ ਸਕੂਲਾਂ ਦੇ ਪ੍ਰਤਿਭਾਸ਼ਾਲੀ ਵਿਦਿਆਰਥੀ ਹਰ ਖੇਤਰ ਵਿੱਚ ਉੱਤਮ ਪ੍ਰਦਰਸ਼ਨ ਕਰਦੇ ਹਨ ਅਤੇ ਆਪਣੀ ਮਿਹਨਤ ਅਤੇ ਸਮਰਪਣ ਨਾਲ ਨਵੇਂ ਕੀਰਤੀਮਾਨ ਸਥਾਪਤ ਕਰਦੇ ਹਨ। ਸ੍ਰੀ ਡੀਜੀ ਸਿੰਘ ਨੇ ਵਿਦਿਆਰਥੀਆਂ ਨੂੰ ਹਿੰਮਤ ਦਿੰਦੇ ਹੋਏ ਕਿਹਾ ਕਿ ਉਹ ਖੇਡਾਂ ਦੇ ਮਾਧਿਅਮ ਨਾਲ ਪਠਾਨਕੋਟ ਜ਼ਿਲ੍ਹੇ ਦਾ ਨਾਂ ਰੌਸ਼ਨ ਕਰਨ।

ਇਸ ਸਮਾਗਮ ਵਿੱਚ ਪੀਟੀਆਈ ਸੁਲਕਸ਼ਨਾ ਸ਼ਰਮਾਂ, ਗੁਰਸ਼ਰਨਜੀਤ ਕੌਰ, ਸੁਰਿੰਦਰ ਕੁਮਾਰ, ਅਜੇ ਕੁਮਾਰ, ਰਾਧਾ, ਰਾਕੇਸ਼ ਸੈਣੀ, ਬਲਕਾਰ ਅੱਤਰੀ, ਰੋਹਿਤ ਕੁਮਾਰ, ਬ੍ਰਿਜ ਬਾਲਾ, ਮੋਹਿਤ ਕੁਮਾਰ, ਪ੍ਰਿਅੰਕਾ, ਯੋਗੇਸ਼ ਸਿੰਘ, ਹਤਿੰਦਰ ਸਿੰਘ ਅਤੇ ਹੋਰ ਅਨੇਕ ਅਧਿਆਪਕ ਹਾਜ਼ਰ ਸਨ। ਇਹਨਾਂ ਸਾਰੇ ਅਧਿਆਪਕਾਂ ਨੇ ਆਪਣੇ ਵਿਦਿਆਰਥੀਆਂ ਦੀ ਹੌਂਸਲਾ ਅਫਜ਼ਾਈ ਕੀਤੀ।

# 'ਹੈਲੋਵੀਨ' ਦੀਆਂ ਪਰੰਪਰਾਵਾਂ ਤੇ ਇਤਿਹਾਸ



ਪ੍ਰੋ: ਐਚ. ਐਲ. ਕਪੂਰ

ਹੈਲੋਵੀਨ ਅਮਰੀਕਾ ਵਿਚ ਇਕ ਛੁੱਟੀ ਹੈ ਜੋ ਹਰ ਸਾਲ ਅਮਰੀਕਾ ਵਿਚ 31 ਅਕਤੂਬਰ ਨੂੰ ਮਨਾਈ ਜਾਂਦੀ ਹੈ। ਹੈਲੋਵੀਨ ਪਰੰਪਰਾ ਦੀ ਸ਼ੁਰੂਆਤ ਸਮਹੈਨ ਦੇ ਪ੍ਰਾਚੀਨ ਸੇਲਟਿਕ ਤਿਉਹਾਰ ਨਾਲ ਹੋਈ ਸੀ, ਜਦੋਂ ਲੋਕ ਭੂਤਾਂ ਤੋਂ ਬਚਣ ਲਈ ਅੱਗ ਬਾਲਦੇ ਸਨ ਤੇ ਡਰਾਉਣੀ ਪੁਸ਼ਾਕ ਪਹਿਨਦੇ ਸਨ। ਅੱਠਵੀਂ ਸਦੀ ਵਿਚ, ਪੋਪ ਗ੍ਰੈਗਰੀ-3 ਨੇ 1 ਨਵੰਬਰ ਨੂੰ ਸਾਰੇ ਸੰਤਾਂ ਦਾ ਸਨਮਾਨ ਕਰਨ ਦਾ ਸਮਾਂ ਨਿਰਧਾਰਿਤ ਕੀਤਾ। ਜਲਦੀ ਹੀ, 'ਆਲ ਸੇਂਟਸ ਡੇ' ਨੇ ਸਮਹੈਨ ਦੀਆਂ ਕੁਝ ਪ੍ਰੰਪਰਾਵਾਂ ਨੂੰ ਸ਼ਾਮਲ ਕੀਤਾ। ਪਹਿਲਾਂ ਦੀ ਸ਼ਾਮ ਨੂੰ ਆਲ ਹੈਲੋਜ਼ ਈਵ ਅਤੇ ਬਾਅਦ ਵਿਚ ਹੈਲੋਵੀਨ ਵਜੋਂ ਜਾਣਿਆ ਜਾਂਦਾ ਸੀ। ਸਮੇਂ ਦੇ ਨਾਲ, ਹੈਲੋਵੀਨ ਚਾਲ- ਜਾਂ-ਇਲਾਜ, ਜੈਕ-ਓ-ਲੈਂਟਰਨ ਦੀ ਨੱਕਾਸ਼ੀ, ਤਿਉਹਾਰਾਂ ਦੇ ਇਕੱਠ, ਪੁਸ਼ਾਕ ਦਾਨ ਕਰਨ ਅਤੇ ਖਾਣ ਪੀਣ ਵਰਗੀਆਂ ਗਤੀਵਿਧੀਆਂ ਦੇ ਇਕ ਦਿਨ ਵਿਚ ਵਿਕਸਤ ਹੋਇਆ।

**ਹੈਲੋਵੀਨ ਦੇ ਪ੍ਰਾਚੀਨ ਮੂਲ:** ਹੈਲੋਵੀਨ ਦੀ ਸ਼ੁਰੂਆਤ ਸਮਹੈਨ ਦੇ ਪ੍ਰਾਚੀਨ ਸੇਲਟਿਕ ਤਿਉਹਾਰ (ਉਚਾਰਿਆ ਗਿਆ ਸੋਅ-ਇਨ) ਤੋਂ ਹੈ। ਸੇਲਟਸ, ਜੋ ਦੋ ਹਜ਼ਾਰ ਸਾਲ ਪਹਿਲਾਂ ਰਹਿੰਦੇ ਸਨ, ਜ਼ਿਆਦਾਤਰ ਉਸ ਖੇਤਰ ਵਿਚ ਜੋ ਹੁਣ ਆਇਰਲੈਂਡ, ਯੂਨਾਈਟਿਡ ਕਿੰਗਡਮ ਅਤੇ ਉੱਤਰੀ ਫਰਾਂਸ ਹੈ, ਨੇ ਆਪਣਾ ਨਵਾਂ ਸਾਲ 1 ਨਵੰਬਰ ਨੂੰ ਮਨਾਇਆ।

ਇਹ ਦਿਨ ਗਰਮੀਆਂ ਦੇ ਅੰਤ ਅਤੇ ਵਾਢੀ ਅਤੇ ਹਨੇਰੇ, ਠੰਢੇ ਸਰਦੀਆਂ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ, ਸਾਲ ਦਾ ਇਕ ਸਮਾਂ ਜੋ ਅਕਸਰ ਮਨੁੱਖੀ ਮੌਤ ਨਾਲ ਜੁੜਿਆ ਹੁੰਦਾ ਹੈ। ਸੇਲਟਸ ਦਾ ਮੰਨਣਾ ਸੀ ਕਿ ਨਵੇਂ ਸਾਲ ਤੋਂ ਪਹਿਲਾਂ ਦੀ ਰਾਤ ਨੂੰ, ਜੀਵਿਤ ਅਤੇ ਮੁਰਦਿਆਂ ਦੇ ਸੰਸਾਰ ਦੇ ਵਿਚਕਾਰ ਦੀ ਸੀਮਾ ਧੁੰਦਲੀ ਹੋ ਗਈ ਸੀ। 31 ਅਕਤੂਬਰ ਦੀ ਰਾਤ ਨੂੰ ਉਨ੍ਹਾਂ ਨੇ ਸਮਹੈਨ ਮਨਾਇਆ, ਜਦੋਂ ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਮੁਰਦਿਆਂ ਦੇ ਭੂਤ ਧਰਤੀ 'ਤੇ ਵਾਪਸ ਆਉਂਦੇ ਹਨ।

ਮੁਸੀਬਤ ਪੈਦਾ ਕਰਨ ਅਤੇ ਫਸਲਾਂ ਨੂੰ ਨੁਕਸਾਨ ਪਹੁੰਚਾਉਣ ਤੋਂ ਇਲਾਵਾ, ਸੇਲਟਸ ਨੇ ਸੋਚਿਆ ਕਿ ਦੂਸਰੀ ਦੁਨਿਆਵੀ ਆਤਮਾਵਾਂ ਦੀ ਮੌਜੂਦਗੀ ਨੇ ਡਰੂਡਜ਼, ਜਾਂ ਸੇਲਟਿਕ ਪੁਜਾਰੀਆਂ ਲਈ ਭਵਿੱਖ ਬਾਰੇ ਭਵਿੱਖਬਾਣੀਆਂ ਕਰਨਾ ਆਸਾਨ ਬਣਾ ਦਿੱਤਾ ਹੈ। ਅਸਥਿਰ ਕੁਦਰਤੀ ਸੰਸਾਰ 'ਤੇ ਪੂਰੀ ਤਰ੍ਹਾਂ ਨਿਰਭਰ ਲੋਕਾਂ ਲਈ, ਇਹ ਭਵਿੱਖਬਾਣੀਆਂ ਲੰਬੇ, ਹਨੇਰੇ ਸਰਦੀਆਂ ਦੌਰਾਨ ਆਰਾਮ ਦਾ ਇਕ ਮਹੱਤਵਪੂਰਨ ਸਰੋਤ ਸਨ।

ਇਸ ਘਟਨਾ ਦੀ ਯਾਦ ਵਿਚ, ਡਰੂਡਜ਼ ਨੇ ਬਹੁਤ ਵੱਡੇ ਪਵਿੱਤਰ ਬੋਨਫਾਇਰ ਬਣਾਏ, ਜਿੱਥੇ ਲੋਕ ਸੇਲਟਿਕ ਦੇਵਤਿਆਂ ਨੂੰ ਬਲੀਦਾਨ ਵਜੋਂ ਫਸਲਾਂ ਅਤੇ ਜਾਨਵਰਾਂ ਨੂੰ ਸਾੜਨ ਲਈ ਇਕੱਠੇ ਹੋਏ। ਜਸ਼ਨ ਦੇ ਦੌਰਾਨ, ਸੇਲਟਿਕ ਪਹਿਰਾਵੇ ਪਹਿਨਦੇ ਸਨ, ਖਾਸ ਤੌਰ 'ਤੇ ਜਾਨਵਰਾਂ ਦੇ ਸਿਰ ਅਤੇ ਖੱਲ ਦੇ ਹੁੰਦੇ ਸਨ, ਅਤੇ ਇਕ ਦੂਜੇ ਦੀ ਕਿਸਮਤ ਦੱਸਣ ਦੀ ਕੋਸ਼ਿਸ਼ ਕਰਦੇ ਸਨ।

ਜਦੋਂ ਜਸ਼ਨ ਖਤਮ ਹੋ ਗਿਆ, ਤਾਂ ਉਨ੍ਹਾਂ ਨੇ ਆਪਣੇ ਚੁੱਲ੍ਹੇ ਦੀ ਅੱਗ ਨੂੰ ਦੁਬਾਰਾ ਜਗਾਇਆ, ਜਿਸ ਨੂੰ ਉਨ੍ਹਾਂ ਨੇ ਉਸ ਸ਼ਾਮ ਪਹਿਲਾਂ ਬੁਝਾ ਦਿੱਤਾ ਸੀ, ਆਉਣ ਵਾਲੀ ਸਰਦੀਆਂ ਦੌਰਾਨ ਉਨ੍ਹਾਂ ਦੀ ਰੱਖਿਆ ਕਰਨ ਵਿਚ ਮਦਦ ਕਰਨ ਲਈ ਪਵਿੱਤਰ ਬੋਨਫਾਇਰ ਤੋਂ।

43 ਈਸਵੀ ਤੱਕ, ਰੋਮਨ ਸਾਮਰਾਜ ਨੇ ਸੇਲਟਿਕ ਖੇਤਰ ਦੇ ਜ਼ਿਆਦਾਤਰ ਹਿੱਸੇ ਨੂੰ ਜਿੱਤ ਲਿਆ ਸੀ। 400 ਸਾਲਾਂ ਦੇ ਦੌਰਾਨ ਜਦੋਂ ਉਨ੍ਹਾਂ ਨੇ ਸੇਲਟਿਕ ਦੇਸ਼ਾਂ 'ਤੇ ਰਾਜ ਕੀਤਾ, ਰੋਮਨ ਮੂਲ ਦੇ ਦੋ ਤਿਉਹਾਰਾਂ ਨੂੰ ਸੈਮਹੈਨ ਦੇ ਰਵਾਇਤੀ ਸੇਲਟਿਕ ਜਸ਼ਨ ਨਾਲ ਜੋੜਿਆ ਗਿਆ।

ਪਹਿਲਾ ਫੇਗਲੀਆ ਸੀ, ਅਕਤੂਬਰ ਦੇ ਅਖੀਰ ਵਿਚ ਇਕ ਦਿਨ ਜਦੋਂ ਰੋਮਨ ਰਵਾਇਤੀ ਤੌਰ 'ਤੇ ਮਰੇ ਹੋਏ ਲੋਕਾਂ ਦੀ ਯਾਦ ਮਨਾਉਂਦੇ ਸਨ। ਦੂਜਾ ਫਲਾਂ ਅਤੇ ਰੁੱਖਾਂ ਦੀ ਰੋਮਨ ਦੇਵੀ ਪੋਮੋਨਾ ਦਾ ਸਨਮਾਨ ਕਰਨ ਦਾ ਦਿਨ ਸੀ। ਪੋਮੋਨਾ ਦਾ ਪ੍ਰਤੀਕ ਸੇਬ ਹੈ ਅਤੇ ਸਮਹੈਨ ਵਿਚ ਇਸ ਜਸ਼ਨ ਨੂੰ ਸ਼ਾਮਲ ਕਰਨਾ ਸ਼ਾਇਦ ਸੇਬਾਂ ਲਈ ਬੋਬਿੰਗ ਦੀ ਪਰੰਪਰਾ ਦੀ ਵਿਆਖਿਆ ਕਰਦਾ ਹੈ ਜੋ ਅੱਜ ਹੈਲੋਵੀਨ 'ਤੇ ਅਭਿਆਸ ਕੀਤਾ ਜਾਂਦਾ ਹੈ।

**ਸਾਰੇ ਸੰਤ ਦਿਵਸ:** 13 ਮਈ 609 ਈਸਵੀ ਨੂੰ, ਪੋਪ ਬੋਨੀਫੇਸ 4 ਨੇ ਸਾਰੇ ਈਸਾਈ ਸ਼ਹੀਦਾਂ ਦੇ ਸਨਮਾਨ ਵਿਚ ਰੋਮ ਵਿਚ ਪੈਂਥੀਓਨ ਨੂੰ ਸਮਰਪਿਤ ਕੀਤਾ, ਅਤੇ ਪੱਛਮੀ ਚਰਚ ਵਿਚ 'ਆਲ ਸ਼ਹੀਦ ਦਿਵਸ' ਦਾ ਕੈਥੋਲਿਕ ਤਿਉਹਾਰ ਸਥਾਪਤ ਕੀਤਾ ਗਿਆ ਸੀ। ਪੋਪ ਗ੍ਰੈਗਰੀ 3 ਨੇ ਬਾਅਦ ਵਿਚ ਸਾਰੇ ਸੰਤਾਂ ਦੇ ਨਾਲ-ਨਾਲ ਸਾਰੇ ਸ਼ਹੀਦਾਂ ਨੂੰ ਸ਼ਾਮਲ ਕਰਨ ਲਈ ਤਿਉਹਾਰ ਦਾ ਵਿਸਥਾਰ ਕੀਤਾ ਅਤੇ 13 ਮਈ ਤੋਂ 1 ਨਵੰਬਰ ਤੱਕ ਇਸ ਤਿਉਹਾਰ ਨੂੰ ਚਲਾਇਆ।

19ਵੀਂ ਸਦੀ ਤੱਕ, ਈਸਾਈ ਧਰਮ ਦਾ ਪ੍ਰਭਾਵ ਸੇਲਟਿਕ ਦੇਸ਼ਾਂ ਵਿਚ ਫੈਲ ਗਿਆ ਸੀ, ਜਿੱਥੇ ਇਹ ਹੌਲੀ-ਹੌਲੀ ਪੁਰਾਣੀਆਂ ਨਾਲ ਰਲ ਗਿਆ ਅਤੇ ਬਦਲ ਗਿਆ। ਸੇਲਟਿਕ ਰੀਤੀ-ਰਿਵਾਜ਼ਾਂ ਨਾਲ ਰਲ ਗਿਆ ਅਤੇ ਬਦਲ ਗਿਆ। 1000 ਈਸਵੀ ਵਿਚ, ਚਰਚ ਨੇ 2 ਨਵੰਬਰ ਨੂੰ ਆਲ ਸੋਲਸ ਡੇ, ਮਰੇ ਹੋਏ ਲੋਕਾਂ ਦਾ ਸਨਮਾਨ ਕਰਨ ਦਾ ਦਿਨ ਬਣਾਇਆ। ਇਹ ਅੱਜ ਵਿਆਪਕ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਚਰਚ ਮਰੇ ਹੋਏ ਲੋਕਾਂ ਦੇ ਸੇਲਟਿਕ ਤਿਉਹਾਰ ਨੂੰ ਸਬੰਧਿਤ, ਚਰਚ ਦੁਆਰਾ ਮਨਜ਼ੂਰ ਛੁੱਟੀ ਨਾਲ ਬਦਲਣ ਦੀ ਕੋਸ਼ਿਸ਼ ਕਰ ਰਿਹਾ ਸੀ।

ਆਲ ਸੋਲਸ ਡੇ ਸਮਹੈਨ ਵਾਂਗ ਹੀ ਮਨਾਇਆ ਗਿਆ ਸੀ, ਵੱਡੇ ਬੋਨਫਾਇਰ, ਪਰੇਡਾਂ ਅਤੇ ਸੰਤਾਂ, ਦੂਤਾਂ ਅਤੇ ਸ਼ੈਤਾਨਾਂ ਦੇ ਰੂਪ ਵਿਚ ਪੁਸ਼ਾਕ ਪਹਿਨ ਕੇ। ਆਲ ਸੇਂਟਸ ਡੇ ਜਸ਼ਨ ਨੂੰ ਆਲ ਹੈਲੋਜ਼ ਜਾਂ ਆਲ-ਹੈਲੋਮਾਸ ਵੀ ਕਿਹਾ ਜਾਂਦਾ ਸੀ (ਮੱਧ ਅੰਗਰੇਜ਼ੀ ਅਲਹੋਲੋਮੇਸੇ ਤੋਂ ਭਾਵ ਆਲ ਸੇਂਟਸ ਡੇ) ਇਸ ਤੋਂ ਪਹਿਲਾਂ ਦੀ ਰਾਤ, ਸੇਲਟਿਕ ਧਰਮ ਵਿਚ ਸਮਹੈਨ ਦੀ ਰਵਾਇਤੀ ਰਾਤ, ਨੂੰ ਆਲ-ਹੈਲੋਜ਼ ਕਿਹਾ ਜਾਣ ਲੱਗਾ। ਹੱਵਾਹ ਅਤੇ ਆਖਰਕਾਰ, ਹੈਲੋਵੀਨ।

**ਹੈਲੋਵੀਨ ਦਾ ਅਮਰੀਕਾ ਵਿਚ ਆਉਣਾ:** ਬਸਤੀਵਾਦੀ ਨਿਊ ਇੰਗਲੈਂਡ ਵਿਚ ਹੈਲੋਵੀਨ ਦਾ ਜਸ਼ਨ ਬਹੁਤ ਹੀ ਸੀਮਤ ਸੀ ਕਿਉਂਕਿ ਉਥੇ ਸਖ਼ਤ ਪ੍ਰੋਟੈਸਟੈਂਟ ਵਿਸ਼ਵਾਸ ਪ੍ਰਣਾਲੀਆਂ ਸਨ। ਹੈਲੋਵੀਨ ਮੈਰੀਲੈਂਡ ਅਤੇ ਦੱਖਣੀ ਕਲੋਨੀਆਂ ਵਿਚ ਬਹੁਤ ਜ਼ਿਆਦਾ ਆਮ ਸੀ।

ਜਿਵੇਂ ਕਿ ਵੱਖ-ਵੱਖ ਯੂਰਪੀਅਨ ਨਸਲੀ ਸਮੂਹਾਂ ਅਤੇ ਅਮਰੀਕੀ ਭਾਰਤੀਆਂ ਦੇ ਵਿਸ਼ਵਾਸ ਅਤੇ ਰੀਤੀ-ਰਿਵਾਜ ਰਲ ਗਏ, ਹੈਲੋਵੀਨ ਦਾ ਇਕ ਵੱਖਰਾ ਅਮਰੀਕੀ ਸੰਸਕਰਣ ਉਭਰਨਾ ਸ਼ੁਰੂ ਹੋਇਆ। ਪਹਿਲੇ ਜਸ਼ਨਾਂ ਵਿਚ "ਪਲੇ ਪਾਰਟੀਆਂ" ਸ਼ਾਮਲ ਸਨ, ਜੋ ਕਿ ਵਾਢੀ ਦਾ ਜਸ਼ਨ ਮਨਾਉਣ ਲਈ ਆਯੋਜਿਤ ਜਨਤਕ ਸਮਾਗਮ ਸਨ। ਗੁਆਂਢੀ ਮਰੇ ਹੋਏ ਲੋਕਾਂ ਦੀਆਂ ਕਹਾਣੀਆਂ ਸੁਣਾਉਂਦੇ, ਇਕ ਦੂਜੇ ਦੀ ਕਿਸਮਤ ਦੱਸਦੇ, ਨੱਚਦੇ ਅਤੇ ਗਾਉਂਦੇ ਸਨ।

ਬਸਤੀਵਾਦੀ ਹੈਲੋਵੀਨ ਤਿਉਹਾਰਾਂ ਵਿਚ ਭੂਤਾਂ ਦੀਆਂ ਕਹਾਣੀਆਂ ਅਤੇ ਹਰ ਕਿਸਮ ਦੀ ਸ਼ਰਾਰਤਾਂ ਨੂੰ ਵੀ ਦਰਸਾਇਆ ਗਿਆ ਸੀ। 19ਵੀਂ ਸਦੀ ਦੇ ਮੱਧ ਤੱਕ, ਸਾਲਾਨਾ ਪਤਝੜ ਦੇ ਤਿਉਹਾਰ ਆਮ ਸਨ, ਪਰ ਹੈਲੋਵੀਨ ਅਜੇ ਤੱਕ ਦੇਸ਼ ਵਿਚ ਹਰ ਥਾਂ ਨਹੀਂ ਮਨਾਇਆ ਗਿਆ ਸੀ।



19ਵੀਂ ਸਦੀ ਦੇ ਦੂਜੇ ਅੱਧ ਵਿਚ ਅਮਰੀਕਾ ਨਵੇਂ ਪ੍ਰਵਾਸੀਆਂ ਨਾਲ ਭਰ ਗਿਆ ਸੀ। ਇਹਨਾਂ ਨਵੇਂ ਪ੍ਰਵਾਸੀਆਂ, ਖਾਸ ਤੌਰ 'ਤੇ ਆਇਰਸ਼ ਆਲੂ ਕਾਲ ਤੋਂ ਭੱਜਣ ਵਾਲੇ ਲੱਖਾਂ ਆਇਰਸ਼, ਨੇ ਰਾਸ਼ਟਰੀ ਪੱਧਰ 'ਤੇ ਹੈਲੋਵੀਨ ਦੇ ਜਸ਼ਨ ਨੂੰ ਪ੍ਰਸਿੱਧ ਬਣਾਉਣ ਵਿਚ ਮਦਦ ਕੀਤੀ।

**ਚਾਲ-ਜਾਂ-ਇਲਾਜ ਦਾ ਇਤਿਹਾਸ:** ਯੂਰਪੀਅਨ ਪ੍ਰੰਪਰਾਵਾਂ ਤੋਂ ਉਧਾਰ ਲੈ ਕੇ, ਅਮਰੀਕੀਆਂ ਨੇ ਪਹਿਰਾਵੇ ਪਹਿਨਣੇ ਸ਼ੁਰੂ ਕਰ ਦਿੱਤੇ ਅਤੇ ਘਰ-ਘਰ ਜਾ ਕੇ ਭੋਜਨ ਜਾਂ ਪੈਸੇ ਦੀ ਮੰਗ ਕੀਤੀ, ਇਕ ਅਭਿਆਸ ਜੋ ਆਖਿਰਕਾਰ ਅੱਜ ਵੀ ''ਚਾਲ-ਜਾਂ ਇਲਾਜ'' ਪ੍ਰੰਪਰਾ ਬਣ ਗਿਆ ਹੈ। ਮੁਟਿਆਰਾਂ ਦਾ ਮੰਨਣਾ ਸੀ ਕਿ ਹੈਲੋਵੀਨ 'ਤੇ ਉਹ ਧਾਗੇ, ਸੇਬ ਦੇ ਪਰਿੰਗ ਜਾਂ ਸ਼ੀਸ਼ੇ ਨਾਲ ਚਲਾਕੀ ਕਰਕੇ ਆਪਣੇ ਹੋਣ ਵਾਲੇ ਪਤੀ ਦੇ ਨਾਮ ਜਾਂ ਦਿੱਖ ਨੂੰ ਬ੍ਰਹਮ ਕਰ ਸਕਦੀਆਂ ਹਨ।

**ਚਾਲ-ਜਾਂ-ਇਲਾਜ ਦਾ ਛਲ ਇਤਿਹਾਸ:** 1800 ਦੇ ਦਹਾਕੇ ਦੇ ਅਖੀਰ ਵਿਚ, ਹੈਲੋਵੀਨ ਨੂੰ ਭੂਤਾਂ-ਪ੍ਰੇਤਾਂ, ਮਜ਼ਾਕ ਅਤੇ ਜਾਦੂ-ਟੂਣਿਆਂ ਦੀ ਬਜਾਏ ਭਾਈਚਾਰਕ ਅਤੇ ਗੁਆਂਢੀ ਇਕੱਠੇ ਹੋਣ ਬਾਰੇ ਇਕ ਛੁੱਟੀ ਭਾਲਣ ਲਈ ਇਕ ਕਦਮ ਸੀ। ਸਦੀ ਦੇ ਮੋੜ'ਤੇ ਬੱਚਿਆਂ ਅਤੇ ਬਾਲਗਾਂ ਦੋਵਾਂ ਲਈ ਹੈਲੋਵੀਨ ਪਾਰਟੀਆਂ ਦਿਨ ਨੂੰ ਮਨਾਉਣ ਦਾ ਸਭ ਤੋਂ ਆਮ ਤਰੀਕਾ ਬਣ ਗਿਆ। ਪਾਰਟੀਆਂ ਖੇਡਾਂ, ਮੌਸਮ ਦੇ ਭੋਜਨ ਅਤੇ ਤਿਉਹਾਰਾਂ ਦੇ ਪਹਿਰਾਵੇ 'ਤੇ ਕੇਂਦਰਿਤ ਸਨ।

ਅਖ਼ਬਾਰਾਂ ਅਤੇ ਕਮਿਊਨਿਟੀ ਲੀਡਰਾਂ ਦੁਆਰਾ ਮਾਪਿਆਂ ਨੂੰ ਹੈਲੋਵੀਨ ਦੇ ਜਸ਼ਨ ਕੁਝ ਵੀ ''ਡਰਾਉਣ ਵਾਲਾ'' ਜਾਂ "ਅਜੀਬ" ਲੈਣ ਲਈ ਉਤਸ਼ਾਹਿਤ ਕੀਤਾ ਗਿਆ ਸੀ। ਇਹਨਾਂ ਯਤਨਾਂ ਦੇ ਕਾਰਨ, ਵੀਹਵੀਂ ਸਦੀ ਦੇ ਸ਼ੁਰੂ ਤੱਕ ਹੈਲੋਵੀਨ ਨੇ ਜ਼ਿਆਦਾਤਰ ਅੰਧ ਵਿਸ਼ਵਾਸੀ ਅਤੇ ਧਾਰਮਿਕ ਪ੍ਰਵਿਰਤੀਆਂ ਨੂੰ ਤਿਆਗ ਦਿੱਤਾ।

**ਹੈਲੋਵੀਨ ਪਾਰਟੀਆਂ:** 1920 ਅਤੇ 1930 ਦੇ ਦਹਾਕੇ ਤੱਕ, ਹੈਲੋਵੀਨ ਇਕ ਧਰਮ ਨਿਰਪੱਖ ਪਰ ਕਮਿਊਨਿਟੀ- ਕੇਂਦਰਿਤ ਛੁੱਟੀ ਬਣ ਗਈ ਸੀ, ਜਿਸ ਵਿਚ ਪਰੇਡ ਅਤੇ ਸ਼ਹਿਰ-ਵਿਆਪੀ ਹੈਲੋਵੀਨ ਪਾਰਟੀਆਂ ਵਿਸ਼ੇਸ਼ ਮਨੋਰੰਜਨ ਵਜੋਂ ਸਨ। ਬਹੁਤ ਸਾਰੇ ਸਕੂਲਾਂ ਅਤੇ ਭਾਈਚਾਰਿਆਂ ਦੇ ਵਧੀਆ ਯਤਨਾਂ ਦੇ ਬਾਵਜੂਦ, ਇਸ ਸਮੇਂ ਦੌਰਾਨ ਬਹੁਤ ਸਾਰੇ ਭਾਈਚਾਰਿਆਂ ਵਿਚ ਕੁਝ ਜਸ਼ਨਾਂ ਨੂੰ ਤੋੜ-ਮਰੋੜ ਕੇ ਕਰਨਾ ਸ਼ੁਰੂ ਹੋ ਗਿਆ।

1950 ਦੇ ਦਹਾਕੇ ਤੱਕ, ਕਸਬੇ ਦੇ ਨੇਤਾਵਾਂ ਦੇ ਸਫਲਤਾ ਪੂਰਵਕ ਬਰਬਾਦੀ ਨੂੰ ਸੀਮਤ ਕਰ ਦਿੱਤਾ ਸੀ ਅਤੇ ਹੈਲੋਵੀਨ ਮੁੱਖ ਤੌਰ 'ਤੇ ਨੌਜਵਾਨਾਂ ਲਈ ਨਿਰਦੇਸ਼ਿਤ ਛੁੱਟੀ ਦੇ ਰੂਪ ਵਿਚ ਵਿਕਸਤ ਹੋ ਗਿਆ ਸੀ। ਪੰਜਾਹਵਿਆਂ ਦੇ ਬੇਬੀ ਬੂਮ ਦੌਰਾਨ ਛੋਟੇ ਬੱਚਿਆਂ ਦੀ ਵੱਧ ਗਿਣਤੀ ਦੇ ਕਾਰਨ, ਪਾਰਟੀਆਂ ਸ਼ਹਿਰ ਦੇ ਸ਼ਹਿਰੀ ਕੇਂਦਰਾਂ ਤੋਂ ਕਲਾਸਰੂਮ ਜਾਂ ਘਰ ਵਿਚ ਚਲੀਆਂ ਗਈਆਂ, ਜਿੱਥੇ ਉਨ੍ਹਾਂ ਨੂੰ ਆਸਾਨੀ ਨਾਲ ਅਨੁਕੂਲਿਤ ਕੀਤਾ ਜਾ ਸਕਦਾ ਸੀ।

1920 ਅਤੇ 1950 ਦੇ ਵਿਚਕਾਰ, ਚਾਲ-ਜਾਂ-ਇਲਾਜ ਦੀ ਸਦੀਆਂ ਪੁਰਾਣੀ ਪ੍ਰਥਾ ਨੂੰ ਵੀ ਮੁੜ ਸੁਰਜੀਤ ਕੀਤਾ ਗਿਆ ਸੀ। ਹੈਲੋਵੀਨ ਦੇ ਜਸ਼ਨ ਨੂੰ ਸਾਂਝਾ ਕਰਨ ਲਈ ਪੂਰੇ ਭਾਈਚਾਰੇ ਲਈ ਟ੍ਰਿਕ-ਜਾਂ-ਇਲਾਜ ਇਕ ਮੁਕਾਬਲਤਨ ਸਸਤਾ ਤਰੀਕਾ ਸੀ। ਸਿਧਾਂਤਕ ਤੌਰ 'ਤੇ, ਪਰਿਵਾਰ ਆਂਢ-ਗੁਆਂਢ ਦੇ ਬੱਚਿਆਂ ਨੂੰ ਛੋਟੇ ਸਲੂਕ ਦੇ ਕੇ ਉਨ੍ਹਾਂ 'ਤੇ ਚਲਾਏ ਜਾ ਰਹੇ ਚਾਲਾਂ ਨੂੰ ਵੀ ਰੋਕ ਸਕਦੇ ਹਨ।

ਇਸ ਤਰ੍ਹਾਂ ਇਕ ਨਵੀਂ ਅਮਰੀਕੀ ਪ੍ਰੰਪਰਾ ਦਾ ਜਨਮ ਹੋਇਆ ਅਤੇ ਇਹ ਲਗਾਤਾਰ ਵਧਦਾ ਗਿਆ। ਅੱਜ ਅਮਰੀਕਾ ਹੈਲੋਵੀਨ 'ਤੇ ਸਾਲਾਨਾ ਅੰਦਾਜ਼ਨ 6 ਬਿਲੀਅਨ ਡਾਲਰ ਖਰਚ ਕਰਦੇ ਹਨ, ਇਸ ਨੂੰ ਕ੍ਰਿਸਮਸ ਤੋਂ ਬਾਅਦ ਦੇਸ਼ ਦੀ ਦੂਜੀ ਸਭ ਤੋਂ ਵੱਡੀ ਵਪਾਰਕ ਛੁੱਟੀ ਬਣਾਉਂਦੇ ਹਨ।

**ਹੈਲੋਵੀਨ ਕੈਂਡੀ ਦਾ ਭੂਤ ਇਤਿਹਾਸ, ਹੈਲੋਵੀਨ ਫਿਲਮਾਂ:** ਵਪਾਰਕ ਸਫਲਤਾ ਦੀ ਗੱਲ ਕਰਦੇ ਹੋਏ, ਡਰਾਉਣੀ ਹੈਲੋਵੀਨ ਫਿਲਮਾਂ ਦਾ ਬਾਕਸ ਆਫਿਸ ਹਿੱਟ ਹੋਣ ਦਾ ਲੰਮਾ ਇਤਿਹਾਸ ਹੈ। ਕਲਾਸਿਕ ਹੈਲੋਵੀਨ ਫਿਲਮਾਂ ਵਿਚ 'ਹੈਲੋਵੀਨ' ਫ੍ਰੈਂਚਾਇਜੀ ਸ਼ਾਮਲ ਹੈ, ਜੋ ਕਿ 1978 ਦੀ ਮੂਲ ਫਿਲਮ ਜੋਨ ਕਾਰਪੇਂਟਰ ਦੁਆਰਾ ਨਿਰਦੇਸ਼ਿਤ ਹੈ ਅਤੇ ਡੋਨਾਲਡ ਪਲੇਸੈਂਸ, ਨਿਕ ਕੈਸਲ, ਜੈਮੀ ਲੀ, ਕਰਟਿਸ ਅਤੇ ਟੋਨੀ ਮੋਰਨ ਨੇ ਅਭਿਨੈ ਕੀਤਾ ਹੈ। ''ਹੈਲੋਵੀਨ'' ਵਿਚ ਮਾਈਕਲ ਮਾਇਰਸ ਨਾਮ ਦਾ ਇਕ ਨੌਜਵਾਨ ਲੜਕਾ ਆਪਣੀ 17 ਸਾਲ ਦੀ ਭੈਣ ਦਾ ਕਤਲ ਕਰਦਾ ਹੈ ਅਤੇ ਜੇਲ੍ਹ ਲਈ ਵਚਨਬੱਧ ਹੈ, ਸਿਰਫ ਹੈਲੋਵੀਨ ਰਾਤ ਨੂੰ ਇਕ ਕਿਸ਼ੋਰ ਦੇ ਰੂਪ ਵਿਚ ਬਚਣ ਲਈ ਅਤੇ ਆਪਣੇ ਪੁਰਾਣੇ ਘਰ ਅਤੇ ਇਕ ਨਵੇਂ ਨਿਸ਼ਾਨੇ ਦੀ ਭਾਲ ਕਰਨ ਲਈ। ਅਸਲ ''ਹੈਲੋਵੀਨ'' ਦਾ ਸਿੱਧਾ ਸੀਕਵਲ 2018 ਵਿਚ ਰਿਲੀਜ਼ ਕੀਤਾ ਗਿਆ ਸੀ, ਜਿਸ ਵਿਚ ਜੈਮੀ ਲੀ ਕਰਟਿਸ ਅਤੇ ਨਿਕ ਕੈਸਲ ਸਨ। ਉਸ ਦਾ ਇਕ ਸੀਕਵਲ- ''ਹੈਲੋਵੀਨ ਕਿਲਸ'', ਸਮੁੱਚੀ ''ਹੈਲੋਵੀਨ'' ਫਰੈਂਚਾਈਜੀ ਦੀ ਬਾਰ੍ਹਵੀਂ ਫਿਲਮ- 2021 ਵਿਚ ਰਿਲੀਜ਼ ਹੋਈ ਸੀ।

ਇਸ ਦੇ ਡਰਾਉਣੇ ਸਾਊਂਡਟਰੈਕ ਤੱਕ ਇਕ ਕਲਾਸਿਕ ਡਰਾਉਣੀ ਫਿਲਮ ਮੰਨੀ ਜਾਂਦੀ ਹੈ, ''ਹੈਲੋਵੀਨ'' ਨੇ ''ਸਕ੍ਰੀਮ'', ''ਨਾਈਟਮੇਅਰ ਔਨ ਐਲਮ ਸਟ੍ਰੀਟ'' ਅਤੇ''ਫਰਾਈਡੇ ਦੀ 13'' ਵਰਗੀਆਂ ਹੋਰ ਆਈਕਾਨਿਕ ''ਸਲੈਸ਼ਰ ਫਿਲਮਾਂ'' ਨੂੰ ਪ੍ਰੇਰਿਤ ਕੀਤਾ। ਹੋਰ ਪਰਿਵਾਰਕ ਅਨੁਕੂਲ ਹੈਲੋਵੀਨ ਫਿਲਮਾਂ ਵਿਚ ''ਹੋਕਸ ਪੋਕਸ'', ''ਕ੍ਰਿਸਮਸ ਤੋਂ ਪਹਿਲਾਂ ਦਾ ਸੁਪਨਾ'', ''ਬੀਟਲਜੂਸ'' ਅਤੇ ''ਇਟਸ ਦਿ ਗ੍ਰੇਟ ਪੰਪਕਿਨ, ਚਾਰਲੀ ਬ੍ਰਾਊਨ'' ਸ਼ਾਮਲ ਹਨ।

**ਆਲ ਸੇਲਸ ਡੇਅ ਅਤੇ ਸੋਲ ਕੇਕ:** ਚਾਲ- ਜਾਂ- ਇਲਾਜ ਦੀ ਅਮਰੀਕੀ ਹੈਲੋਵੀਨ ਪ੍ਰੰਪਰਾ ਸ਼ਾਇਦ ਇੰਗ-ਲੈਂਡ ਵਿਚ ਸ਼ੁਰੂਆਤੀ ਆਲ ਸੋਲਜ਼ ਡੇ ਪਰੇਡ ਤੋਂ ਹੈ। ਤਿਉਹਾਰਾਂ ਦੇ ਦੌਰਾਨ, ਗਰੀਬ ਨਾਗਰਿਕ ਭੋਜਨ ਲਈ ਭੀਖ ਮੰਗਣਗੇ ਅਤੇ ਪਰਿਵਾਰ ਦੇ ਮਰੇ ਹੋਏ ਰਿਸ਼ਤੇਦਾਰਾਂ ਲਈ ਪ੍ਰਾਰਥਨਾ ਕਰਨ ਦੇ ਉਨ੍ਹਾਂ ਦੇ ਵਾਅਦੇ ਦੇ ਬਦਲੇ ਪਰਿਵਾਰ ਉਨ੍ਹਾਂ ਨੂੰ "ਸੋਲ ਕੇਕ" ਨਾਮਕ ਪੇਸਟਰੀਆਂ ਦੇਣਗੇ।

ਰੂਹ ਦੇ ਕੇਕ ਦੀ ਵੰਡ ਨੂੰ ਚਰਚ ਦੁਆਰਾ ਰੋਮਿੰਗ ਆਤਮਾਵਾਂ ਲਈ ਭੋਜਨ ਅਤੇ ਵਾਈਨ ਛਕਣ ਦੇ ਪ੍ਰਾਚੀਨ ਅਭਿਆਸ ਨੂੰ ਬਦਲਣ ਦੇ ਇਕ ਤਰੀਕੇ ਵਜੋਂ ਉਤਸ਼ਾਹਿਤ ਕੀਤਾ ਗਿਆ ਸੀ। ਅਭਿਆਸ ਜਿਸ ਨੂੰ "ਜਾਨ-ਆਤਮਾ" ਕਿਹਾ ਜਾਂਦਾ ਸੀ, ਆਖਿਰਕਾਰ ਉਨ੍ਹਾਂ ਬੱਚਿਆਂ ਦੁਆਰਾ ਲਿਆ ਜਾਂਦਾ ਸੀ ਜੋ ਆਪਣੇ ਗੁਆਂਢ ਵਿਚ ਘਰਾਂ ਦਾ ਦੌਰਾ ਕਰਦੇ ਸਨ ਅਤੇ ਉਹਨਾਂ ਨੂੰ ਅਲਮਾਰੀ, ਭੋਜਨ ਅਤੇ ਪੈਸੇ ਦਿੱਤੇ ਜਾਂਦੇ ਸਨ।

ਹੈਲੋਵੀਨ ਲਈ ਪੁਸ਼ਾਕ ਪਹਿਨਣ ਦੀ ਪ੍ਰੰਪਰਾ ਦੀਆਂ ਯੂਰਪੀਨ ਅਤੇ ਸੇਲਟਿਕ ਜੜ੍ਹਾਂ ਹਨ। ਸੈਂਕੜੇ ਸਾਲ ਪਹਿਲਾਂ, ਸਰਦੀ ਇਕ ਅਨਿਸ਼ਚਿਤ ਅਤੇ ਡਰਾਉਣਾ ਸਮਾਂ ਸੀ। ਭੋਜਨ ਦੀ ਸਪਲਾਈ ਅਕਸਰ ਘੱਟ ਹੁੰਦੀ ਸੀ ਅਤੇ ਹਨੇਰੇ ਤੋਂ ਡਰਦੇ ਬਹੁਤ ਸਾਰੇ ਲੋਕਾਂ ਲਈ, ਸਰਦੀਆਂ ਦੇ ਛੋਟੇ ਦਿਨ ਲਗਾਤਾਰ ਚਿੰਤਾ ਨਾਲ ਭਰੇ ਹੁੰਦੇ ਸਨ।

ਹੈਲੋਵੀਨ 'ਤੇ ਜਦੋਂ ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਭੂਤ ਧਰਤੀ 'ਤੇ ਵਾਪਸ ਆਉਂਦੇ ਹਨ, ਤਾਂ ਲੋਕਾਂ ਨੇ ਸੋਚਿਆ ਕਿ ਜੇ ਉਹ ਆਪਣੇ ਘਰ ਛੱਡ ਦਿੰਦੇ ਹਨ ਤਾਂ ਉਨ੍ਹਾਂ ਦਾ ਸਾਹਮਣਾ ਭੂਤਾਂ ਨਾਲ ਹੋਵੇਗਾ। ਇਹਨਾਂ ਭੂਤਾਂ ਦੁਆਰਾ ਪਛਾਣੇ ਜਾਣ ਤੋਂ ਬਚਣ ਲਈ, ਲੋਕ ਹਨੇਰੇ ਤੋਂ ਬਾਅਦ ਆਪਣੇ ਘਰਾਂ ਤੋਂ ਬਾਹਰ ਨਿਕਲਣ ਵੇਲੇ ਮਾਸਕ ਪਹਿਨਦੇ ਸਨ ਤਾਂ ਜੋ ਉਨ੍ਹਾਂ ਨੂੰ ਸਾਥੀ ਆਤਮਾ ਸਮਝ ਲੈਣ।

ਹੈਲੋਵੀਨ 'ਤੇ ਭੂਤਾਂ ਨੂੰ ਆਪਣੇ ਘਰਾਂ ਤੋਂ ਦੂਰ ਰੱਖਣ ਲਈ, ਲੋਕ ਭੂਤਾਂ ਨੂੰ ਖੁਸ਼ ਕਰਨ ਅਤੇ ਉਨ੍ਹਾਂ ਨੂੰ ਅੰਦਰ ਜਾਣ ਦੀ ਕੋਸ਼ਿਸ਼ ਕਰਨ ਤੋਂ ਰੋਕਣ ਲਈ ਆਪਣੇ ਘਰਾਂ ਦੇ ਬਾਹਰ ਭੋਜਨ ਦੇ ਕਟੋਰੇ ਰੱਖਣਗੇ।

**ਹੈਲੋਵੀਨ 'ਤੇ ਕਾਲੀਆਂ ਬਿ-ਲੀਆਂ ਅਤੇ ਭੂਤ:** ਹੈਲੋਵੀਨ ਹਮੇਸ਼ਾ ਰਹੱਸ, ਜਾਦੂ ਅਤੇ ਅੰਧ ਵਿਸ਼ਵਾਸ ਨਾਲ ਭਰੀ ਛੁੱਟੀ ਰਹੀ ਹੈ। ਇਹ ਸੇਲਟਿਕ ਗਰਮੀਆਂ ਦੇ ਅੰਤ ਦੇ ਤਿਉਹਾਰ ਵਜੋਂ ਸ਼ੁਰੂ ਹੋਇਆ, ਜਿਸ ਦੌਰਾਨ ਲੋਕ ਖਾਸ ਤੌਰ 'ਤੇ ਮ੍ਰਿਤਕ ਰਿਸ਼ਤੇਦਾਰਾਂ ਅਤੇ ਦੋਸਤਾਂ ਦੇ ਨੇੜੇ ਮਹਿਸੂਸ ਕਰਦੇ ਸਨ। ਇਹਨਾਂ ਦੋਸਤਾਨਾ ਆਤਮਾਵਾਂ ਲਈ, ਉਹਨਾਂ ਨੇ ਰਾਤ ਦੇ ਖਾਣੇ ਦੇ ਮੇਜ਼ 'ਤੇ ਸਥਾਨ ਨਿਰਧਾਰਿਤ ਕੀਤੇ, ਦਰਵਾਜਿਆਂ 'ਤੇ ਅਤੇ ਸੜਕ ਦੇ ਕਿਨਾਰੇ ਭੋਜਨ ਛੱਡਿਆ ਅਤੇ ਅਜ਼ੀਜ਼ਾਂ ਨੂੰ ਆਤਮਿਕ ਸੰਸਾਰ ਵਿਚ ਵਾਪਸ ਜਾਣ ਦਾ ਰਸਤਾ ਲੱਭਣ ਵਿਚ ਮਦਦ ਕਰਨ ਲਈ ਮੋਮਬੱਤੀਆਂ ਜਗਾਈਆਂ।

ਅੱਜ ਦੇ ਹੈਲੋਵੀਨ ਭੂਤਾਂ ਨੂੰ ਅਕਸਰ ਵਧੇਰੇ ਡਰਾਉਣੇ ਅਤੇ ਦੁਰਾਚਾਰੀ ਵਜੋਂ ਦਰਸਾਇਆ ਜਾਂਦਾ ਹੈ, ਅਤੇ ਸਾਡੇ ਰੀਤੀ-ਰਿਵਾਜ ਅਤੇ ਅੰਧ ਵਿਸ਼ਵਾਸ ਵੀ ਡਰਾਉਣੇ ਹਨ। ਅਸੀਂ ਕਾਲੀਆਂ ਬਿੱਲੀਆਂ ਦੇ ਨਾਲ ਰਸਤੇ ਪਾਰ ਕਰਨ ਤੋਂ ਪਰਹੇਜ਼ ਕਰਦੇ ਹਾਂ, ਡਰਦੇ ਹਾਂ ਕਿ ਉਹ ਸਾਡੀ ਮਾੜੀ ਕਿਸਮਤ ਲਿਆ ਸਕਦੀਆਂ ਹਨ। ਇਸ ਵਿਚਾਰ ਦੀਆਂ ਜੜ੍ਹਾਂ ਮੱਧ ਯੁੱਗ ਵਿਚ ਹਨ, ਜਦੋਂ ਬਹੁਤ ਸਾਰੇ ਲੋਕ ਮੰਨਦੇ ਸਨ ਕਿ ਜਾਦੂਗਰ ਆਪਣੇ ਆਪ ਨੂੰ ਕਾਲੀਆਂ ਬਿੱਲੀਆਂ ਵਿਚ ਬਦਲ ਕੇ ਪਤਾ ਲਗਾਉਣ ਤੋਂ ਬਚਦੇ ਹਨ।

ਅਸੀਂ ਉਸੇ ਕਾਰਨ ਕਰਕੇ ਪੌੜੀਆਂ ਦੇ ਹੇਠਾਂ ਨਾ ਚੱਲਣ ਦੀਕੋਸ਼ਿਸ਼ ਕਰਦੇ ਹਾਂ। ਇਹ ਵਹਿਮ ਸ਼ਾਇਦ ਪ੍ਰਾਚੀਨ ਮਿਸਰੀ ਲੋਕਾਂ ਤੋਂ ਆਇਆ ਹੈ, ਜੋ ਮੰਨਦੇ ਸਨ ਕਿ ਤਿਕੋਣ ਪਵਿੱਤਰ ਸਨ (ਇਸ ਦਾ ਇਸ ਤੱਥ ਨਾਲ ਵੀ ਕੁਝ ਲੈਣਾ-ਦੇਣਾ ਹੋ ਸਕਦਾ ਹੈ ਕਿ ਝੁਕੀ ਹੋਈ ਪੌੜੀ ਦੇ ਹੇਠਾਂ ਚੱਲਣਾ ਕਾਫੀ ਅਸੁਰੱਖਿਅਤ ਹੁੰਦਾ ਹੈ) ਅਤੇ ਹੈਲੋਵੀਨ ਦੇ ਆਲੇ-ਦੁਆਲੇ, ਖਾਸ ਤੌਰ 'ਤੇ, ਅਸੀਂ ਸ਼ੀਸ਼ੇ ਤੋੜਨ, ਸੜਕ ਵਿਚ ਤਰੇੜਾਂ 'ਤੇ ਕਦਮ ਰੱਖਣ ਜਾਂ ਨਮਕ ਛਿੜਕਣ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਾਂ।

**ਹੈਲੋਵੀਨ ਮੈਚਮੇਕਿੰਗ ਅਤੇ ਘੱਟ ਜਾਣੀਆਂ ਰਸਮਾਂ:** ਪਰ ਹੈਲੋਵੀਨ ਦੀ ਪ੍ਰੰਪਰਾਵਾਂ ਅਤੇ ਵਿਸ਼ਵਾਸਾਂ ਬਾਰੇ ਕੀ ਜੋ ਅੱਜ ਦੇ ਚਾਲ-ਚਲਣ ਵਾਲੇਜਾਂ ਵੀਟਰਜ ਸਭ ਕੁਝ ਭੁੱਲ ਗਏ ਹਨ? ਇਨ੍ਹਾਂ ਵਿਚੋਂ ਬਹੁਤ ਸਾਰੀਆਂ ਪੁਰਾਣੀਆਂ ਰਸਮਾਂ ਅਤੀਤ ਦੀ ਬਜਾਏ ਭਵਿੱਖ ਅਤੇ ਮੁਰਦਿਆਂ ਦੀ ਬਜਾਏ ਜੀਵਤ ਉਤੇ ਕੇਂਦਰਿਤ ਹਨ।

ਖਾਸ ਤੌਰ 'ਤੇ ਕਈਆਂ ਨੂੰ ਜਵਾਨ ਔਰਤਾਂ ਨੂੰ ਆਪਣੇ ਹੋਣਵਾਲੇ ਪਤੀਆਂ ਦੀ ਪਛਾਣ ਕਰਨ ਵਿਚ ਮਦਦ ਕਰਨ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਉਣ ਵਿਚ ਮਦਦ ਕਰਨੀ ਪਈ ਕਿ ਉਹ ਕਿਸੇ ਦਿਨ-ਕਿਸਮਤ ਨਾਲ, ਅਗਲੇ ਹੈਲੋਵੀਨ ਤੱਕ-ਵਿਆਹ ਕਰ ਲੈਣਗੀਆਂ। 18ਵੀਂ ਸਦੀ ਦੇ ਆਇਰਲੈਂਡ ਵਿਚ, ਇਕ ਮੈਚਮੇਕਿੰਗ ਕੁਕ ਹੈਲੋਵੀਨ ਦੀ ਰਾਤ ਨੂੰ ਆਪਣੇ ਫੇਹੇ ਹੋਏ ਆਲੂਆਂ ਵਿਚ ਇਕ ਅੰਗੂਠੀ ਦਫਨ ਕਰ ਸਕਦਾ ਹੈ, ਜਿਸ ਨੂੰ ਇਹ ਮਿਲਿਆ ਡਿਨਰ ਲਈ, ਸੱਚਾ ਪਿਆਰ ਲਿਆਉਣ ਦੀ ਉਮੀਦ ਹੈ।

ਸਕਾਟਲੈਂਡ ਵਿਚ ਭਵਿੱਖਬਾਣੀਆਂ ਨੇ ਸਿਫਾਰਸ਼ ਕੀਤੀ ਕਿ ਇਕ ਯੋਗ ਮੁਟਿਆਰ ਆਪਣੇ ਹਰ ਇਕ ਲੜਕੇ ਲਈ ਇਕ ਹੇਜ਼ਲਨਟ ਦਾ ਨਾਮ ਲਵੇ ਅਤੇ ਫਿਰ ਅਖਰੋਟ ਨੂੰ ਚੁੱਲ੍ਹੇ ਵਿਚ ਸੁੱਟੇ। ਅਖਰੋਟ ਜੋ ਭਟਕਣ ਜਾਂ ਫਟਣ ਦੀ ਬਜਾਏ ਸੜ ਕੇ ਸੁਆਹ ਹੋ ਗਈ, ਕਹਾਣੀ ਚਲੀ ਗਈ, ਲੜਕੀ ਦੇ ਹੋਣ ਵਾਲੇ ਪਤੀ ਨੂੰ ਦਰਸਾਉਂਦੀ ਹੈ (ਇਸ ਦੰਤਕਥਾ ਦੇ ਕੁਝ ਸੰਸਕਰਣਾਂ ਵਿਚ, ਇਸ ਦੇ ਉਲਟ ਸੱਚ ਸੀ: ਅਖਰੋਟ ਜੋ ਸੜ ਗਈ ਸੀ, ਇਕ ਪਿਆਰ ਦਾ ਪ੍ਰਤੀਕ ਹੈ ਜੋ ਨਹੀਂ ਰਹੇਗਾ।)

ਇਕ ਹੋਰ ਕਹਾਣੀ ਇਹ ਸੀ ਕਿ ਜੇ ਇਕ ਮੁਟਿਆਰ ਹੈਲੋਵੀਨ ਦੀ ਰਾਤ ਨੂੰ ਸੌਣ ਤੋਂ ਪਹਿਲਾਂ ਅਖਰੋਟ, ਹੇਜ਼ਲਨਟ ਅਤੇ ਜਾਇਫਲ ਤੋਂ ਬਣੀ ਇਕ ਮਿੱਠੀ-ਮਿੱਠੀ ਖਾਏਗੀ ਤਾਂ ਉਹ ਆਪਣੇ ਹੋਣ ਵਾਲੇ ਪਤੀ ਬਾਰੇ ਸੁਪਨੇ ਦੇਖੇਗੀ।

ਮੁਟਿਆਰਾਂ ਆਪਣੇ ਮੋਢਿਆਂ ਉਤੇ ਸੇਬ ਦੇ ਛਿਲਕਿਆਂ ਨੂੰ ਉਛਾਲਦੀਆਂ ਹਨ, ਇਸ ਉਮੀਦ ਵਿਚ ਕਿ ਛਿਲਕੇ ਉਨ੍ਹਾਂ ਦੇ ਹੋਣ ਵਾਲੇ ਪਤੀਆਂ ਦੇ ਨਾਮ ਦੇ ਰੂਪ ਵਿਚ ਫਰਸ਼ 'ਤੇ ਡਿੱਗਣਗੇ, ਪਾਣੀ ਦੇ ਕਟੋਰੇ ਵਿਚ ਤੈਰਦੇ ਹੋਏ ਅੰਡੇ ਦੀ ਜ਼ਰਦੀ ਨੂੰ ਦੇਖ ਕੇ ਅਤੇ ਹਨੇਰੇ ਕਮਰਿਆਂ ਵਿਚ ਸ਼ੀਸ਼ਿਆਂ ਦੇ ਸਾਹਮਣੇ ਖੜ੍ਹ ਕੇ ਮੋਮਬੱਤੀਆਂ ਫੜ ਕੇ ਅਤੇ ਆਪਣੇ ਪਤੀਆਂ ਦੇ ਚਿਹਰਿਆਂ ਵੱਲ ਆਪਣੇ ਮੋਢਿਆਂ ਵੱਲ ਦੇਖ ਕੇ ਆਪਣੇ ਭਵਿੱਖ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ।

ਹੋਰ ਰੀਤੀ ਰਿਵਾਜ ਵਧੇਰੇ ਮੁਕਾਬਲੇ ਵਾਲੇ ਸਨ। ਕੁਝ ਹੈਲੋਵੀਨ ਪਾਰਟੀਆਂ 'ਤੇ ਚੈਸਟਨਟ-ਹੰਟ 'ਤੇ ਬਰ ਲੱਭਣ ਵਾਲਾ ਪਹਿਲਾ ਮਹਿਮਾਨ ਵਿਆਹ ਕਰਨ ਵਾਲਾ ਪਹਿਲਾ ਹੋਵੇਗਾ। ਦੂਜਿਆਂ 'ਤੇ ਪਹਿਲਾ ਸਫਲ ਸੇਬ-ਬੋਬਰ ਗਲੀ ਤੋਂ ਹੇਠਾਂ ਸਭ ਤੋਂ ਪਹਿਲਾਂ ਹੋਵੇਗਾ। ਬੇਸ਼ੱਕ, ਭਾਵੇਂ ਅਸੀਂ ਰੋਮਾਂਟਿਕ ਸਲਾਹ ਲਈ ਕਹਿ ਰਹੇ ਹਾਂ ਜਾਂ ਸੱਤ ਸਾਲਾਂ ਦੀ ਮਾੜੀ ਕਿਸਮਤ ਤੋਂ ਬਚਣ ਦੀ ਕੋਸ਼ਿਸ਼ ਕਰ ਰਹੇ ਹਾਂ, ਇਨ੍ਹਾਂ ਹੈਲੋਵੀਨ ਅੰਧ ਵਿਸ਼ਵਾਸਾਂ ਵਿਚੋਂ ਹਰ ਇਕ ਉਸੇ ''ਆਤਮਾ'' ਦੀ ਸਦਭਾਵਨਾ 'ਤੇ ਨਿਰਭਰ ਕਰਦਾ ਹੈ, ਜਿਸਦੀ ਮੌਜੂਦਗੀ ਸ਼ੁਰੂਆਤੀ ਸੇਲਟਸ ਨੇ ਬਹੁਤ ਉਤਸੁਕਤਾ ਨਾਲ ਮਹਿਸੂਸ ਕੀਤੀ ਸੀ।

**(ਦੇਸ਼ ਦੁਆਬਾ 'ਚ ਛਪਿਆ ਇਕ ਪੁਰਾਣਾ ਲੇਖ)**

# ਮੁਹੱਬਤ ਦੀ ਬੇਰੋਕ ਆਬਸ਼ਾਰ - ਮੁਹੰਮਦ ਅਮਾਨਤ ਅਲੀ ਮੁਸਾਫ਼ਿਰ ਲਾਹੌਰ

ਚੜ੍ਹਦੇ ਤੇ ਲਹਿੰਦੇ ਪੰਜਾਬ ਦੀ ਅਮਾਨਤ ਲਾਹੌਰ ਨਿਵਾਸੀ ਪ੍ਰੋਫੈਸਰ ਅਮਾਨਤ ਅਲੀ ਮੁਸਾਫ਼ਿਰ (ਗਿੱਲ) ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ, ਉਸ ਦਾ ਜਨਮ ਭਾਰਤ ਪਾਕਿਸਤਾਨ ਵੰਡ ਤੋਂ ਵੀਹ ਵਰ੍ਹੇ ਪਿਛੋਂ ਲਹਿੰਦੇ ਪੰਜਾਬ ਦੇ ਪਿੰਡ ਘਣੀਏ ਕੇ ਕਿੱਕਰ ਸਿੰਘ ਵਾਲਾ (ਲਾਹੌਰ) ਵਿਖੇ ਹੋਇਆ। ਉਹ ਪੰਜਾਬੀ ਮਾਂ ਬੋਲੀ ਦਾ ਇਕ ਜਾਗਰੂਕ, ਚਰਚਿਤ ਤੇ ਸੁਲਝਿਆ ਹੋਇਆ ਨਾਮਵਰ ਸਪੂਤ ਹੈ। ਉਹਦੀਆਂ ਮਾਨਵੀ ਪ੍ਰੇਮ ਨਾਲ ਸਰਸ਼ਾਰ ਖ਼ੂਬਸੂਰਤ ਰਚਨਾਵਾਂ ਪੰਜਾਬੀ ਦੇ ਪ੍ਰਸਿੱਧ ਅਖ਼ਬਾਰਾਂ ਤੇ ਰਸਾਲਿਆਂ ਵਿਚ ਅਕਸਰ ਛਪਦੀਆਂ ਰਹਿੰਦੀਆਂ ਹਨ। ਜਿਨ੍ਹਾਂ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਉਸ ਦੀ ਸੋਚ ਮਜ਼ਹਬਾਂ, ਧਰਮਾਂ ਤੇ ਖਿੱਤਿਆਂ ਤੋਂ ਕਿਤੇ ਉੱਚੀ ਹੈ। ਉਹ ਆਪਣੀਆਂ ਲਿਖਤਾਂ ਵਿੱਚ ਮੁਹੱਬਤ ਦੀ ਬੇਰੋਕ ਆਬਸ਼ਾਰ ਵਹਾਉਂਦਾ ਦਿਸਦਾ ਹੈ। ਉਸ ਦੀਆਂ ਉਮਦਾ ਲਿਖਤਾਂ ਭਾਰਤੀ ਪੰਜਾਬ ਵਿਚ ਛਪੀਆਂ ਤਿੰਨ ਪੁਸਤਕਾਂ "ਰੂਹਾਂ ਦੀ ਸਾਂਝ" (ਕਹਾਣੀਆਂ), "ਸੋਚਾਂ ਦੀ ਪਰਵਾਜ਼" ਸ਼ਾਇਰੀ ਅਤੇ "ਹੀਰ ਵਾਰਿਸ ਸ਼ਾਹ ਸਮਾਜਿਕ ਖੋਜ" ਦਾ ਹਿੱਸਾ ਬਣਨ ਦਾ ਮਾਣ ਹਾਸਲ ਕਰ ਚੁੱਕੀਆਂ ਹਨ। ਉਸ ਦੀਆਂ ਮੁਹੱਬਤੀ ਸਾਂਝ ਪਾਉਂਦੀਆਂ ਰਚਨਾਵਾਂ ਪੜ੍ਹ ਕੇ ਪੰਜਾਬੀ ਮਾਂ ਬੋਲੀ ਦੇ ਕੌਮਾਂਤਰੀ ਪੱਧਰ ਦੇ ਨਾਮਵਾਰ ਲੇਖਕਾਂ ਨੇ ਲੇਖ ਲਿਖ ਕੇ ਉਹਨਾਂ ਦੀ ਸ਼ਖ਼ਸੀਅਤ ਦਾ ਖ਼ੂਬਸੂਰਤ ਮੁਲੰਕਣ ਕੀਤਾ ਹੈ ਜਿਨ੍ਹਾਂ ਵਿਚੋਂ ਪ੍ਰੋਫੈਸਰ ਗੁਲਜ਼ਾਰ ਸਿੰਘ ਸੰਧੂ ਚੰਡੀਗੜ੍ਹ, ਪ੍ਰਿੰਸੀਪਲ ਸਰਵਣ ਸਿੰਘ ਕੈਨੇਡਾ, ਗਿਆਨੀ ਸੰਤੋਖ ਸਿੰਘ ਸਿਡਨੀ ਆਸਟ੍ਰੇਲੀਆ, ਸਰਦਾਰ ਜਸਵੰਤ ਸਿੰਘ ਸੰਧੂ ਅਮਰੀਕਾ, ਜਨਾਬ ਖ਼ਾਲਿਦ ਹੁਸੈਨ ਜੰਮੂ ਕਸ਼ਮੀਰ, ਸਰਦਾਰ ਇੰਦਰ ਮੋਹਨ ਸਿੰਘ ਬਿਆਲਾ ਜੀ ਦਿੱਲੀ, ਉਸਤਾਦ ਸੁਲੱਖਣ ਸਿੰਘ ਸਰਹੱਦੀ ਗੁਰਦਾਸਪੁਰ, ਸਰਦਾਰ ਜਗਦੀਪ ਸਿੰਘ ਵਿਰਕ ਲੁਧਿਆਣਾ, ਸਰਦਾਰ ਹਰਦਿਆਲ ਸਿੰਘ ਸੈਂਭੀ ਮੋਗਾ ਵਿਸ਼ੇਸ਼ ਤੌਰ ਵਰਨਣਯੋਗ ਹਨ।




ਉਹ ਆਪਣੇ ਪਰਿਵਾਰਕ ਪਿਛੋਕੜ ਬਾਰੇ ਮਾਣ ਨਾਲ ਦੱਸਦਾ ਹੈ ਕਿ ਉਹਨਾਂ ਦਾ ਵਡੇਰਾ ਸਰਦਾਰ ਹਰਦੇਵ ਸਿੰਘ ਗਿੱਲ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਦੇ ਬਹੁਤ ਨੇੜਲਿਆਂ ਵਿਚੋਂ ਸੀ। ਉਸਦਾ ਸਪੁੱਤਰ ਸਰਦਾਰ ਨਿਹਾਲ ਸਿੰਘ ਗਿੱਲ ਅੰਗਰੇਜ਼ਾਂ ਵਿਰੁੱਧ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦੀ ਅਗਵਾਈ ਵਿਚ ਲੜੇ ਗਏ ਸਭਰਾਵਾਂ ਦੇ ਯੁੱਧ ਵਿਚ ਸ਼ਹੀਦ ਹੋਇਆ ਸੀ।

ਪਿਛੋਂ ਨਿਹਾਲ ਸਿੰਘ ਦੇ ਪੁੱਤਰ ਰੂੜਾ ਸਿੰਘ ਗਿੱਲ ਨੇ ਇਸਲਾਮ ਮਜ਼ਹਬ ਧਾਰਨ ਕਰ ਲਿਆ ਸੀ। ਹਾਲਾਤ ਖਰਾਬ ਹੋਣ ਕਰਕੇ ਉਹ ਲਾਇਲਪੁਰ ਤੋਂ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਨੁਸ਼ਹਿਰਾ ਢਾਲਾ ਵਿਚ ਵਸ ਗਿਆ ਸੀ। ਉਸਦੇ ਦੇ ਦੋ ਪੁੱਤਰ ਮੁਹੰਮਦ ਅੱਲਾ ਬਖਸ਼ ਗਿੱਲ ਤੇ ਮੁਹੰਮਦ ਖ਼ੁਦਾ ਬਖਸ਼ ਗਿੱਲ ਹੋਏ। ਮੁਹੰਮਦ ਅੱਲਾ ਬਖਸ਼ ਗਿੱਲ ਦਾ ਪੁੱਤਰ ਹੋਇਆ ਮੁਹੰਮਦ ਹੁਸੈਨ ਗਿੱਲ ਜੋ ਭਾਰਤ ਪਾਕਿ ਵੰਡ ਸਮੇਂ ਘਣੀਏ ਕੇ ਜਾ ਵਸਿਆ। ਮੁਹੰਮਦ ਹੁਸੈਨ ਦੇ ਗ੍ਰਹਿ ਵਿਖੇ ਮਾਤਾ ਅਜ਼ੀਜ਼ਾਂ ਬੀਬੀ (ਛੋਟਾ ਚੀਮਾ ਤਰਨਤਾਰਨ) ਦੀ ਸੁਲੱਖਣੀ ਕੁੱਖੋਂ ਇਕ ਜੂਨ 1967 ਵਿੱਚ ਮੁਹੰਮਦ ਅਮਾਨਤ ਅਲੀ ਗਿੱਲ ਦਾ ਜਨਮ ਹੋਇਆ। ਉਸਨੇ ਆਪਣਾ ਸਾਹਿਤਕ ਤਖੱਲਸ 'ਮੁਸਾਫ਼ਿਰ' ਰੱਖ ਲਿਆ।

ਉਹਨੇ ਆਪਣੀ ਮੁਢਲੀ ਵਿਦਿਆ ਪਿੰਡ ਘਣੀਏ ਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚੋਂ ਹਾਸਲ ਕੀਤੀ । ਉਹਨੇ ਅਠਵੀਂ ਸਰਕਾਰੀ ਹਾਈ ਸਕੂਲ ਪਢਾਣਾ ਤੋਂ ਪਾਸ ਕਰਕੇ ਮੈਟ੍ਰਿਕ ਪ੍ਰਾਈਵੇਟ ਇਖਵਾਨ ਹਾਈ ਸਕੂਲ ਬਰਕੀ ਤੋਂ ਪਾਸ ਕੀਤੀ। ਪੀ। ਟੀ। ਸੀ। ਸਰਕਾਰੀ ਕਾਲਜ ਕੋਟ ਲਖਪਤ ਲਾਹੌਰ ਤੋਂ ਪਾਸ ਕੀਤੀ ਅਤੇ ਐਮ। ਏ। ਪੰਜਾਬੀ ਦੀ ਡਿਗਰੀ ਪ੍ਰਾਈਵੇਟ ਤੌਰ ਤੇ ਹਾਸਲ ਕੀਤੀ। ਮੌਜੂਦਾ ਸਮੇਂ ਉਹ ਪੰਜਾਬੀ ਵਿਸ਼ੇ ਦਾ ਪ੍ਰੋਫੈਸਰ ਹੈ ਜੋ ਸਵੇਰੇ ਉਜ਼ਮਾਨ ਕਾਲਜ ਅਤੇ ਸ਼ਾਮ ਵੇਲੇ ਕੈਂਬਰਿਜ ਕਾਲਜ, ਫਿਰੋਜ਼ਪੁਰ ਰੋਡ, ਲਾਹੌਰ ਵਿਖੇ ਸੇਵਾਵਾਂ ਨਿਭਾ ਰਿਹਾ ਹੈ।

ਬੇਸ਼ੱਕ ਗੁਰਮੁਖੀ ਪੜ੍ਹਨ ਤੇ ਲਿਖਣ ਦੀ ਮੁਹਾਰਤ ਉਸਨੇ ਮੋਬਾਈਲ ਫੋਨ ਤੋਂ ਇਕ ਸਾਲ ਦੇ ਅਰਸੇ ਦੌਰਾਨ ਹਾਸਲ ਕੀਤੀ ਪਰੰਤੂ ਡਾਕਟਰ ਸੁਖਦੇਵ ਸਿੰਘ ਸੇਖੋਂ ਅੰਮ੍ਰਿਤਸਰ ਦਾ ਸ਼ੁਕਰ ਗੁਜ਼ਾਰ ਹੈ ਜੋ ਕਦੇ ਕਦੇ ਸੇਧ ਦਿੰਦਾ ਰਿਹਾ।

ਗਿਆਨੀ ਸੰਤੋਖ ਸਿੰਘ ਸਿਡਨੀ ਅਸਟ੍ਰੇਲੀਆ ਅਨੁਸਾਰ "ਇਹ ਪਹਿਲਾ ਮੁਸਲਮਾਨ ਲਿਖਾਰੀ ਹੈ ਜਿਸਨੇ ਲਾਹੌਰ ਵਿਚ ਰਹਿ ਕੇ ਬਗੈਰ ਉਸਤਾਦ ਤੋਂ ਗੁਰਮੁਖੀ ਨੂੰ ਲਿਖਣਾ ਤੇ ਪੜ੍ਹਨਾ ਸਿੱਖਿਆ। ਇਹ ਸ਼ਰੀਰਕ ਤੌਰ ਤੇ ਭਾਵੇਂ ਲਾਹੌਰ ਵਿਚ ਰਹਿੰਦਾ ਹੈ ਪਰ ਇਹਦੀ ਆਤਮਾ ਚੜ੍ਹਦੇ ਪੰਜਾਬ ਵਿਚ ਰਹਿੰਦੀ ਹੈ। ਸਮੁੱਚੀ ਮਨੁੱਖਤਾ ਦਾ ਪਿਆਰ ਇਹਦੇ ਰੋਮ ਰੋਮ ਵਿਚ ਵਸਿਆ ਹੈ।"

ਹੱਲੇ ਗੁੱਲਿਆਂ ਤੋਂ ਬਾਅਦ ਜੰਮਿਆਂ ਹੋਣ ਕਰਕੇ ਭਾਵੇਂ ਉਹਨੇ ਪੰਜਾਬ ਦਾ ਉਜਾੜਾ ਆਪਣੇ ਅੱਖੀਂ ਤਾਂ ਨਹੀਂ ਦੇਖਿਆ। ਪਰ ਆਪਣੇ ਪੁਰਖਿਆਂ ਦੇ ਹੱਡੀਂ ਹੰਢਾਏ ਉਜਾੜੇ ਦੇ ਸੇਕ ਨੂੰ ਉਹ ਬੜੀ ਸ਼ਿੱਦਤ ਨਾਲ ਨੇੜਿ ' ਮਹਿਸੂਸ ਕਰਦਾ ਹੈ। ਆਪਣੇ ਪੁਰਖਿਆਂ ਦੀ ਮਿੱਟੀ ਨਾਲ ਉਹਦਾ ਮੋਹ ਉਹਦੀਆਂ ਲਿਖਤਾਂ ਵਿਚੋਂ ਡੁੱਲ੍ਹ ਡੁੱਲ੍ਹ ਪੈਂਦਾ ਹੈ। ਉਹ ਉੱਡਕੇ ਵੀ ਆਪਣੇ ਬਾਬਿਆਂ ਦੀ ਜੰਮਣ ਭੋਂ ਨੂੰ ਸਿਜਦਾ ਕਰਨ ਦੀ ਤੀਬਰ ਲੋਚਾ ਰੱਖਦਾ ਹੈ ਪਰ ਅੰਗਰੇਜ਼ਾਂ ਦੀ ਖੜ੍ਹੇ ਰੁੱਖ ਖਿੱਚੀ ਲਕੀਰ ਤੇ ਮੌਜੂਦਾ ਹਾਕਮਾਂ ਦੀਆਂ ਠੋਸੀਆਂ ਗ਼ੈਰਵਾਜਬ ਪਾਬੰਦੀਆਂ ਅੱਗੇ ਉਹ ਬੇਬਸ ਹੈ। ਉਹਦੀ ਚੜ੍ਹਦੇ ਪੰਜਾਬ ਦੇ ਭੈਣ ਭਰਾਵਾਂ ਨਾਲ ਮਿਲਜੁਲ ਕੇ ਰਹਿਣ ਦੀ ਤਾਂਘ ਉਹਦੀਆਂ ਰਚਨਾਵਾਂ ਵਿਚੋਂ ਆਪ ਮੁਹਾਰੇ ਉਮੜਦੀ ਹੈ। ਉਹਦੀ ਸ਼ਾਇਰੀ ਵਿਚ ਪੁਰਖਿਆਂ ਦੀ ਮਿੱਟੀ ਦਾ ਮੋਹ ਤੇ ਹੇਰਵਾ, ਦੋਹਾਂ ਪੰਜਾਬਾਂ ਵਿਚ ਭਾਈਚਾਰਕ ਸਾਂਝ ਵੇਖਣ ਦੀ ਇੱਛਾ, ਆਰਪਾਰ ਦੀਆਂ ਵਿੱਥਾਂ ਮਿਟਾਉਣ ਦੀ ਹਸਰਤ, ਬਾਬੇ ਗੁਰੂ ਨਾਨਕ ਪ੍ਰਤੀ ਸ਼ਰਧਾ ਭਾਵਨਾ, ਆਪਸੀ ਮੇਲਜੋਲ ਤੇ ਸੜਕੀ ਆਵਾਜਾਈ ਦੀ ਖੁਲ੍ਹ ਦੀ ਤਾਂਘ, ਸਿੱਖ ਸਰਦਾਰਾਂ ਦਾ ਸਤਿਕਾਰ ਅਤੇ ਮਨੁੱਖਤਾ ਲਈ ਮੁਹੱਬਤ ਡੁੱਲ੍ਹ ਡੁੱਲ੍ਹ ਪੈਂਦੀ ਹੈ। ਉਹਦੀਆਂ ਰਚਨਾਵਾਂ ਚੜ੍ਹਦੇ ਲਹਿੰਦੇ ਵਸਦੇ ਲੱਖਾਂ ਕਰੋੜਾਂ ਪੰਜਾਬੀਆਂ ਦੀ ਤਰਜਮਾਨੀ ਕਰਦੀਆਂ ਹਨ।

ਸ਼ੇਖ਼ ਬਾਬਾ ਫਰੀਦ ਜੀ ਅਤੇ ਬਾਬਾ ਗੁਰੂ ਨਾਨਕ ਦੀ ਮੁਹੱਬਤੀ ਸਾਂਝ ਨੂੰ ਉਹਨਾਂ ਦੇ ਪੈਰੋਕਾਰਾਂ ਵਿਚ ਹੋਰ ਪਕੇਰਾ ਵੇਖਣ ਦੀ ਉਹਦੀ ਹਾਰਦਿਕ ਲੋਚਾ ਹੈ। ਉਹ ਪੰਜਾਬੀ ਮਾਂ ਬੋਲੀ ਦਾ ਸ਼ੈਦਾਈ ਹੈ। ਪੜ੍ਹ ਪੰਜਾਬੀ ਲਿਖ ਪੰਜਾਬੀ ਉਹਦਾ ਮਾਟੋ ਹੈ। ਪਰ ਚੜ੍ਹਦੇ ਪੰਜਾਬ ਵਾਲੇ ਸ਼ਾਹਮੁਖੀ ਤੋਂ ਨਦਾਰਦ ਹਨ ਤੇ ਲਹਿੰਦੇ ਵਾਲੇ ਗੁਰਮੁਖੀ ਤੋਂ ਵਿਰਵੇ ਹਨ। ਜਿਸ ਸਦਕਾ ਸਾਹਿਤਕ ਆਦਾਨ ਪ੍ਰਦਾਨ ਕਰਨ ਵਿਚ ਭਾਰੀ ਦਿੱਕਤ ਆਉਂਦੀ ਹੈ। ਪ੍ਰੋਫੈਸਰ ਮੁਹੰਮਦ ਅਮਾਨਤ ਅਲੀ ਮੁਸਾਫ਼ਿਰ ਨੇ ਇਕ ਸਾਂਝਾ ਕ਼ਾਇਦਾ ਤਿਆਰ ਕਰਕੇ ਦੋਹਾਂ ਪੰਜਾਬਾਂ ਦੀ ਇਸ ਮੁਸ਼ਕਲ ਨੂੰ ਹੱਲ ਕਰਨ ਲਈ ਰਾਹ ਮੋਕਲਾ ਕਰ ਦਿਤਾ ਹੈ। ਸ਼ਾਹਮੁਖੀ ਤੇ ਗੁਰਮੁਖੀ ਸਿੱਖਣ ਦੇ ਮੁਤਲਾਸ਼ੀਆਂ ਲਈ ਉਹਨਾਂ ਦਾ ਇਹ ਉਪਰਾਲਾ ਸ਼ਲਾਘਾਯੋਗ, ਯਾਦਗਾਰੀ ਤੇ ਇਤਿਹਾਸਕ ਹੋ ਨਿਬੜੇਗਾ। ਜੋ ਪੁਲ ਵਾਂਗ ਆਰ ਪਾਰ ਦੀਆਂ ਦੂਰੀਆਂ ਮਿਟਾਉਣ ਦਾ ਸਬੱਬ ਬਣੇਗਾ।ਦੁਆ ਕਰਦੇ ਹਾਂ ਕਿ ਉਹਨਾਂ ਦੀ ਆਸਾਂ ਉਮੀਦਾਂ ਨੂੰ ਜਲਦੀ ਬੂਰ ਪੈ ਜਾਵੇ। ਮੈਂ ਉਹਨਾਂ ਦੇ ਇਸ ਉੱਦਮ ਨੂੰ ਸਿਜਦਾ ਕਰਦਿਆਂ ਖੁਸ਼ਆਮਦੀਦ ਆਖਦਾ ਹਾਂ।

ਨਿੱਘੇ ਮੋਹ ਨਾਲ--

**ਲਾਲ ਸਿੰਘ ਸੁਲਹਾਣੀ +919872155120**

# ਇਕ ਪ੍ਰਵਾਸੀ ਬਣੇ ਸਰਪੰਚ ਨੂੰ ਮੁਬਾਰਕ ਤੇ ਸਵਾਗਤ !

ਪੰਜਾਬ ਵਿਚ ਹੁਣੇ ਹੁਣੇ ਹੋਈਆਂ ਪੰਚਾਇਤ ਚੋਣਾ ਦੇ ਨਤੀਜੇ ਆਉਣ 'ਤੇ ਮੀਡ੍ਹੀਏ ਵਿਚ ਕਈ ਅਜਿਹੇ ਪਿੰਡਾਂ ਦੀਆਂ ਖਬਰਾਂ ਬੜੇ ਉਚੇਚੇ ਰੂਪ ਵਿਚ ਛਪੀਆਂ ਜਿੱਥੇ ਯੂ.ਪੀ ਬਿਹਾਰ ਤੋਂ ਆਏ ਪ੍ਰਵਾਸੀ ਵਿਅਕਤੀ, ਮੈਂਬਰ ਪੰਚਾਇਤ ਜਾਂ ਸਰਪੰਚ ਚੁਣੇ ਗਏ। ਅਜਿਹੀਆਂ ਖਬਰਾਂ ਨੂੰ ਉਚੇਚਾ 'ਲੂਣ ਮਸਾਲਾ' ਲਾ ਲਾ ਕੇ ਪ੍ਰੋਸਣ ਵਾਲ਼ਿਆਂ ਵਿਚ ਉਨ੍ਹਾਂ ਪ੍ਰਵਾਸੀ ਪੰਚਾਂ ਸਰਪੰਚਾਂ ਨਾਲ਼ ਨਫਰਤ ਕਰਨ ਵਾਲ਼ੇ ਵੀ ਹੋ ਸਕਦੇ ਹਨ ਪਰ ਅਜਿਹੀਆਂ ਖਬਰਾਂ ਦੇਣ ਵਾਲ਼ੇ ਇਕ-ਦੋ ਪੱਤਰਕਾਰਾਂ ਨੇ ਪੁੱਛਣ 'ਤੇ ਦੱਸਿਆ ਕਿ ਉਨ੍ਹਾਂ ਦੀ ਮਨਸ਼ਾ ਇਹ ਸੀ ਕਿ ਪੰਜਾਬ ਤੋਂ ਅੰਨ੍ਹੇਂ ਵਾਹ ਪ੍ਰਵਾਸ ਕਰ ਰਹੇ ਪੰਜਾਬੀਆਂ ਨੂੰ 'ਅੱਗਾ ਦੌੜ ਪਿੱਛਾ ਚੌੜ' ਵਾਲ਼ੇ ਅਖਾਣ ਦਾ ਅਹਿਸਾਸ ਕਰਾਇਆ ਜਾਵੇ!ਇਸ ਵਿਸ਼ੇ 'ਤੇ ਹੋਰ ਕੁੱਝ ਨਾ ਲਿਖਦਿਆਂ ਮੈਂ ਪੰਜਾਬ 'ਚ ਇਕ ਪਿੰਡ ਦੇ ਸਰਪੰਚ ਬਣੇ ਉਸ ਪ੍ਰਵਾਸੀ (ਐਨ.ਆਰ.ਆਈ) ਬਾਰੇ ਜਾਣਕਾਰੀ ਦੇ ਰਿਹਾ ਹਾਂ ਜਿਸ ਦੀ ਕਹਾਣੀ ਪੰਜਾਬ ਤੋਂ ਵਿਦੇਸ਼ਾਂ ਵੱਲ੍ਹ ਹੋ ਰਹੇ ਪ੍ਰਵਾਸ ਨੂੰ ਠੱਲ੍ਹ ਪਾਉਣ ਵਿਚ ਸਹਾਈ ਹੋ ਸਕਦੀ ਹੈ!





ਆਪਣੇ ਪਿੰਡ ਬੀਰੋ ਵਾਲ਼ (ਜ਼ਿਲ੍ਹਾ ਨਵਾਂ ਸ਼ਹਿਰ) ਦਾ ਨਵਾਂ ਚੁਣਿਆਂ ਗਿਆ ਸਰਪੰਚ ਜਸਪਾਲ ਸਿੰਘ ਵਿਰਕ ਪਿੱਛੋਂ ਪੰਜਾਬ ਤੋਂ ਵੀ ਅਤੇ ਅਮਰੀਕਾ ਤੋਂ ਵੀ ਮੇਰਾ ਗੁਆਂਢੀ ਹੈ। ਇੱਥੇ ਇਹ ਵੀ ਸਪਸ਼ਟ ਕਰਦਾ ਜਾਵਾਂ ਕਿ ਸਿਰਫ ਆਪਣਾ ਗੁਆਂਢੀ ਸੱਜਣ ਹੋਣ ਦੀ ਵਜਾਹ ਕਰਕੇ ਹੀ ਮੈਂ ਇਹ ਲਿਖਤ ਨਹੀਂ ਲਿਖਣ ਜਾ ਰਿਹਾ। ਸਗੋਂ ਇਸਦਾ ਮਕਸਦ ਪੰਜਾਬ ਤੋਂ ਪ੍ਰਵਾਸ ਕਰ ਗਿਆਂ ਨੂੰ ਪਿਛੋਕੜ ਨਾਲ਼ ਪਿਆਰ ਪਾਉਣ ਤੇ ਵਧਾਉਣ ਦੀ ਪ੍ਰੇਰਨਾ ਕਰਨਾ ਹੈ।

ਲਗ ਭਗ ਤੀਹ ਕੁ ਸਾਲ ਪਹਿਲਾਂ ਪੰਜਾਬ ਦੇ ਹੋਰ ਮੁੰਡਿਆਂ ਵਾਂਗ ਜਸਪਾਲ ਸਿੰਘ ਵੀ ਅਮਰੀਕਾ ਚਲਾ ਆਇਆ ਸੀ।ਕਈ ਸਾਲ ਸਖਤ ਸੰਘਰਸ਼ ਕਰਦਿਆਂ ਉਸਨੇ ਆਪਣੇ ਇਕ ਭਰਾ ਨੂੰ ਵੀ ਅਮਰੀਕਾ ਸੱਦਿਆ ਅਤੇ ਦੋਹਾਂ ਨੇ ਰਲ਼ ਕੇ ਇੱਥੇ ਛੋਟਾ ਮੋਟਾ ਕਾਰੋਬਾਰ ਵੀ ਸਥਾਪਤ ਕਰ ਲਿਆ।

ਉਹ ਜਦ ਵੀ ਕਿਤੇ ਮੈਨੂੰ ਮਿਲ਼ਦਾ ਤਾਂ ਪੰਜਾਬ ਦੇ ਦਰਦ ਦੀਆਂ ਗੱਲਾਂ ਕਰਦਿਆਂ ਕਹਿੰਦਾ ਕਿ ਜਿਵੇਂ ਅਸੀਂ ਬਾਹਰ ਆ ਕੇ ਬਿਨਾਂ ਨੱਕ-ਬੁੱਲ੍ਹ ਵੱਟਿਆਂ ਹਰ ਤਰਾਂ ਦਾ ਕੰਮ ਕਰ ਲੈਂਦੇ ਹਾਂ ਇਵੇਂ ਅਸੀਂ ਪੰਜਾਬ ਵਿਚ ਕਿਉਂ ਨੀ ਕਰ ਸਕਦੇ?ਅਕਸਰ ਉਹ ਇਹ ਵੀ ਕਹਿੰਦਾ ਕਿ ਅਸੀਂ ਪ੍ਰਵਾਸੀ, ਪਿੰਡ ਜਾ ਕੇ ਵਿਦੇਸ਼ਾਂ ਦੇ ਕੰਮ-ਕਲਚਰ ਅਤੇ ਇਮਾਨਦਾਰੀ ਦੇ ਕਿੱਸੇ ਹੁੱਬ ਹੁੱਬ ਸੁਣਾਉਂਦੇ ਹਾਂ। ਕੀ ਇਹ ਕਲਚਰ ਅਤੇ ਇਮਾਨਦਾਰੀ ਪੰਜਾਬ 'ਚ ਨਹੀਂ ਲਿਜਾਏ ਜਾ ਸਕਦੇ?

ਅਮਰੀਕਾ 'ਚ ਰਹਿੰਦਿਆਂ ਮਾਦਰੇ-ਵਤਨ ਦੀ ਅਜਿਹੀ ਚਿੰਤਾ ਕਰਦੇ ਰਹਿੰਦੇ ਜਸਪਾਲ ਸਿੰਘ ਨੂੰ ਉਦੋਂ ਹੋਰ ਤਕੜਾ ਹੁਲਾਰਾ ਮਿਲ਼ ਗਿਆ ਜਦ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਨੇ ਆਪਣੀ ਸਰਕਾਰ ਦੀ ਮਨਸ਼ਾ ਬਾਰੇ ਕਿਹਾ ਕਿ ਆਪਾਂ ਰਲ਼ ਮਿਲ਼ ਕੇ ਪੰਜਾਬ ਨੂੰ ਏਦਾਂ ਦਾ ਬਣਾਈਏ ਕਿ ਵਿਦੇਸ਼ ਗਏ ਸਾਡੇ ਨੌਜਵਾਨ ਮੁੜ ਪੰਜਾਬ ਪਰਤ ਆਉਣ ਦੀ ਤਿਆਰੀ ਕਰਨ।

ਇਸੇ ਦੌਰਾਨ ਇਕ ਅਸਹਿ ਭਾਣਾ ਵਾਪਰ ਗਿਆ।ਜਸਪਾਲ ਦਾ ਵੱਡਾ ਭਰਾ ਇਕਬਾਲ ਸਿੰਘ ਵਿਰਕ ਜੋ ਬੀਰੋਵਾਲ਼ ਦਾ ਸਰਪੰਚ ਰਿਹਾ,ਭਰ ਜਵਾਨੀ ਵਿਚ ਹੀ ਅਚਾਨਕ ਚੜ੍ਹਾਈ ਕਰ ਗਿਆ।'ਭਾਈ ਮਰੇ ਬਾਂਹ ਭੱਜਦੀ ਅੱਖੀਉਂ ਨੀ ਸੁੱਕਦਾ ਨੀਰ'-ਜਸਪਾਲ ਸਿੰਘ ਦਾ ਸਮੁੱਚਾ ਪ੍ਰਵਾਰ ਡੂੰਘੇ ਸਦਮੇਂ ਵਿਚ ਚਲਾ ਗਿਆ। ਸਾਊ ਸੁਭਾਅ, ਨੇਕ ਦਿਲ ਅਤੇ ਮਿੱਠ-ਬੋਲੇ ਇਕਬਾਲ ਦੇ ਸਦੀਵੀ ਵਿਛੋੜੇ ਕਾਰਨ ਸਾਰਾ ਬੀਰੋਵਾਲ਼ ਹੰਝੂ ਕੇਰਦਾ ਮੈਂ ਖੁਦ ਦੇਖਿਆ। ਵਿੱਛੜੇ ਵੀਰ ਦੀਆਂ ਅੰਤਮ ਰਸਮਾਂ ਨਿਭਾਉਣ ਉਪਰੰਤ ਉਹ ਕਈ ਮਹੀਨੇ ਪਿੰਡ ਰਿਹਾ।

ਹੌਲ਼ੀ ਹੌਲੀ ਸਦਮੇਂ 'ਚੋਂ ਸੰਭਲ਼ ਕੇ ਉਸਨੇ ਆਪਣੇ ਸਵਰਗੀ ਭਰਾ ਵਾਂਗ ਲੋਕ-ਸੇਵਾ ਦੇ ਕਾਰਜ ਕਰਨੇ ਸ਼ੁਰੂ ਕੀਤੇ। ਬਾਬਾ ਜਗਤਾਰ ਸਿੰਘ ਪਨਿਆਲ਼ੀ ਵਾਲ਼ਿਆਂ ਦੀ ਦੇਖ-ਰੇਖ ਹੇਠ 'ਇਕਬਾਲ ਸਿੰਘ ਯਾਦਗਾਰੀ ਕਬੱਡੀ ਟੂਰਨਾਮੈਂਟ' ਕਰਾਉਣ ਦੀ ਸ਼ੁਰੂਆਤ ਕੀਤੀ। ਆਪਣੇ ਪਿੰਡ ਲਾਗੇ ਨਵਾਂ ਸ਼ਹਿਰ ਵਿਖੇ ਪੈਟ੍ਰੋਲ ਪੰਪ ਦਾ ਕਾਰੋਬਾਰ ਸ਼ੁਰੂ ਕੀਤਾ। ਅਮਰੀਕਾ ਤੋਂ ਪੰਜਾਬ ਆ ਕੇ ਖੇਤੀ ਬਾੜੀ ਦੇ ਨਾਲ਼ ਨਾਲ਼ ਹੋਰ ਕਾਰੋਬਾਰ ਸ਼ੁਰੂ ਕਰਨ ਦੀ ਸੁਭਾਗੀ ਸੂਚਨਾਂ ਸਾਂਝੀ ਕਰਨ ਲਈ ਉਸਨੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਨੂੰ ਮਿਲਣ ਦਾ ਪ੍ਰੋਗਰਾਮ ਬਣਾਇਆ। ਮਾਨ ਸਾਹਬ ਨੇ ਵੀ 22 ਦਸੰਬਰ 2023 ਵਾਲ਼ੇ ਦਿਨ ਮੁੱਖ ਮੰਤਰੀ ਨਿਵਾਸ ਚੰਡੀਗੜ੍ਹ ਵਿਖੇ ਸੱਦ ਕੇ ਉਸਦਾ ਮਾਣ ਸਤਿਕਾਰ ਕੀਤਾ।

ਅਕਤੂਬਰ 2024 ਵਿਚ ਹੋਈਆਂ ਪੰਚਾਇਤੀ ਚੋਣਾ ਮੌਕੇ ਬੀਰੋ ਵਾਲ਼ ਵਾਸੀਆਂ ਵਲੋਂ ਜੋਰ ਪਾਉਣ 'ਤੇ ਉਸਨੇ ਸਰਪੰਚੀ ਦੀ ਚੋਣ ਲੜੀ ਅਤੇ ਕਾਮਯਾਬ ਹੋਇਆ। ਇਹ ਵੀ ਸੰਯੋਗ ਜਾਂ ਇਤਫਾਕ ਹੀ ਸਮਝੋ ਕਿ ਹੁਣ ਵਿਰਕ ਪ੍ਰਵਾਰ ਵਿਚ ਜਸਪਾਲ ਸਿੰਘ ਸਰਪੰਚ, ਸਵਰਗੀ ਇਕਬਾਲ ਸਿੰਘ ਦੀ ਸੁਪਤਨੀ ਬੀਬੀ ਮਨਜੀਤ ਕੌਰ ਪੰਚ ਅਤੇ ਜਸਪਾਲ ਦਾ ਛੋਟਾ ਵੀਰ ਜਸਵਿੰਦਰ ਸਿੰਘ ਲੰਬੜਦਾਰ ਹੈ!

ਬੀਤੇ ਅਕਤੂਬਰ ਵਿਚ ਪੰਚਾਇਤ ਚੋਣਾ ਦੇ ਨਤੀਜੇ ਆਉਣ 'ਤੇ ਜਦ ਮੈਂ ਉਸਨੂੰ ਫੋਨ 'ਤੇ ਸਰਪੰਚ ਬਣਨ ਦੀ ਵਧਾਈ ਦਿੱਤੀ ਤਾਂ ਉਸਨੇ ਭਰੇ ਗਲ਼ੇ ਨਾਲ ਆਪਣੇ ਵਿੱਛੜੇ ਵੀਰ ਇਕਬਾਲ ਸਿੰਘ ਨੂੰ ਯਾਦ ਕਰਦਿਆਂ ਕਿਹਾ ਕਿ ਪਿੰਡ ਵਿਚ ਉਹਦੇ ਸੋਚੇ ਹੋਏ ਕੁੱਝ ਕੰਮ ਕਰਨ ਵਾਲ਼ੇ ਰਹਿੰਦੇ ਹਨ, ਵਾਹਿਗੁਰੂ ਦੀ ਮਿਹਰ ਸਦਕਾ ਮੈਂ ਬਿਨਾਂ ਕੋਈ ਸਰਕਾਰੀ ਗ੍ਰਾਂਟਾਂ ਉਡੀਕਿਆਂ ਪਹਿਲਾਂ ਉਹ ਸਾਰੇ ਕਾਰਜ ਨੇਪਰੇ ਚਾੜ੍ਹਨੇ ਹਨ।


ਆਉ ਵੀਰ ਜਸਪਾਲ ਸਿੰਘ ਨੂੰ ਆਪਣੇ ਪਿੰਡ ਬੀਰੋਵਾਲ਼ ਦਾ ਸਰਪੰਚ ਬਣਨ ਦੀ ਵਧਾਈ ਦਿੰਦਿਆਂ ਪੰਜਾਬ ਵਲੋਂ ਉਸਦਾ ਸਵਾਗਤ ਵੀ ਕਰੀਏ! ਵਿਦੇਸ਼ਾਂ ਵਿਚ ਬੈਠਿਆਂ 'ਹਾਏ ਪੰਜਾਬ 'ਚ ਭਈਏ ਆ ਗਏ!' ਦੀ ਜਬਾਨੀ-ਕਲਾਮੀ ਚਿੰਤਾ ਕਰਨ ਨਾਲੋਂ ਜਸਪਾਲ ਸਿੰਘ ਵਾਲ਼ਾ ਰਾਹ ਅਪਣਾਈਏ। ਇਹ ਉਮੀਦ ਵੀ ਕਰੀਏ ਕਿ ਵਿਦੇਸ਼ਾਂ ਵਿਚ ਪ੍ਰਵਾਸੀ ਪੰਜਾਬੀਆਂ ਵਲੋਂ ਗਦਰੀ ਬਾਬਿਆਂ ਦੀ ਯਾਦ ਵਿਚ ਲਗਾਏ ਜਾਂਦੇ ਮੇਲਿਆਂ ਤੋਂ ਪ੍ਰੇਰਨਾਂ ਲੈ ਕੇ ਪੰਜਾਬ ਵਿਚ ਦਿਨ-ਬ-ਦਿਨ ਸੁੰਨੇ ਹੁੰਦੇ ਜਾ ਰਹੇ ਘਰਾਂ ਵਿਚ ਜੀਆਂ ਦੇ ਰੌਣਕ-ਮੇਲੇ ਦਾ ਵੀ ਕੋਈ ਬਾਨ੍ਹਣੂ ਬੰਨ੍ਹੀਏਂ! ਆਮੀਨ!!

**- ਤਰਲੋਚਨ ਸਿੰਘ 'ਦੁਪਾਲ ਪੁਰ'**
**001-408-915-1268**

## ਪੁਸਤਕ ਸਮੀਖਿਆ

**ਤਵਾਰੀਖ ਪੰਡੋਰੀ ਗੰਗਾ ਸਿੰਘ**
**ਰੀਵਿਊਕਾਰ :ਬਲਜਿੰਦਰ ਮਾਨ**
**98150-18947**
**ਲੇਖਕ: ਵਿਜੈ ਬੰਬੇਲੀ**
**ਪ੍ਰਕਾਸ਼ਕ:**
**ਅਲਖ ਪ੍ਰਕਾਸ਼ਨ ਮੱਲੀਆਂ ਖੁਰਦ ਜਲੰਧਰ,**
**ਪੰਨੇ: 150,ਮੁੱਲ :200 /-**

ਪਿੰਡ ਬੰਬੇਲੀ ਜ਼ਿਲਾ ਹੁਸ਼ਿਆਰਪੁਰ ਦੇ ਖੋਜੀ ਲੇਖਕ ਅਤੇ ਚਿੰਤਕ ਵਿਜੈ ਬੰਬੇਲੀ ਨੇ ਇੱਕ ਦਰਜਨ ਤੋਂ ਵੱਧ ਪੁਸਤਕਾਂ ਦੀ ਸਿਰਜਣਾ ਕਰਕੇ ਪੰਜਾਬੀਆਂ ਅੱਗੇ ਇਤਿਹਾਸ ਦੇ ਵਰਕੇ ਫਰੋਲੇ ਹਨ। ਇਹ ਸਾਰੀਆਂ ਪੁਸਤਕਾਂ ਇਤਿਹਾਸਕ ਦਸਤਾਵੇਜ਼ ਹਨ ਜੋ ਅਣਛੋਹੇ ਪੰਨਿਆਂ ਨੂੰ ਫਰੋਲਦੀਆਂ ਹਨ। ਉਹਨਾਂ ਦੀਆਂ ਕੁਝ ਪੁਸਤਕਾਂ ਨੂੰ ਵਕਾਰੀ ਸੰਸਥਾਵਾਂ ਵੱਲੋਂ ਸਨਮਾਨ ਵੀ ਦਿਤਾ ਜਾ ਚੁੱਕਾ ਹੈ।ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 'ਕੰਢੀ ਇਲਾਕੇ ਦੇ ਪਿੰਡਾਂ ਦਾ ਇਤਿਹਾਸ' ਨੂੰ ਪੁਸਤਕ ਰੂਪ ਦੇ ਕੇ ਉਹਨਾਂ ਦੀ ਘਾਲਣਾ ਦਾ ਮੁੱਲ ਪਾਇਆ ਗਿਆ ਹੈ। ਹੱਥਲੀ ਪੁਸਤਕ 'ਤਵਾਰੀਖ ਪੰਡੋਰੀ ਗੰਗਾ ਸਿੰਘ' ਬਾਬੂ ਅਮਰਜੀਤ ਦੀ ਸਖਤ ਮਿਹਨਤ ਅਤੇ ਯਤਨਾਂ ਸਦਕਾ ਪ੍ਰਕਾਸ਼ਮਾਨ ਹੋਈ ਹੈ। ਲੇਖਕ ਨੂੰ ਪਤਾ ਹੈ ਕਿ ਇਤਿਹਾਸਕ ਦਸਤਾਵੇਜ ਨਵੀਂ ਪਨੀਰੀ ਅੱਗੇ ਕਿਵੇਂ ਪੇਸ਼ ਕਰਨੇ ਹਨ। ਉਹ ਆਪਣੀਆਂ ਕਲਾਤਮਕ ਛੋਹਾਂ ਨਾਲ ਰੁੱਖੇ ਵਿਸ਼ਿਆਂ ਨੂੰ ਵੀ ਰੌਚਕ ਬਣਾ ਕੇ ਪੇਸ਼ ਕਰਦੇ ਹਨ। 150 ਪੰਨਿਆਂ ਤੇ ਪਸਰੀ ਇਸ ਪੁਸਤਕ ਦਾ ਜਦੋਂ ਪਾਠ ਕਰਦੇ ਹਾਂ ਤਾਂ ਸਾਡੇ ਅੱਗੇ ਇਤਿਹਾਸ ਦੀਆਂ ਘਟਨਾਵਾਂ ਫਿਲਮ ਦੀ ਸਕਰੀਨ ਵਾਂਗ ਚਲਦੀਆਂ ਪ੍ਰਤੀਤ ਹੁੰਦੀਆਂ ਹਨ। ਪਾਠਕ ਕਿਤੇ ਵੀ ਅਟਕਦਾ ਨਹੀਂ ਸਗੋਂ ਅੱਗੇ ਤੋਂ ਅਗੇਰੇ ਪੜ੍ਹਦਾ ਤੁਰਿਆ ਜਾਂਦਾ ਹੈ। ਪੁਸਤਕ ਦੇ ਅਖੀਰ ਵਿੱਚ 16 ਪੰਨਿਆਂ ਤੇ ਛਪੀਆਂ ਰੰਗਦਾਰ ਤਸਵੀਰਾਂ ਇਸ ਪੁਸਤਕ ਦੇ ਮੁੱਲ ਵਿੱਚ ਚੋਖਾ ਵਾਧਾ ਕਰ ਦਿੰਦੀਆਂ ਹਨ। ਪਿੰਡ ਨਾਲ ਜੁੜਿਆ ਇਤਿਹਾਸ ਮਿਥਿਹਾਸ ਬੜੀ ਗਹਿਰੀ ਦ੍ਰਿਸ਼ਟੀ ਨਾਲ ਪੇਸ਼ ਕੀਤਾ ਗਿਆ ਹੈ। ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੰਡੋਰੀ ਨਾਮ ਦੇ 21 ਪਿੰਡ ਰਸਦੇ ਵਸਦੇ ਹਨ। ਇਸ ਤੋਂ ਇਲਾਵਾ ਜ਼ਿਲਾ ਅੰਮ੍ਰਿਤਸਰ, ਕਪੂਰਥਲਾ, ਗੁਰਦਾਸਪੁਰ, ਜਲੰਧਰ, ਤਰਨਤਾਰਨ, ਫਿਰੋਜ਼ਪੁਰ, ਬਰਨਾਲਾ, ਮੋਗਾ ਅਤੇ ਲੁਧਿਆਣਾ ਵਿੱਚ ਵੀ ਪੰਡੋਰੀ ਨਾਮੀ ਪਿੰਡ ਸਥਿਤ ਹਨ। ਇਹ ਖੋਜ ਭਰਪੂਰ ਪੁਸਤਕ ਸਾਨੂੰ ਸਿਰਫ ਪੰਡੋਰੀ ਗੰਗਾ ਸਿੰਘ ਬਾਰੇ ਜਾਣਕਾਰੀ ਪ੍ਰਦਾਨ ਨਹੀਂ ਕਰਦੀ ਸਗੋਂ ਸਮੁੱਚੀ ਬੱਬਰ ਅਕਾਲੀ ਲਹਿਰ ਅਤੇ ਆਜ਼ਾਦੀ ਲਹਿਰ ਬਾਰੇ ਵੀ ਭਰਪੂਰ ਜਾਣਕਾਰੀ ਪ੍ਰਧਾਨ ਕਰਦੀ ਹੈ। ਲੇਖਕ ਦਾ ਇਸ ਖੇਤਰ ਵਿੱਚ ਪਹਿਲਾਂ ਕੀਤਾ ਕਾਰਜ ਇਸ ਪੁਸਤਕ ਵਿੱਚ ਸਹਾਇਕ ਸਿੱਧ ਹੁੰਦਾ ਹੈ। ਪਿੰਡ ਦੇ ਸੱਭਿਆਚਾਰ, ਲੰਬਰਦਾਰੀਆਂ, ਸਰਪੰਚੀਆਂ, ਅੱਲ, ਗੋਤ, ਜਾਤਾਂ, ਧਰਮ, ਆਰਥਿਕਤਾ, ਸਿੱਖਿਆ, ਧਾਰਮਿਕ ਸਥਾਨ, ਖੂਹ, ਪੁਰਾਣੀਆਂ ਇਮਾਰਤਾਂ ਅਤੇ ਕਿੱਤੇ ਆਦਿ ਵਿਸ਼ਿਆਂ ਨੂੰ ਬਾਖੂਬੀ ਨਿਖਾਰਿਆ ਤੇ ਵਿਚਾਰਿਆ ਗਿਆ ਹੈ। ਲੇਖਕ ਅਨੁਸਾਰ ਜੱਟਾਂ ਤੇ ਸੈਣੀਆਂ ਦੁਆਰਾ ਇਸ ਪਿੰਡ ਨੂੰ ਮੁੜ ਵਸਾਇਆ ਗਿਆ ਜਿਸ ਦੀਆਂ ਹੱਦਾਂ ਹੁਸ਼ਿਆਰਪੁਰ, ਜਲੰਧਰ, ਕਪੂਰਥਲਾ ਜ਼ਿਲਿਆ ਨਾਲ ਲੱਗਦੀਆਂ ਹੋਣ ਕਰਕੇ ਤੋਖਾ ਕਿਹਾ ਜਾਂਦਾ ਹੈ। 22 ਸਾਲ ਦੀ ਉਮਰ ਵਿੱਚ ਮਹਿੰਦਰ ਸਿੰਘ ਸੈਣੀ ਨੇ ਬਬੇਲੀ ਸਾਕੇ ਵਿੱਚ ਸ਼ਹੀਦੀ ਪਾ ਕੇ ਪਿੰਡ ਦੇ ਨਾਮ ਨੂੰ ਮਸ਼ਹੂਰ ਕੀਤਾ। ਇੱਥੇ ਹੀ ਬੱਸ ਨਹੀਂ ਕਈ ਹੋਰ ਸੂਰਬੀਰ ਯੋਧੇ ਉਸ ਦੇ ਪਦ ਚਿੰਨਾਂ ਤੇ ਚਲਦੇ ਹੋਏ ਵੱਖ ਵੱਖ ਲਹਿਰਾਂ ਵਿੱਚ ਦੇਸ਼ ਦੀ ਆਜ਼ਾਦੀ ਅਤੇ ਤਰੱਕੀ ਵਾਸਤੇ ਯੋਗਦਾਨ ਪਾਉਂਦੇ ਰਹੇ। ਬਾਈ ਪਾਠਾਂ ਵਿੱਚ ਵੰਡੀ ਇਹ ਪੁਸਤਕ ਪਿੰਡ ਦੇ ਵਿਕਾਸ ਅਤੇ ਇੱਥੇ ਵਸਦੇ ਲੋਕਾਂ ਦੀ ਪਹੁੰਚ ਅਤੇ ਓਹਨਾਂ ਦੇ ਜਾਤ ਗੋਤ ਦੇ ਇਤਿਹਾਸ ਨੂੰ ਵੀ ਪੇਸ਼ ਕਰਦੀ ਹੈ। ਬੱਬਰਾਂ ਅਤੇ ਗਦਰੀਆਂ ਦਾ ਖਾਸ ਤੌਰ ਤੇ ਜ਼ਿਕਰ ਕੀਤਾ ਗਿਆ ਹੈ। ਪੰਡੋਰੀ ਗੰਗਾ ਸਿੰਘ ਨਾਲ ਜੁੜਦੀਆਂ ਇਤਿਹਾਸਕ ਘਟਨਾਵਾਂ ਨੂੰ ਪੇਸ਼ ਕਰਕੇ ਇਸ ਪੁਸਤਕ ਨੂੰ ਹਵਾਲਾ ਪੁਸਤਕ ਬਣਾ ਦਿੱਤਾ ਹੈ। ਪੰਡੋਰੀ ਤੋਂ ਭਾਵ ਛੋਟੀ ਪੰਡ ਕਿਹਾ ਗਿਆ ਹੈ ਜੋ ਥੋੜੇ ਜਿਹੇ ਮਾਲ ਡੰਗਰ ਨਾਲ ਪਿੰਡ ਨੂੰ ਸਥਾਪਿਤ ਕਰਦਾ ਹੈ ਉਸ ਨੂੰ ਪੰਡੋਰੀ ਕਿਹਾ ਜਾਂਦਾ ਹੈ। ਜਿਸ ਵਿਅਕਤੀ ਦੁਆਰਾ ਇਹ ਪਿੰਡ ਵਸਾਇਆ ਜਾਂਦਾ ਹੈ ਉਹ ਉਸ ਦੇ ਨਾਂ ਨਾਲ ਮਸ਼ਹੂਰ ਹੋ ਜਾਂਦਾ ਹੈ। ਉਘੇ ਸ਼ਾਇਰ ਅਤੇ ਸਮਾਜ ਸੇਵਕ ਹਰਭਜਨ ਸਿੰਘ ਚੇੜਾ ਦਾ ਜ਼ਿਕਰ ਖਾਸ ਤੌਰ ਤੇ ਕਰਨਾ ਬਣਦਾ ਹੈ ਜਿਨਾਂ ਪੰਡੋਰੀ ਗੰਗਾ ਸਿੰਘ ਤੇ ਕੰਗਰੌੜ ਦੀ ਬੇਈਂ ਤੇ ਪੁਲ ਬਣਵਾ ਕੇ ਲੋਕਾਂ ਨੂੰ ਸਹੂਲਤ ਪ੍ਰਦਾਨ ਕੀਤੀ। ਦੇਸ਼ ਵਿਦੇਸ਼ ਵਿੱਚ ਵੱਸਦੇ ਇੱਥੋਂ ਦੇ ਲੋਕ ਮਿਹਨਤੀ, ਧਰਮੀ, ਨਿਸ਼ਕਾਮ ਸੇਵਕ ਅਤੇ ਦੇਸ਼ ਪ੍ਰੇਮੀ ਹਨ। ਲੇਖਕ ਅਨੁਸਾਰ ਇਸ ਪੁਸਤਕ ਦੀ ਸਿਰਜਣਾ ਕਰਵਾਉਣ ਵਿੱਚ ਸਭ ਤੋਂ ਮਹੱਤਵਪੂਰਨ ਯੋਗਦਾਨ ਬਾਬੂ ਅਮਰਜੀਤ ਸਿੰਘ ਦੁਆਰਾ ਪਾਇਆ ਗਿਆ ਹੈ। ਇਤਿਹਾਸਕ ਨਜ਼ਰੀਏ ਤੋਂ ਇਹ ਪੁਸਤਕ ਤਵਾਰੀਖੀ ਪੁਸਤਕਾਂ ਵਿੱਚ ਵਿਸ਼ੇਸ਼ ਅਸਥਾਨ ਰੱਖਦੀ ਹੈ। ਲੇਖਕ ਨੇ ਤੱਥਾਂ ਨੂੰ ਇਤਿਹਾਸਕ ਕਸਵੱਟੀ ਤੇ ਪਰਖਣ ਉਪਰੰਤ ਪੇਸ਼ ਕੀਤਾ ਹੈ ਤਾਂ ਕਿ ਕਿਸੇ ਨੂੰ ਕੋਈ ਭੁਲੇਖਾ ਨਾ ਰਹੇ। ਪਿੰਡ ਬਾਰੇ ਰਹਿ ਗਏ ਪਹਿਲੂਆਂ ਅਤੇ ਵਿਚਾਰਾਂ ਨੂੰ ਅਗਲੇ ਐਡੀਸ਼ਨ ਵਿਚ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ।



# ਬਾਬਾ ਸਾਹਿਬ ਡਾ. ਅੰਬੇਡਕਰ ਦੀ ਆਜ਼ਾਦੀ ਉਪਰੰਤ ਪੰਜਾਬ ਦੀ ਪਲੇਠੀ ਫੇਰੀ (27 ਅਕਤੂਬਰ 1951) ਨੂੰ ਯਾਦ ਕਰਦਿਆਂ ਪ੍ਰੀਤਮ ਰਾਮਦਾਸਪੁਰੀ ਜੀ ਦੀਆਂ ਕੁਝ ਰਚਨਾਵਾਂ ਅਤੇ ਲੇਖ

ਇਕ ਕਹਾਵਤ ਹੈ ਕਿ ''ਜਿੱਥੇ ਨਾ ਪਹੁੰਚੇ ਰਵੀ, ਉਥੇ ਪਹੁੰਚੇ ਕਵੀ।'' ਕਵੀ ਬਾਬਤ ਇਹ ਵੀ ਕਿਹਾ ਜਾਂਦਾ ਹੈ ਕਿ ''ਕਵੀ ਦਾ ਜੀਵਨ ਉਪਕਾਰ ਦਾ ਜੀਵਨ ਹੈ, ਉਹ ਢਿੱਠੇ ਹੋਏ ਉਤਸ਼ਾਹ ਨੂੰ ਮੁੜ ਉਸਾਰਦਾ ਹੈ। ਰੋਂਦੀਆਂ ਅੱਖਾਂ ਦੇ ਹੰਝੂ ਪੂੰਝਦਾ ਹੈ ਅਤੇ ਨਿਰਾਸ਼ਾਵਾਦੀਆਂ ਅੱਗੇ ਆਸ਼ਾ ਦਾ ਵਿਸ਼ਾਲ ਦੀਪਕ ਰੌਸ਼ਨ ਕਰਦਾ ਹੈ।'' ਸ੍ਰੀ ਪ੍ਰੀਤਮ ਰਾਮਦਾਸਪੁਰੀ ਇਸ ਕਸਵੱਟੀ ਉਪਰ ਪੂਰਾ ਉਤਰਦੇ ਹਨ।

ਉਸਦੀ ਹਰ ਕਵਿਤਾ ਕੋਈ ਨਾ ਕੋਈ ਸੁਨੇਹਾ ਜ਼ਰੂਰ ਦਿੰਦੀ ਹੈ। ਉਹ ਭਾਰਤ ਦੇ ਦਲਿਤ ਨੂੰ, ਜੋ ਮਜ਼ਦੂਰ ਵਰਗ ਦਾ ਵੱਡਾ ਹਿੱਸਾ ਹੈ, ਆਪਣੀ ਤਰਸਯੋਗ ਹਾਲਤ ਬਾਰੇ ਸੋਚਣ ਅਤੇ ਵਿਸ਼ਲੇਸ਼ਣ ਕਰਨ ਲਈ ਪ੍ਰੇਰਿਤ ਕਰਦਾ ਹੈ। ਕਵੀ ਦਾ ਵਿਚਾਰ ਹੈ ਕਿ ਉਸਨੂੰ ਆਪਣੀ ਹਾਲਤ ਖੁਦ ਬਦਲਣੀ ਪਵੇਗੀ, ਕੋਈ ਦੂਸਰਾ, ਇੱਥੋਂ ਤੱਕ ਕਿ ਰੱਬ ਵੀ, ਜ਼ੁਲਮ-ਜਬਰ, ਅਨਿਆਂ ਅਤੇ ਸ਼ੋਸ਼ਣ ਤੋਂ ਨਹੀਂ ਬਚਾ ਸਕਦਾ। ਜੇਕਰ ਦੇਸ਼ ਦੇ ਦੱਬੇ-ਕੁਚਲੇ ਲੋਕਾਂ ਨੇ ਸਵੈਮਾਨ ਦਾ ਜੀਵਨ ਜਿਊਣਾ ਹੈ ਤਾਂ ਉਹਨਾਂ ਨੂੰ ਪੜ੍ਹ ਲਿਖ ਕੇ, ਇਕੱਠੇ ਹੋ ਕੇ, ਸੰਘਰਸ਼ ਕਰਨਾ ਪੈਣਾ ਹੈ। ਸ੍ਰੀ ਪ੍ਰੀਤਮ ਰਾਮਦਾਸਪੁਰੀ ਦਾ ਵਿਚਾਰ ਹੈ ਕਿ ਦਲਿਤ ਅਤੇ ਮਜ਼ਦੂਰ, ਉਸ ਬੇੜੀ 'ਚ ਸਵਾਰ ਹਨ, ਜਿਹੜੀ ਮੰਝਧਾਰ 'ਚ ਫਸੀ ਹੋਈ, ਹਿਚਕੋਲੇ ਖਾ ਰਹੀ ਹੈ ਅਤੇ ਉਸਦੇ ਚੱਪੂ (ਭਾਵ ਹਥਿਆਰ) ਟੁੱਟ ਚੁੱਕੇ ਹਨ। ਇਸ ਸਥਿਤੀ 'ਚ ਕਵੀ ਉਨ੍ਹਾਂ ਦਾ ਮਾਰਗ ਦਰਸ਼ਨ ਕਰਦੇ ਹੋਏ ਕਹਿੰਦਾ ਹੈ ਕਿ ਹਿੰਮਤ ਹਾਰਨ ਦੀ ਲੋੜ ਨਹੀਂ, ਬਾਹੂਬਲ ਨਾਲ ਹੀ ਪਾਰ ਉਤਾਰਾ ਹੋ ਸਕਦਾ ਹੈ। ਕਵੀ ਉਸਨੂੰ ਢਾਰਸ ਦਿੰਦੇ ਹੋਏ ਕਹਿੰਦਾ ਹੈ ਕਿ ਤੂਫਾਨੀ ਰਾਤ ਖਤਮ ਹੋਣ ਵਾਲੀ ਹੈ, ਕਿਨਾਰਾ ਆਉਣ ਹੀ ਵਾਲਾ ਹੈ। ਔਹ ਦੇਖ! ਉਸਦਾ ਧੁੰਦਲਾ ਜਿਹਾ ਅਕਸ ਦਿਖਾਈ ਦੇ ਰਿਹਾ ਹੈ। ਬੱਸ ਹਿੰਮਤ ਨਾ ਹਾਰ, ਆਖਰੀ ਹੰਭਲਾ ਮਾਰ ਤੇ ਕਿਨਾਰੇ 'ਤੇ ਪੁੱਜ ਜਾ। ਸ੍ਰੀ ਪ੍ਰੀਤਮ ਰਾਮਦਾਸਪੁਰੀ ਮਜ਼ਦੂਰ ਨੂੰ ਲੁੱਟ ਦੀ ਕਾਲੀ ਬੋਲੀ ਰਾਤ ਵਿਚੋਂ ਬਾਹਰ ਨਿਕਲ ਕੇ ਇਕ ਨਵੀਂ ਸਵੇਰ, ਇਕ ਨਵਾਂ ਜਹਾਨ ਪੈਦਾ ਕਰਨ ਲਈ ਪ੍ਰੇਰਿਤ ਕਰਦਾ ਹੈ, ਜਿਸ ਦਾ ਰਾਹ ਸਿਰਫ ਇਨ-ਕਲਾਬ ਹੈ, ਤਰਲੇ ਮਿੰਨਤਾਂ ਨਹੀਂ ਕਿਉਂਕਿ ਉਸ ਦਾ ਵਿਚਾਰ ਹੈ ਹੱਕ ਮੰਗਿਆਂ ਨਹੀਂ ਮਿਲਦੇ ਬਲਕਿ ਉਸ ਲਈ ਸੰਘਰਸ਼ ਕਰਨਾ ਪੈਂਦਾ ਹੈ। ਜਿਸ ਲਈ ਉਹ ਨੌਜਵਾਨ ਵਰਗ ਨੂੰ ਹੱਲਾਸ਼ੇਰੀ ਦਿੰਦਾ ਹੈ। ਕਵੀ ਉਸ ਜਵਾਨੀ ਨੂੰ ਬੇਕਾਰ ਸਮਝਦਾ ਹੈ ਜਿਸ ਦਾ ਖੂਨ ਨਾੜਾਂ 'ਚ ਜੰਮ ਗਿਆ ਹੈ। ਉਹ ਆਪਣੀ ਕਵਿਤਾ ਰਾਹੀਂ ਉਸ ਖੂਨ ਨੂੰ ਗਰਮਾ ਕੇ ਉਸ 'ਚ ਜੋਸ਼, ਹਰਕਤ, ਉਮੰਗ ਅਤੇ ਮੰਜ਼ਿਲ ਉਪਰ ਪਹੁੰਚਣ ਦਾ ਸੰਕਲਪ ਪੈਦਾ ਕਰਨ ਦਾ ਉਪਰਾਲਾ ਕਰਦਾ ਹੈ। ਇਸ ਤਰ੍ਹਾਂ ਕਵੀ ਪ੍ਰੀਤਮ ਰਾਮਦਾਸਪੁਰੀ ਆਸ਼ਾ ਦਾ ਪ੍ਰਤੀਕ ਦਿਖਾਈ ਦਿੰਦਾ ਹੈ।




ਸ੍ਰੀ ਪ੍ਰੀਤਮ ਰਾਮਦਾਸਪੁਰੀ ਦੇ ਜੀਵਨ ਉਪਰ ਡਾ. ਅੰਬੇਡਕਰ ਦੀ ਫਿਲਾਸਫੀ ਦਾ ਡੂੰਘਾ ਪ੍ਰਭਾਵ ਹੈ। ਕਵਿਤਾ ਉਹ ਭਾਵੇਂ ਡਾ. ਅੰਬੇਡਕਰ ਬਾਰੇ ਲਿਖ ਰਿਹਾ ਹੋਵੇ ਜਾਂ ਬੁੱਧ ਅਤੇ ਗੁਰੂ ਰਵਿਦਾਸ ਬਾਰੇ, ਉਸ ਦੀ ਵਿਚਾਰਧਾਰਾ ਮਾਨਵਤਾਵਾਦੀ ਹੀ ਰਹਿੰਦੀ ਹੈ, ਕਿਉਂਕਿ ਉਸਦਾ ਖਿਆਲ ਹੈ ਕਿ ਤਿੰਨੋਂ ਮਹਾਂ-ਪੁਰਸ਼ਾਂ ਦਾ ਟੀਚਾ ਇਕੋ ਸੀ। ਉਹ ਸਮਾਜ ਵਿਚੋਂ ਜਾਤ-ਪਾਤ, ਛੂਆ-ਛਾਤ, ਨਾ-ਬਰਾਬਰੀ ਨੂੰ ਖਤਮ ਕਰਕੇ ਮਨੁੱਖੀ ਅਧਿਕਾਰਾਂ ਨੂੰ ਬਹਾਲ ਕਰਨਾ ਚਾਹੁੰਦੇ ਸਨ। ਆਜ਼ਾਦੀ, ਬਰਾਬਰੀ, ਭਾਈ-ਚਾਰਾ, ਨਿਆਂ, ਸਦਾਚਾਰ, ਵਿੱਦਿਆ, ਏਕਤਾ ਅਤੇ ਸੰਘਰਸ਼ ਉਸਦੀ ਕਵਿਤਾ ਦੇ ਮੂਲ ਮੁੱਦੇ ਹਨ। ਕਵੀ ਨੇ ਜਿੱਥੇ ਆਪਣੀ ਕਵਿਤਾ 'ਚ ਗਰੀਬੀ, ਭੁੱਖਮਰੀ, ਬੇਕਾਰੀ, ਅੰਧ ਵਿਸ਼ਵਾਸ, ਅਨਪੜ੍ਹਤ, ਝੂਠੇ ਰਸਮੋ-ਰਿਵਾਜ਼ ਅਤੇ ਜਾਦੂ-ਟੂਣੇ ਵਰਗੇ ਵਿਸ਼ਿਆਂ ਨੂੰ ਲਿਆ ਹੈ, ਉਥੇ ਉਸਨੇ ਸਮਾਜ ਦਾ ਲਹੂ ਪੀਣੀਆਂ ਜੋਕਾਂ- ਸਾਧਾਂ, ਸੰਤਾਂ, ਪੰਡੇ-ਪੁਜਾਰੀਆਂ ਨੂੰ ਲੰਬੇ ਹੱਥੀਂ ਲਿਆ ਹੈ ਅਤੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਇਨ੍ਹਾਂ ਦੇ ਚੁੰਗਲ 'ਚ ਨਾ ਫਸਣ। ਜੇਕਰ ਇਕ ਵਾਰ ਇਹ ਜੋਕਾਂ ਚੁੰਬੜ ਗਈਆਂ ਤਾਂ ਫਿਰ ਇਨ੍ਹਾਂ ਨੇ ਲਹਿਣਾ ਨਹੀਂ। ਸ੍ਰੀ ਪ੍ਰੀਤਮ ਰਾਮਦਾਸਪੁਰੀ ਸਮਾਜ ਦੇ ਨਵ-ਨਿਰਮਾਣ 'ਚ ਯਕੀਨ ਰੱਖਦਾ ਹੈ। ਉਹ ਇਕ ਅਜਿਹਾ ਸਮਾਜ ਚਾਹੁੰਦਾ ਹੈ, ਜਿੱਥੇ ਇਨਸਾਨੀਅਤ ਦੀ ਕਦਰੋ-ਕੀਮਤ ਹੋਵੇ।

ਕਵੀ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਭਾਰਤ ਦਾ ਸ਼ੋਸ਼ਿਤ ਸਮਾਜ ਡਾ. ਅੰਬੇਡਕਰ ਦੇ ਮਾਰਗ ਉਪਰ ਚੱਲ ਕੇ ਹੀ ਆਪਣਾ ਕਲਿਆਣ ਕਰ ਸਕਦਾ ਹੈ ਕਿਉਂਕਿ ਕਵੀ ਦੀਆਂ ਨਜ਼ਰਾਂ 'ਚ ਡਾ. ਅੰਬੇਡਕਰ ਹੀ ਇਕ ਐਸੀ ਸ਼ਖਸੀਅਤ ਹੈ, ਜਿਸ ਨੇ ਨਾ ਸਿਰਫ ਭਾਰਤੀ ਦਲਿਤ-ਮਜ਼ਦੂਰ ਵਰਗ ਦੀ ਸਮੱਸਿਆ ਦਾ ਸਹੀ ਵਿਸ਼ਲੇਸ਼ਣ ਕੀਤਾ ਹੈ ਬਲਕਿ ਉਸ ਨੂੰ ਦੱਸਿਆ ਹੈ ਕਿ ''ਪੂੰਜੀਵਾਦ ਅਤੇ ਬ੍ਰਾਹਮਣਵਾਦ'' ਹੀ ਉਸਦੇ ਦੋ ਵੱਡੇ ਦੁਸ਼ਮਣ ਹਨ, ਜੋ ਉਸਦਾ ਆਰਥਿਕ ਅਤੇ ਮਾਨਸਿਕ ਸ਼ੋਸ਼ਣ ਕਰਦੇ ਹਨ। ਇਸ ਲਈ ਸ੍ਰੀ ਪ੍ਰੀਤਮ ਰਾਮਦਾਸਪੁਰੀ ਨੇ ਲੋਕਾਂ ਨੂੰ ਕਿਹਾ ਹੈ ਕਿ ਭੀਮ ਦੇ ਮਿਸ਼ਨ ਨੂੰ ਅਪਣਾ ਕੇ ਹੀ ਉਹ ਮੁਕਤੀ ਪ੍ਰਾਪਤ ਕਰ ਸਕਦੇ ਹਨ।

ਕਵੀ ਦਾ ਵਿਚਾਰ ਹੈ ਕਿ ਮਨੁੱਖ ਨੂੰ ਸਮਾਜ ਦੀ ਭਲਾਈ ਲਈ ਕੁਝ ਨਾ ਕੁਝ ਜ਼ਰੂਰ ਕਰਨਾ ਚਾਹੀਦਾ ਹੈ, ਵਰਨਾ ਉਸਦੇ ਜੀਵਨ ਦਾ ਕੋਈ ਫਾਇਦਾ ਨਹੀਂ ਹੈ। ਉਸ ਨਾਲੋਂ ਤਾਂ ਉਹ, ਉਸ ਪੱਥਰ ਨੂੰ ਹੀ ਚੰਗਾ ਸਮਝਦਾ ਹੈ ਜੋ ਕਿਸੇ ਨੀਂਹ ਦਾ ਆਧਾਰ ਬਣਦਾ ਹੈ। ਕਵੀ ਦਾ ਇਹ ਵੀ ਵਿਚਾਰ ਹੈ ਕਿ ਜੀਵਨ ਜਿਊਣ ਦਾ ਇਕ ਪੱਧਰ ਹੋਣਾ ਚਾਹੀਦਾ ਹੈ, ਕਾਵਾਂ ਤੇ ਕੁੱਤਿਆਂ ਵਰਗਾ ਬੇਅਣਖਾ ਜੀਵਨ ਕਿਸੇ ਕੰਮ ਦਾ ਨਹੀਂ। ਕਵੀ ਦਾ ਵਿਚਾਰ ਹੈ ਕਿ ਮਨੁੱਖ ਜੇਕਰ ਠਾਣ ਲਵੇ ਤਾਂ ਉਹ ਅਸੰਭਵ ਨੂੰ ਸੰਭਵ ਬਣਾ ਸਕਦਾ ਹੈ ਬਸ਼ਰਤੇ ਉਹ ਹਿੰਮਤ ਤੇ ਲਗਨ ਦਾ ਪੱਲਾ ਨਾ ਛੱਡੇ ਅਤੇ ਆਪਣੀ ਤਾਕਤ ਤੇ ਮਹੱਤਵ ਨੂੰ ਪਹਿਚਾਣ ਲਵੇ।

ਸ੍ਰੀ ਪ੍ਰੀਤਮ ਰਾਮਦਾਸਪੁਰੀ ਦੀ ਕਵਿਤਾ 'ਚ ਰਵਾਨੀ ਹੈ, ਖੜੋਤ ਨਹੀਂ। ਉਹ ਸੰਘਰਸ਼ ਦੀ ਰਾਹ ਉਪਰ ਚਲਦੇ ਹੋਏ ਰਾਹੀ ਨੂੰ ਅਗਾਹਾਂ ਹੀ ਅਗਾਂਹਾਂ ਵਧਣ ਲਈ ਪ੍ਰੇਰਿਤ ਕਰਦੀ ਹੈ। ਕਵੀ ਤਾਂ ਇੱਥੋਂ ਤੱਕ ਕਹਿੰਦਾ ਹੈ ਕਿ ਜੇਕਰ ਤੁਸੀਂ ਦੌੜ ਨਾ ਸਕੋ ਤਾਂ ਰੀਂਘਦੇ ਹੀ ਰਹੋ, ਪਰ ਰੁਕੋ ਨਾ। ਭਾਵੇਂ ਕੱਛੂ ਦੀ ਚਾਲ ਹੀ ਚੱਲੋ ਪਰ ਚੱਲੋ ਜ਼ਰੂਰ।

ਕਵੀ ਦੀ ਮੰਜ਼ਿਲ-ਸੰਘਰਸ਼ ਅਤੇ ਇਨਕਲਾਬ ਹੈ। ਜਿਸ ਲਈ ਉਸ ਨੂੰ ਅਜਿਹੇ ਬਹਾਦਰਾਂ ਦੀ ਲੋੜ ਹੈ ਜੋ ਪਹਾੜਾਂ ਨਾਲ ਮੱਥਾ ਲਾ ਸਕਣ, ਦਰਿਆਵਾਂ ਦੇ ਵਹਿਣ ਮੋੜ ਸਕਣ, ਤੂਫਾਨਾਂ ਦੀ ਆਕੜ ਭੰਨ ਸਕਣ। ਜਿਨ੍ਹਾਂ ਦਾ ਹੌਸਲਾ ਏਨਾ ਬੁਲੰਦ ਹੋਵੇ ਕਿ ਸੂਰਜ, ਧਰਤੀ, ਹਵਾ, ਅੱਗ, ਪਾਣੀ, ਘਟਾ, ਬਿਜਲੀ, ਬਾਰਿਸ਼ ਵੀ ਉਨ੍ਹਾਂ ਨੂੰ ਰੋਕ ਨਾ ਸਕੇ।

ਸੰਖੇਪ 'ਚ ਕਿਹਾ ਜਾਵੇ ਤਾਂ ਸ੍ਰੀ ਪ੍ਰੀਤਮ ਰਾਮਦਾ-ਸਪੁਰੀ ਮੂਲ ਰੂਪ 'ਚ ਅੰਬੇਡਕਰਵਾਦੀ ਕਵੀ ਹੈ। ਉਸਦਾ ਉਦੇਸ਼ ਭਾਰਤ ਦੇ ਦਲਿਤਾਂ, ਮਜ਼ਦੂਰਾਂ, ਮਿੱਧੇ-ਠੁਕਰਾਏ ਲੋਕਾਂ ਨੂੰ ਉਹਨਾਂ ਦੀ ਹਾਲਤ ਤੋਂ ਜਾਣੂ ਕਰਵਾ ਕੇ, ਉਸ ਸਦੀਵੀ ਗੁਲਾਮੀ ਦਾ ਖੁਰਾਖੋਜ ਮਿਟਾਉਣਾ ਹੈ, ਜਿਹੜੀ ਧਨਾਢ ਨੇ ਉਸਦੀ ਅਗਿਆਨਤਾ ਅਤੇ ਸ਼ੋਸ਼ਣ ਸਦਕੇ ਅੱਜ ਤੱਕ ਬਰਕਰਾਰ ਰੱਖੀ ਹੋਈ ਹੈ। ਉਸ ਦਾ ਕਹਿਣਾ ਹੈ ਕਿ ਬਹੁਤ ਹੋ ਗਿਆ ਧਨਾਢਸ਼ਾਹੀ ਰਾਜ, ਹੁਣ ਸੱਤਾ ਉਨ੍ਹਾਂ ਹੱਥਾਂ 'ਚ ਆਉਣੀ ਚਾਹੀਦੀ ਹੈ, ਜਿਨ੍ਹਾਂ ਹੱਥਾਂ 'ਚ ਸਦਾ ਦੁਰਮਟ, ਕਹੀਆਂ, ਦਾਤੀਆਂ ਅਤੇ ਰੰਬੇ ਰਹੇ ਹਨ। ਕਵੀ ਉਨ੍ਹਾਂ ਹੱਥਾਂ 'ਚ ਬਗਾਵਤ ਦਾ ਝੰਡਾ ਦੇਖਣਾ ਚਾਹੁੰਦਾ ਹੈ। ਉਹ ਸੋਸ਼ਿਤ ਲੋਕਾਂ ਨੂੰ ਡਾ. ਅੰਬੇਡਕਰ ਦਾ ਦਿੱਤਾ ਮੂਲ-ਮੰਤਰ ''ਪੜ੍ਹੋ ਲਿਖੋ, ਇਕੱਠੇ ਹੋਵੋ ਅਤੇ ਸੰਘਰਸ਼ ਕਰੋ'' ਦਿੰਦਾ ਹੈ।

ਹੁਣ ਸ੍ਰੀ ਪ੍ਰੀਤਮ ਰਾਮਦਾਸਪੁਰੀ ਦੀ ਕਾਵਿ-ਰਚਨਾ 'ਚੋਂ ਕੁਝ ਵੰਨਗੀਆਂ ਪਾਠਕਾਂ ਲਈ ਪੇਸ਼ ਕਰ ਰਿਹਾ ਹਾਂ:

### ਪ੍ਰੀਤ ਦੇ ਗੀਤ

ਸੱਚ ਦੇ ਬੋਲ ਨਾ ਇੱਥੇ ਬੋਲੀਂ, ਐਵੇ ਬਿਰਥਾ ਮੂੰਹ ਨਾ ਖੋਲ੍ਹੀ।
ਤੇਰੀ ਰਮਜ਼ ਨੂੰ ਕੌਣ ਪਛਾਣੂ, ਘੱਟੇ ਵਿਚ ਨਾ ਮੋਤੀ ਰੋਲੀਂ।
ਤੇਰੇ ਗੀਤ ਰਸੀਲੇ ਸੁਣ ਕੇ, ਪਿੰਜਰੇ ਦੇਣਗੇ ਪਾ।
'ਪ੍ਰੀਤਮ' ਪ੍ਰੀਤ ਦੇ ਗੀਤ ਨਾ ਗਾ।

### ਦਲਿਤ ਸ਼ਕਤੀ

ਇਕ ਦਿਨ ਪਿਘਲ ਜਾਣ ਸਲਾਖਾਂ, ਇਕ ਦਿਨ ਜਿੰਦਰੇ ਟੁੱਟਣਗੇ।
ਇਕ ਦਿਨ ਬੰਦੀਖਾਨਾ ਉਜੜੂ, ਇਕ ਦਿਨ ਕੈਦੀ ਛੁੱਟਣਗੇ।
ਢਹਿ-ਢੇਰ ਹੋਵਣਗੇ ਜਲ ਕੇ ਨਫਰਤ ਤੇ ਭਿੰਨ-ਭੇਖ ਦੇ ਮਹਿਲ।
ਅੱਗ ਦਾ ਬਣਕੇ ਤੁੰਦ ਭਬੂਕਾ, ਇਕ ਦਿਨ ਦਲਿਤ ਉੱਠਣਗੇ।

### ਰੋਟੀ ਦੀ ਜੰਗ

ਉੱਠੋ ਭੁੱਖਿਓ ਸ਼ੋਰ ਮਚਾਓ, ਤਾਜ ਨੂੰ ਰੋਂਦੇ ਤਖਤ ਗਿਰਾਓ।
ਜ਼ੁਲਮ ਦੀ ਹਰ ਤਲਵਾਰ ਨੂੰ ਤੋੜੋ, ਜਬਰ ਦੀ ਹਰ ਦੀਵਾਰ ਨੂੰ ਢਾਓ।
ਜੰਗ ਕਰੋ ਰੋਟੀ ਦੇ ਬਦਲੇ, ਇਕ ਸਿਰਫ ਰੋਟੀ ਦੇ ਬਦਲੇ।

### ਬਗਾਵਤ ਦਾ ਧਵੱਜ

ਜਿਨ੍ਹਾਂ ਹੱਥਾਂ 'ਚ ਦੁਰਮਟ ਹੈ, ਜਿਨ੍ਹਾਂ ਹੱਥਾਂ 'ਚ ਕਹੀਆਂ ਨੇ।
ਜਿਨ੍ਹਾਂ ਹੱਥਾਂ 'ਚ ਹੱਥਕੜੀਆਂ, ਬਿਨਾਂ ਦੋਸ਼ਾਂ ਦੇ ਪਈਆਂ ਨੇ।
ਉਨ੍ਹੀਂ ਹੱਥੀਂ ਬਗਾਵਤ ਦਾ, ਧਵੱਜ ਲਹਿਰਾ ਕੇ ਦੇਖਾਂਗੇ।

### ਭੀਮ ਦੀ ਔਲਾਦ ਹਾਂ

ਰਾਈ-ਦਾਣੇ ਨਾਲ ਪਰਬਤ ਨੂੰ ਉੜਾ ਸਕਦਾ ਹਾਂ ਮੈਂ।
ਸੈਂਕੜੇ ਜਵਾਲਾਮੁਖੀ ਝੋਲੀ 'ਚ ਪਾ ਸਕਦਾ ਹਾਂ ਮੈਂ।
ਮਾਰਦੇ ਲੱਫਾਂ ਸਮੁੰਦਰ ਚੀਂਘ ਲਾ ਕੇ ਪੀ ਲਵਾਂ।
ਬਿਫਰ ਦੇ ਤੂਫਾਨ ਮੁੱਠੀ ਵਿਚ ਦਬਾ ਸਕਦਾ ਹਾਂ ਮੈਂ।
ਜੋ ਅਸੰਭਵ ਨੂੰ ਕਰੇ ਸੰਭਵ ਮੈਂ ਉਹ ਫਰਿਹਾਦ ਹਾਂ।
ਬੰਸ਼ 'ਚੋਂ ਰਵਿਦਾਸ ਦੀ ਹਾਂ, ਭੀਮ ਦੀ ਔਲਾਦ ਹਾਂ।

### ਅੱਜ ਦਾ ਭਾਰਤ

'ਸੋਨੇ ਦੀ ਚਿੜੀਆ' ਪਹਿਲਾਂ, ਜੱਗ 'ਚ ਸੀ ਵੱਜਦਾ ਭਾਰਤ,
'ਇਕਬਾਲ' ਆ ਕੇ ਦੇਖੇ, ਐ ਕਾਸ਼! ਅੱਜ ਦਾ ਭਾਰਤ।
ਉੜ ਜਾਣ ਹੋਸ਼ ਉਸਦੇ, ਦੇਖੇ ਜੇ ਇਹ ਨਜ਼ਾਰਾ,
ਬਹਿ ਜਾਏ ਝੱਗ ਵਾਂਗੂ, ਸ਼ਰਧਾ ਦਾ ਜੋਸ਼ ਸਾਰਾ।
ਮੁੜ ਕੇ ਨਾ ਕਹਿ ਸਕੇ ਉਹ, 'ਪ੍ਰੀਤਮ' ਕਦੇ ਦੁਬਾਰਾ,
''ਸਾਰੇ ਜਹਾਂ ਸੇ ਅੱਛਾ, ਹਿੰਦੋਸਤਾਂ ਹਮਾਰਾ।''

### ਜਬਰੋ-ਜੇਰ




ਕਹੋ ਕੌਮੀ ਖੁਦਾਵਾਂ ਨੂੰ, ਨਾ ਉਮੀਦਾਂ ਦੇ ਫਲ ਝਾੜਨ
ਨਾ ਫੁੱਲਾਂ ਨਾਲ ਭਰੀਆਂ ਟਹਿਣੀਆਂ ਨੂੰ ਅੱਗ ਵਿਚ ਸਾੜਨ
ਵਫਾ ਦੇ ਸ਼ੀਸ਼ੇ ਨਾ ਤੋੜਨ, ਹੈਯਾ ਦੇ ਪਰਦੇ ਨਾ ਫਾੜਨ
ਨਹੀਂ ਤਾਂ ਜਬਰੋ-ਜੇਰ ਕਰ ਦਿਖਾ ਦੇਣਾ ਵੀ ਆਉਂਦਾ ਏ।

### ਆਪਣੀ ਕਿਸ਼ਤੀ ਦਾ ਘਵੱਈਆ

ਮੰਗਿਆਂ ਖੁੱਸੇ ਹੋਏ ਅਧਿਕਾਰ ਮਿਲ ਸਕਦੇ ਨਹੀਂ।
ਲਿਲਕਿਆਂ ਤਾਂ ਇਹ ਸਮਾਜੀ ਢੰਗ ਬਦਲ ਸਕਦੇ ਨਹੀਂ।
ਚੂਰ ਕਰਨੇ ਪੈਣਗੇ ਸੰਘਰਸ਼ ਦੇ ਹਥਿਆਰ ਨਾਲ।
ਤਰਲਿਆਂ ਦੇ ਨਾਲ ਏਹ ਪੱਥਰ ਪਿਘਲ ਸਕਦੇ ਨਹੀਂ।
ਹੁਣ ਸਮਾਜੀ ਡੂਮਣੇ 'ਚੋਂ ਸ਼ਹਿਦ ਚੋਣਾ ਆ ਗਿਆ।
ਆਪਣੀ ਕਿਸ਼ਤੀ ਦਾ ਖਵੱਈਆ ਆਪ ਹੋਣਾ ਆ ਗਿਆ।

### ਲੋੜੀਂਦੇ ਨੇ ਅੱਜ ਕੌਮ ਨੂੰ ਉਹ ਬਹਾਦਰ

ਉਹ ਜਾਂਬਾਜ ਸੂਰੇ ਉਹ ਜ਼ੱਰੀ ਦਿਲਾਵਰ,
ਉਹ ਬੇਮਿਸਾਲ ਯੋਧੇ ਨਿੱਡਰ ਸ਼ੇਰ ਬੱਬਰ,
ਉਹ ਕੌਲਾਂ ਦੇ ਪੂਰੇ ਉਹ ਅਮਲਾਂ ਦੇ ਖੂਗਰ,
ਜੋ ਕਰ ਦੇਣ ਜ਼ਿੰਦ, ਆਣ ਖਾਤਰ ਨਿਛਾਵਰ।
ਲੋੜੀਂਦੇ ਨੇ ਅੱਜ ਕੌਮ ਨੂੰ ਉਹ ਬਹਾਦਰ।

ਮੇਰਾ ਵਿਚਾਰ ਹੈ ਕਿ ਸ੍ਰੀ ਪ੍ਰੀਤਮ ਰਾਮਦਾਸਪੁਰੀ ਦੀ ਹਰ ਕਵਿਤਾ, ਉਸ ਸੁੱਟੇ ਹੋਏ ਪੱਥਰ ਦੀ ਤਰ੍ਹਾਂ ਹੈ ਜੋ ਖੜ੍ਹੇ ਪਾਣੀ 'ਚ ਹਲਚਲ ਪੈਦਾ ਕਰ ਦਿੰਦਾ ਹੈ, ਇਕ ਲਹਿਰ ਪੈਦਾ ਕਰ ਦਿੰਦਾ ਹੈ। ਦੇਖਣਾ ਇਹ ਹੈ ਕਿ ਇਹ ਪਾਠਕਾਂ ਦੇ ਮਨ ਨੂੰ ਕਿੰਨਾ ਕੁ ਟੁੰਬਦੀ ਹੈ। ਅਸੀਂ ਇਕ ਉਪਰਾਲਾ ਕੀਤਾ ਹੈ, ਅੰ-ਬੇਡਕਰ ਦੀ ਵਿਚਾਰਧਾਰਾ ਨੂੰ ਕਾਵਿ-ਰੂਪ 'ਚ ਪੇਸ਼ ਕਰਨ ਦਾ, ਬਾਕੀ ਇਹ ਪਾਠਕਾਂ ਦੇ ਹੁੰਗਾਰੇ ਉਪਰ ਨਿਰਭਰ ਕਰਦਾ ਹੈ ਕਿ ਉਹ ਕਿੰਨਾ ਕੁ ਸਫਲ ਹੋਇਆ ਹੈ। ਅਸੀਂ ਅਲੋਚਕਾਂ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਉਹ ਸ੍ਰੀ ਪ੍ਰੀਤਮ ਰਾਮਦਾਸਪੁਰੀ ਦੀ ਕਵਿਤਾ ਦਾ ਨਿਰਪੱਖ ਵਿਸ਼ਲੇਸ਼ਣ ਕਰਨ, ਜੇਕਰ ਉਹ ਸਮਝਣ ਕਿ ਇਹ ਗੁਲਾਮੀ ਦੀਆਂ ਬੇੜੀਆਂ ਤੋੜਨ 'ਚ ਸਹਾਈ ਹੋ ਸਕਦੀ ਹੈ ਤਾਂ ਇਸਦਾ ਪ੍ਰਚਾਰ ਤੇ ਪ੍ਰਸਾਰ ਕਰਨ 'ਚ ਸਹਾਇਕ ਬਣਨ। ਜਿੱਥੋਂ ਤੱਕ ਇਸਦੇ ਸੰਗ੍ਰਹਿ ਤੇ ਸੰਪਾਦਨ ਦਾ ਸਵਾਲ ਹੈ, ਬਹੁਤ ਸਾਰੀਆਂ ਕਵਿਤਾਵਾਂ ਮੇਰੇ ਦੁਆਰਾ 'ਪੰਜਾਬੀ ਭੀਮ ਪੱਤ੍ਰਿਕਾ' ਅਤੇ 'ਕਿਰਤੀ' 'ਚ ਛਪੀਆਂ ਸਨ ਕਿਉਂਕਿ ਜਦੋਂ ਵੀ ਮੈਨੂੰ ਅਖਬਾਰ ਲਈ ਕਵਿਤਾ ਦੀ ਲੋੜ ਹੁੰਦੀ, ਮੈਂ ਸ੍ਰੀ ਪ੍ਰੀਤਮ ਜੀ ਨੂੰ ਉਨ੍ਹਾਂ ਦੀ ਦੁਕਾਨ 'ਤੇ ਮਿਲਦਾ, ਜਿੱਥੇ ਉਹ ਪੱਕੇ ਚਮੜੇ ਦੀ ਖਰੀਦੋ-ਫਰੋਖਤ ਦਾ ਕੰਮ ਕਰਦੇ ਸਨ। ਮੈਨੂੰ ਯਾਦ ਹੈ ਕਿ ਕਈ ਵਾਰ ਕਿੱਕਰ ਦੇ ਸੱਕ ਨਾਲ ਭਰੇ ਕੱਪੜਿਆਂ ਤੇ ਲਿਬੜੇ ਹੱਥਾਂ ਨਾਲ ਅਲਮਾਰੀ 'ਚੋਂ ਕੋਈ ਕਵਿਤਾ ਕੱਢ ਕੇ ਦਿੰਦੇ ਜਾਂ ਕਹਿੰਦੇ ''ਅੱਛਾ 'ਜੱਸਲ' ਕੱਲ ਆਵੀਂ ਇਕ ਕਵਿਤਾ ਲਿਖ ਰਿਹਾ ਹਾਂ, ਅਜੇ ਪੂਰੀ ਨਹੀਂ ਹੋਈ।'' ਇਹ ਸਿ-ਲਸਿਲਾ ਤਦ ਤੱਕ ਚਲਦਾ ਰਿਹਾ ਜਦ ਤੱਕ ਮੈਂ 'ਕਿਰਤੀ' ਦਾ ਸੰਪਾਦਕ ਰਿਹਾ। ਕੁਝ ਕੁ ਕਵਿਤਾਵਾਂ 'ਜਨਤਕ ਲਹਿਰ' 'ਚ ਪ੍ਰਕਾਸ਼ਿਤ ਹੋਈਆਂ ਸਨ। ਮੇਰੇ ਲਈ ਲਾਹੇਵੰਦ ਗੱਲ ਇਹ ਹੋਈ ਕਿ ਇਹ ਸਾਰੀਆਂ ਕਵਿਤਾਵਾਂ ਸ੍ਰੀ ਪ੍ਰੀਤਮ ਰਾਮਦਾਸਪੁਰੀ ਨੇ ਨਾ ਸਿਰਫ ਖੁਦ ਸਾਂਭੀਆਂ ਹੋਈਆਂ ਸਨ ਬਲਕਿ ਆਪਣੇ ਹੱਥਾਂ ਨਾਲ ਸੋਧੀਆਂ ਵੀ ਹੋਈਆਂ ਸਨ, ਜੋ ਉਨ੍ਹਾਂ ਦੀ ਭਤੀਜੀ ਆਸ਼ਾ ਤੇ ਦਰਸ਼ਨ ਬੋਧੀ ਰਾਹੀਂ ਮੇਰੇ ਤੱਕ ਪੁੱਜੀਆਂ। ਇਸ ਤੋਂ ਇਲਾਵਾ ਸ੍ਰੀ ਪ੍ਰੀਤਮ ਰਾਮਦਾਸਪੁਰੀ ਦੀ ਇਕ ਹੱਥ ਲਿਖਤ ਕਾਪੀ ਵੀ ਮਿਲੀ, ਜਿਸ ਵਿਚ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ ਹੋਈਆਂ ਹਨ। ਇਸ ਤਰ੍ਹਾਂ ਮੇਰਾ ਬਹੁਤ ਸਾਰਾ ਮੁਸ਼ਕਲ ਕੰਮ ਖੁਦ ਸ੍ਰੀ ਪ੍ਰੀਤਮ ਰਾਮਦਾਸਪੁਰੀ ਜੀ ਹੀ ਕਰ ਗਏ। ਉਦੋਂ ਵੀ ਮੇਰਾ ਖਿਆਲ ਸੀ ਕਿ ਉਨ੍ਹਾਂ ਦੀ ਕਵਿਤਾ ਛਾਪੀ ਜਾਵੇ, ਜਦੋਂ ਉਹ ਜ਼ਿੰਦਾ ਸਨ ਪਰ ਇਹ ਕੰਮ ਨੇਪਰੇ ਨਾ ਚੜ੍ਹ ਸਕਿਆ। ਅਚਾਨਕ ਇਕ ਦਿਨ ਸ੍ਰੀ ਜਰਨੈਲ ਸਿੰਘ (ਜਨਤਕ ਲਹਿਰ) ਦਾ ਮੇਰੇ ਨਾਲ ਚੰਡੀਗੜ੍ਹ ਜਾਂਦੇ ਹੋਏ ਮੇਲ ਹੋ ਗਿਆ। ਉਸ ਦਿਨ ਮੈਂ ਉਹਨਾਂ ਨਾਲ ਇਕ ਵਾਰ ਫਿਰ ਵਿਚਾਰ ਸਾਂਝਾ ਕੀਤਾ ਅਤੇ ਉਨ੍ਹਾਂ ਦੀ ਸਹਿਮਤੀ ਅਤੇ ਇਜਾਜ਼ਤ ਨਾਲ ਮੈਂ ਨਿਸ਼ਚੇ ਕੀਤਾ ਕਿ ਹੁਣ ਸ੍ਰੀ ਪ੍ਰੀਤਮ ਰਾਮਦਾਸਪੁਰੀ ਦੀ ਕਵਿਤਾ ਜ਼ਰੂਰ ਛਾਪਣੀ ਹੈ। ਸ੍ਰੀ ਰਾਮ ਪਾਲ 'ਰਾਹੀ' ਮੈਂਬਰ ਡਾ. ਅੰਬੇਡਕਰ ਮਿਸ਼ਨ ਸੁਸਾਇਟੀ ਬੈਡਫੋਰਡ ਅਤੇ ਵਾਈਸ ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ, ਯੂ. ਕੇ. ਦੀ ਮਾਲੀ ਮਦਦ ਨਾਲ ਇਹ ਅਸੰਭਵ ਕੰਮ ਸੰਭਵ ਹੋ ਸਕਿਆ।

ਇਸ ਪੰਜਾਬੀ-ਕਾਵਿ ਤੋਂ ਪਹਿਲਾਂ ਉਨ੍ਹਾਂ ਦੀ ਕੋਈ ਵੀ ਕਾਵਿ-ਪੁਸਤਕ ਨਹੀਂ ਛਪੀ ਸਿਰਫ 'ਚੰਦ ਆਂਸੂ' ਤੋਂ ਇਲਾਵਾ, ਜੋ ਉਰਦੂ ਕਵਿਤਾ ਦਾ ਹਿੰਦੀ ਅਨੁ-ਵਾਦ ਹੈ। ਇਸ ਛੋਟੀ ਜਿਹੀ ਪੁਸਤਿਕਾ ਤੋਂ ਉਨ੍ਹਾਂ ਦੇ ਉਰਦੂ-ਫਾਰਸੀ ਦੇ ਗਿਆਨ ਦੇ ਭੰਡਾਰ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਅਸੀਂ ਹੱਥਲੀ ਪੁਸਤਕ 'ਚ ਉਨ੍ਹਾਂ ਦੀ ਕਵਿਤਾ ਦੇ ਮੂਲ ਰੂਪ ਨੂੰ ਬਰਕਰਾਰ ਰੱਖਿਆ ਹੈ, ਇਸ ਕਰਕੇ ਬਹੁਤ ਸਾਰੇ ਉਰਦੂ-ਫਾਰਸੀ ਦੇ ਲਫਜ਼ਾਂ ਨਾਲ ਪਾਠਕਾਂ ਨੂੰ ਸਾਹਮਣਾ ਕਰਨਾ ਪਵੇਗਾ। ਇਸ ਮਾਮਲੇ 'ਚ ਪਾਠਕਾਂ ਨੂੰ ਆਪਣੀ ਮਦਦ ਖੁਦ ਕਰਨੀ ਪਵੇਗੀ, ਭਾਵੇਂ ਅਸੀਂ ਥਾਂ-ਪੁਰ-ਥਾਂ ਔਖੇ ਸ਼ਬਦਾਂ ਦੇ ਅਰਥ ਵੀ ਦੇ ਦਿੱਤੇ ਹਨ। ਅੰਤ 'ਚ ਉਨ੍ਹਾਂ ਸਾਥੀਆਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਪੁਸਤਕ ਦੇ ਪ੍ਰਕਾਸ਼ਨ 'ਚ ਸਹਿਯੋਗ ਦਿੱਤਾ: ਸਭ ਤੋਂ ਪਹਿਲਾਂ ਸੇਠ ਮੂਲ-ਰਾਜ, ਆਸ਼ਾ ਕਲੇਰ, ਦਰਸ਼ਨ ਬੋਧੀ ਅਤੇ ਜਰਨੈਲ ਸਿੰਘ (ਜਨਤਕ ਲਹਿਰ), ਬਲਕਿ ਉਨ੍ਹਾਂ ਦੇ ਦੁਰਲੱਭ ਚਿੱਤਰ ਵੀ ਮੁਹ-ਈਆ ਕਰਵਾਏ। ਫਿਰ ਸ੍ਰੀ ਲਾਹੌਰੀ ਰਾਮ ਬਾਲੀ, ਕੇ. ਸੀ. ਸੁਲੇਖ, ਰਤਨ ਲਾਲ ਸਾਂਪਲਾ, ਜਿਨ੍ਹਾਂ ਨੇ ਆਪਣੀਆਂ ਯਾਦਾਂ ਪਾਠਕਾਂ ਨਾਲ ਸਾਂਝੀਆਂ ਕੀਤੀਆਂ। ਸ੍ਰੀ ਹਰਭਜਨ 'ਜੱਗਬਾਣੀ' ਦਾ ਪਰੂਫ ਰੀਡਿੰਗ ਅਤੇ ਨੇਹਾ ਕੰਪਿਊਟਰਜ਼ ਦਾ ਸਜਾਵਟ ਲਈ ਧੰਨਵਾਦ।

ਜਦ ਤੋਂ ਮੈਂ ਡਾ. ਅੰਬੇਡਕਰ ਦੇ ਮਿਸ਼ਨ ਦੇ ਪ੍ਰਚਾਰ ਅਤੇ ਪ੍ਰਸਾਰ 'ਚ ਲੱਗਾ ਹਾਂ, ਮੈਨੂੰ ਬਹੁਤ ਸਾਰੇ ਲੋਕਾਂ ਦਾ ਆਸਰਾ ਕਿਸੇ ਨਾ ਕਿਸੇ ਰੂਪ 'ਚ ਜ਼ਰੂਰ ਮਿਲਦਾ ਰਿਹਾ ਹੈ। ਉਨ੍ਹਾਂ ਲੋਕਾਂ ਦਾ ਧੰਨਵਾਦ ਕਰਨਾ, ਮੇਰਾ ਮੁੱਢਲਾ ਫਰਜ਼ ਬਣ ਜਾਂਦਾ ਹੈ। ਜਿਨ੍ਹਾਂ ਲੋਕਾਂ ਦਾ ਮੈਂ ਤਹਿ ਦਿਲੋਂ ਧੰਨਵਾਦੀ ਹਾਂ, ਉਨ੍ਹਾਂ 'ਚ ਹਨ: ਭਾਰਤ-ਸਰਵਸ੍ਰੀ ਲਾਹੌਰੀ ਰਾਮ ਬਾਲੀ, ਡਾ. ਸੁਰਿੰਦਰ ਅਜਨਾਤ, ਭਗਵਾਨ ਦਾਸ ਐਡਵੋਕੇਟ, ਕੇ. ਸੀ. ਸੁਲੇਖ ਅਤੇ ਡੀ. ਸੀ. ਅਹੀਰ। ਇੰਗਲੈਂਡ- ਸਰਵਸ੍ਰੀ ਰਤਨ ਲਾਲ ਸਾਂਪਲਾ, ਚਾਨਣ ਚਾਹਲ (ਮਰਹੂਮ), ਚਮਨ ਚਾਹਲ, ਰਾਮਪਾਲ 'ਰਾਹੀ', ਧੰਨਪੱਤ ਰਾਏ ਰੱਤੂ, ਅਰੁਣ ਕੁਮਾਰ, ਹੁਕਮ ਚੰਦ ਮਹਿਮੀ, ਮੇਹਰ ਸਿੰਘ ਧਾਰੀਵਾਲ, ਮਲਕੀਤ ਸਿੰਘ ਬਹਿਲ, ਦੌਲਤਾ ਬਾਲੀ, ਦੀਸ਼ ਜੱਸਲ, ਟੇਕ ਰਾਜ ਜੱਸਲ, ਮੱਖਣ ਸਿੰਘ ਵਿਰਦੀ, ਮਨੋਹਰ ਵਿਰਦੀ, ਬਲਵੰਤ ਸਰੋਏ ਅਤੇ ਰਾਜ ਕੁਮਾਰ ਪਾਲ। ਅਮਰੀਕਾ- ਅਮਨ ਚੈਨ, ਪੀ. ਕੇ. ਚੁੰਬਰ। ਕੈਨੈਡਾ- ਆਨੰਦ ਬਾਲੀ, ਮਹਿੰਦਰ ਸੱਲ੍ਹਣ। ਜਰਮਨ- ਸੋਹਣ ਲਾਲ ਸਾਂਪਲਾ। ਨੌਰਵੇ- ਬਨਾਰਸੀ ਦਾਸ ਸੁੰਦਰ। ਇਨ੍ਹਾਂ ਤੋਂ ਇਲਾਵਾ ਸਹਿਯੋਗ ਲਈ ਪਰਿਵਾਰ ਦੇ ਮੈਂਬਰਾਂ-ਪਤਨੀ ਐਨ. ਕੇ. ਅਮਰਪਾਲੀ, ਸਪੁੱਤਰੀ ਸੰਘਮਿੱਤਰਾ, ਬੇਟੇ ਮਲਿੰਦ ਕੁਮਾਰ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੀ ਲੋੜ ਅਤੇ ਸਹੂਲਤ ਦਾ ਖਿਆਲ ਰੱਖਿਆ। ਸ੍ਰੀ ਪ੍ਰੀਤਮ ਰਾਮਦਾਸਪੁਰੀ ਦਾ ਇਹ ਕਾਵਿ-ਸੰਗ੍ਰਹਿ ਪਾਠਕਾਂ ਦੇ ਹਵਾਲੇ ਕਰਦੇ ਹੋਏ ਉਨੀ ਹੀ ਖੁਸ਼ੀ ਮਹਿਸੂਸ ਕਰਦੇ ਹਾਂ, ਜਿੰਨੀ ਖੁਸ਼ੀ ਖੁਦ ਸ੍ਰੀ ਪ੍ਰੀਤਮ ਰਾਮਦਾਸਪੁਰੀ ਨੂੰ ਇਸ ਪੁਸਤਕ ਦੇ ਛਪਣ ਉਤੇ ਹੋਣੀ ਸੀ ਅਤੇ ਆਸ ਕਰਦੇ ਹਾਂ ਕਿ ਇਹ ਪੁਸਤਕ ਉਨ੍ਹਾਂ ਦੇ ਉਸ ਸੁਪਨੇ ਨੂੰ ਸਾਕਾਰ ਕਰੇਗੀ, ਜਿਹੜਾ ਉਨ੍ਹਾਂ ਨੇ ਆਪਣੀ ਕਵਿਤਾ ''ਤੂਫਾਨ ਪੈਦਾ ਹੋਣਗੇ'' 'ਚ ਦੇਖਿਆ ਹੈ:



ਵਕਤ ਬਦਲੂਗਾ ਨਵੇਂ ਸਾਮਾਨ ਪੈਦਾ ਹੋਣਗੇ।
ਇਕ ਨਵੀਂ ਧਰਤੀ ਨਵਾਂ ਅਸਮਾਨ ਪੈਦਾ ਹੋਣਗੇ।
ਆਉਣ ਵਾਲਾ ਹੈ ਅਜਿਹਾ ਇਨਕਲਾਬ ਐ ਦੋਸਤੋ,
ਕੀੜੀਆਂ ਦੇ ਭੌਣ 'ਚੋਂ ਸੁਲੇਮਾਨ ਪੈਦਾ ਹੋਣਗੇ।

**– ਹਰਮੇਸ਼ ਜੱਸਲ**

*Read more: www.ambedkartimes.com*

# ਕਲਮ ਤੇ ਤੇਗ਼ ਦੇ ਧਨੀ : ਬਾਬਾ ਦੀਪ ਸਿੰਘ ਜੀ ਸ਼ਹੀਦ

ਬਾਬਾ ਦੀਪ ਸਿੰਘ ਜੀ ਦਾ ਜਨਮ 14 ਮਾਘ ਸੰਮਤ 1739 ਬਿਕਰਮੀ ਨੂੰ ਪਿੰਡ ਪਹੂਵਿੰਡ ਜ਼ਿਲ੍ਹਾ ਤਰਨਤਾਰਨ ਵਿੱਚ ਮਾਤਾ ਜਿਊਣੀ ਜੀ ਦੀ ਕੁੱਖੋਂ ਪਿਤਾ ਭਗਤਾ ਜੀ ਦੇ ਗ੍ਰਹਿ ਵਿੱਚ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਦੀਪਾ ਸੀ।ਛੋਟੇ ਹੁੰਦਿਆਂ ਹੀ ਉਨ੍ਹਾਂ ਨੇ ਗੁਰਮੁੱਖੀ ਪੜ੍ਹੀ ਤੇ ਗੁਰਬਾਣੀ ਦਾ ਪਾਠ ਕਰਨਾ ਸਿੱਖਿਆ। ਵਾਹੀ ਵੀ ਕੀਤੀ , ਨੇਜ਼ਾ ਸੁੱਟਣ ਅਤੇ ਘੋੜ ਸਵਾਰੀ ਵੀ ਕੀਤੀ। ਸਰੀਰਕ ਤੌਰ 'ਤੇ ਉਹ ਰਿਸ਼ਟ ਪੁਸ਼ਟ, ਚੰਗੇ ਕੱਦ ਕਾਠ ਵਾਲੇ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਸਾਜਿਆ ਤਾਂ ਇਸ ਦੀ ਚਰਚਾ ਪਿੰਡ ਪਿੰਡ ਹੋਣ ਲੱਗੀ। ਜਦ ਆਪ ਨੇ ਵੀ ਇਸ ਬਾਰੇ ਸੁਣਿਆ ਤਾਂ ਆਪ ਵੀ ਮਾਤਾ ਪਿਤਾ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿੱਚ ਜਾ ਨਿਵਾਜੇ। ਉਨ੍ਹਾਂ ਨੇ ਵੀ ਗੁਰੂ ਜੀ ਪਾਸੋਂ ਅੰਮ੍ਰਿਤਪਾਨ ਕੀਤਾ। ਉਸ ਸਮੇਂ ਆਪ ਜੀ ਦੀ ਉਮਰ 18 ਸਾਲ ਸੀ।ਗੁਰੂ ਜੀ ਨੇ ਉਨ੍ਹਾਂ ਨੂੰ ਕੁਝ ਸਮਾਂ ਅਨੰਦਪੁਰ ਸਾਹਿਬ ਰਹਿਣ ਲਈ ਕਿਹਾ। ਉੱਥੇ ਰਹਿ ਕੇ ਆਪ ਲੰਗਰ ਦੀ ਸੇਵਾ ਦੇ ਨਾਲ ਛੋਟੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਤੇ ਅਰਥ ਸਮਝਾਉਣ ਦੀ ਸੇਵਾ ਕਰਦੇ ਰਹੇ। ਸਤਿਗੁਰੂ ਜੀ ਨੇ ਆਪ ਨੂੰ ਗੁਰਮੁੱਖੀ, ਅਰਬੀ, ਫਾਰਸੀ ਭਾਸ਼ਾ ਦੀ ਪੜ੍ਹਾਈ ਕਰਾਕੇ ਇੱਕ ਸੁਘੜ ਵਿਦਵਾਨ ਬਣਾ ਦਿੱਤਾ। ਅਨੰਦਪੁਰ ਵਿਖੇ ਰਹਿੰਦੇ ਹੋਏ ਉਨ੍ਹਾਂ ਭਾਈ ਮਨੀ ਸਿੰਘ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ ਤੇ ਨਾਲ ਹੀ ਸ਼ਸਤਰ ਯੁੱਧ ਵਿੱਚ ਵੀ ਜੂਝਣ ਦੀ ਸਿੱਖਿਆ ਗ੍ਰਹਿਣ ਕੀਤੀ। ਇਸ ਤਰ੍ਹਾਂ 20-22 ਸਾਲ ਦੀ ਉਮਰ ਵਿੱਚ ਆਪ ਇੱਕ ਸੂਝਵਾਨ ਵਿਦਵਾਨ ਤੇ ਸੂਰਬੀਰ ਜੋਧੇ ਬਣ ਗਏ। ਇੱਕ ਪਾਸੇ ਪਵਿੱਤਰ ਗੁਰਬਾਣੀ ਦਾ ਗਿਆਨ ਕਰਵਾਉਂਦੇ ਗੁਰੂ ਜੀ ਦੇ ਆਦੇਸ਼ ਅਨੁਸਾਰ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਾਕੇ ਸਿੱਖਾਂ ਵਿੱਚ ਨਵਾਂ ਧਾਰਮਿਕ ਜੋਸ਼ ਭਰਦੇ, ਦੂਜੇ ਪਾਸੇ ਸਿੰਘ ਸੂਰਮਿਆਂ ਦੇ ਜਥੇ ਤਿਆਰ ਕਰਕੇ ਲੋੜ ਸਮੇਂ ਮੈਦਾਨੇ ਜੰਗ ਭੇਜਦੇ।


ਡਾ.ਚਰਨਜੀਤ ਸਿੰਘ ਗੁਮਟਾਲਾ
0019375739812

ਮੁਕਤਸਰ ਦੀ ਜੰਗ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਈ ਪਿੰਡਾਂ ਤੋਂ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਇਸ ਥਾਂ ਗੁਰੂ ਜੀ ਨੂੰ ਮਿਲੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਈ ਮਨੀ ਸਿੰਘ ਤੋਂ ਲਿਖਵਾਉਂਦਿਆਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਣੀ ਨੂੰ ਵੀ ਸ਼ਾਮਿਲ ਕਰਵਾਇਆ। ਅੰਤਮ ਰੂਪ ਦਿੰਦਿਆਂ ਬਾਬਾ ਦੀਪ ਸਿੰਘ ਜੀ ਨੇ ਵੀ ਸਹਾਇਤਾ ਕੀਤੀ, ਜਿਨ੍ਹਾਂ ਨੂੰ ਇੱਕ ਸਿੰਘ ਭਾਈ ਸ਼ੇਰ ਸਿੰਘ ਨੂੰ ਪਹੂੰਵਿੰਡ ਭੇਜ ਕੇ ਬੁਲਾਇਆ ਗਿਆ ਸੀ। ਆਪ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਦੇ ਸਨ। ਇਸ ਬੀੜ ਨੂੰ ਦਮਦਮੇ ਸਾਹਿਬ ਵਾਲੀ ਬੀੜ ਕਿਹਾ ਜਾਂਦਾ ਜੋ ਇਸ ਸਮੇਂ ਗੁਰਦੁਆਰਿਆਂ ਵਿੱਚ ਸੁਸ਼ੋਭਿਤ ਹੈ।

ਬਾਬਾ ਦੀਪ ਸਿੰਘ ਦੀ ਲਿਖਾਈ ਅਤੇ ਅੱਖਰਾਂ ਦੀ ਬਨਾਵਟ ਬਹੁਤ ਸੁੰਦਰ ਸੀ। ਗੁਰੂ ਜੀ ਨੇ ਆਪ ਨੂੰ ਚਾਰ ਹੱਥ ਲਿਖਤਾਂ ਬੀੜ ਤਿਆਰ ਕਰਨ ਲਈ ਕਿਹਾ। ਇਹ ਕੰਮ ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸੰਪੂਰਨ ਕੀਤਾ ਤੇ ਇਸ ਉਪਰ 1716 ਤੋਂ 1726 ਈ. ਤੱਕ ਦਾ ਸਮਾਂ ਲੱਗਾ ਤੇ ਇਨ੍ਹਾਂ ਬੀੜਾਂ ਨੂੰ ਚਾਰੇ ਤਖ਼ਤਾਂ ਨੂੰ ਭੇਜਿਆ ।

ਬਾਬਾ ਦੀਪ ਸਿੰਘ ਅਰਬੀ ਫ਼ਾਰਸੀ ਦੇ ਵੀ ਵਿਦਵਾਨ ਸਨ।ਆਪ ਜੀ ਨੇ ਲਗਾਤਾਰ ਮਿਹਨਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਰਬੀ ਭਾਸ਼ਾ ਵਿੱਚ ਤਰਜਮਾ ਕੀਤਾ। ਇਹ ਪਵਿੱਤਰ ਬੀੜ ਸ. ਕ੍ਰਿਪਾਲ ਸਿੰਘ ਦੇ ਕਥਨ ਅਨੁਸਾਰ ਅੱਜ ਕੱਲ੍ਹ ਬਗ਼ਦਾਦ ਯੂਨੀਵਰਸਿਟੀ ਵਿੱਚ ਸੰਭਾਲ ਕੇ ਰੱਖੀ ਹੋਈ ਹੈ। ਜਦ ਬੰਦਾ ਸਿੰਘ ਬਹਾਦਰ 1709 ਈ. ਵਿੱਚ ਪੰਜਾਬ ਆਇਆ ਤਾਂ ਗੁਰੂ ਸਾਹਿਬ ਦੇ ਅਨੁਯਾਈਆਂ ਵਿੱਚ ਬਾਬਾ ਦੀਪ ਸਿੰਘ ਵੀ ਸਾਬੋ ਕੀ ਤਲਵੰਡੀ ਤੋਂ ਆਣ ਮਿਲੇ। ਉਨ੍ਹਾਂ ਨੇ ਵੱਖ ਵੱਖ ਇਲਾਕਿਆਂ ਨੂੰ ਜਿੱਤਣ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਮਦਦ ਕੀਤੀ। ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦੇ ਕੁਝ ਇਲਾਕੇ 'ਤੇ ਕਬਜ਼ਾ ਲਿਆ ਜਿਹੜਾ ਮੁਹੰਮਦ ਅਮੀਨ ਖਾਂ ਕੋਲ ਸੀ ਤੇ ਫਿਰ ਆਪਣੇ ਸਾਥੀਆਂ ਦਯਾਲ ਸਿੰਘ ਤੇ ਨੱਥਾ ਸਿੰਘ ਨੂੰ ਸੌਂਪ ਦਿੱਤਾ। ਸੰਨ 1708 ਤੋਂ 1715 ਸੰਨ ਤੀਕ ਆਪ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਨੂੰ ਪਿੰਡ ਗੁਰਦਾਸ ਨੰਗਲ (ਨੇੜੇ ਗੁਰਦਾਸਪੁਰ) ਵਿੱਚ ਸ਼ਾਹੀ ਫੌਜਾਂ ਘੇਰ ਲਿਆ। ਉਸ ਦਾ ਸਾਥ ਆਪਣੇ ਹੀ ਕਈ ਸਾਥੀ ਛੱਡ ਗਏ। ਹਵੇਲੀ ਅੰਦਰ ਖਾਣ ਪੀਣ ਦਾ ਸਾਮਾਨ ਖ਼ਤਮ ਹੋ ਗਿਆ। ਉਸ ਨੂੰ ਸਾਥੀਆਂ ਸਮੇਤ 7 ਦਸੰਬਰ ਸੰਨ 1715 ਈ. ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦਿੱਲੀ ਲਿਜਾ ਕੇ 700 ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਗਿਆ।

17 ਵੀਂ ਸਦੀ ਵਿੱਚ ਸਾਰਾ ਖ਼ਾਲਸਾ ਪੰਥ ਜੰਗਲਾਂ ਅਤੇ ਪਹਾੜਾਂ ਵਿੱਚੋਂ ਬਾਹਰ ਆ ਕੇ ਇਕੱਠਾ ਹੋ ਗਿਆ। ਖ਼ਾਲਸਾ ਪੰਥ 12 ਮਿਸਲਾਂ ਵਿੱਚ ਵੰਡਿਆ ਗਿਆ ਜਿਸ ਦੇ 12 ਮੁੱਖ ਜਥੇਦਾਰ ਥਾਪੇ ਗਏ। ਇਨ੍ਹਾਂ ਵਿੱਚੋਂ ਇੱਕ ਮਿਸਲ ਸੀ ਸ਼ਹੀਦ ਮਿਸਲ ਸੀ । ਬਾਬਾ ਦੀਪ ਸਿੰਘ ਸ਼ਹੀਦ ਮਿਸਲ ਦੇ ਮੁੱਖ ਜਥੇਦਾਰ ਥਾਪੇ ਗਏ। ਇਸ ਸਦੀ ਅੰਦਰ ਭਾਰਤ ਨੂੰ ਵਿਦੇਸ਼ੀ ਹਮਲਾਵਰਾਂ ਨੇ ਖ਼ੂਬ ਲੁਟਿਆ ਤੇ ਇੱਥੋਂ ਦੀਆਂ ਬਹੁ-ਬੇਟੀਆਂ ਦੀ ਇੱਜ਼ਤ ਦਾ ਵੀ ਖਿਲਵਾੜ ਕੀਤਾ। ਮਿਸਲਾਂ ਦੇ ਜਥੇਦਾਰਾਂ ਨੇ ਇਕੱਠੇ ਹੋ ਕੇ ਅਫ਼ਗਾਨ ਧਾੜਵੀਆਂ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ ਤੇ ਭਾਰਤ ਦਾ ਲੁਟਿਆ ਬਹੁਤ ਕੀਮਤੀ ਸਾਮਾਨ ਵਾਪਿਸ ਦਿਵਾਇਆ ਜਾਂਦਾ ਰਿਹਾ।

ਅਹਿਮਦ ਸ਼ਾਹ ਦੁਰਾਨੀ ਜੋ ਸਿੱਖਾਂ ਦੇ ਸਖ਼ਤ ਵਿਰੁੱਧ ਸੀ ਅਤੇ ਸਿੱਖਾਂ ਨੂੰ ਖ਼ਤਮ ਕਰਨ ਉੱਤੇ ਤੁਲਿਆ ਹੋਇਆ ਸੀ, ਆਪਣੇ 1757 ਈ: ਦੇ ਹਿੰਦੁਸਤਾਨ ਦੇ ਹਮਲੇ ਵੇਲੇ ਦਿੱਲੀ ਤੋਂ ਵਾਪਿਸ ਜਾਂਦਾ ਹੋਇਆ ਕੁਝ ਦੇਰ ਲਈ ਲਾਹੌਰ ਠਹਿਰਿਆ।



ਉਸ ਨੇ ਅੰਮ੍ਰਿਤਸਰ ਸ਼ਹਿਰ ਨੂੰ ਲੁੱਟਿਆ ਅਤੇ ਸ਼ਹਿਰ ਦੀਆਂ ਇਮਾਰਤਾਂ ਨੂੰ ਢਾਹਿਆ। ਇਸ ਹਮਲੇ ਸਮੇਂ ਅੰਮ੍ਰਿਤਸਰ ਸ਼ਹਿਰ ਦੇ ਇਨਚਾਰਜ ਜਮਾਲ ਖਾਨ ਦੁਆਰਾ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ, ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਦੇ ਅਸਥਾਨ 'ਤੇ ਪੁੱਜੀ ਤਾਂ ਆਪ ਦੇ ਦਿਲ 'ਤੇ ਅਸਹਿ ਸੱਟ ਵੱਜੀ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤ੍ਰਤਾ ਭੰਗ ਕਰਨਵਾਲਿਆਂ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ। ਆਸ-ਪਾਸ ਦੇ ਨਗਰਾਂ ਤੇ ਟਿਕਾਣਿਆਂ 'ਤੇ ਇਤਲਾਹ ਦਿੱਤੀ ਗਈ। ਵੱਖ-ਵੱਖ ਨਗਰਾਂ ਤੋਂ ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਵਿੱਚ ਪਾਵਨ ਧਰਮ ਅਸਥਾਨ ਦੀ ਰੱਖਿਆ ਲਈ ਹਾਜ਼ਰ ਹੋਏ। ਇਸ ਤਰ੍ਹਾਂ ਦਲ ਖਾਲਸਾ ਦੀ ਗਿਣਤੀ ਅਣਗਿਣਤ ਹੋ ਗਈ। ਬਿਆਸ ਦਰਿਆ ਪਾਰ ਕਰਕੇ ਸਿੰਘਾਂ ਦਾ ਜੱਥਾ ਮਾਝੇ ਦੇ ਇਲਾਕੇ ਅੰਦਰ ਦਾਖਲ ਹੋਇਆ। ਤਰਨਤਾਰਨ ਸਾਹਿਬ ਦੇ ਪਾਵਨ ਅਸਥਾਨ ਵਿਖੇ ਪਹੁੰਚ ਕੇ ਸਿੰਘਾਂ ਦੇ ਸਾਰੇ ਸਮੂਹ ਨੇ ਅਰਦਾਸ ਕੀਤੀ। । ਇਸ ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਜੋ ਸ਼ਹੀਦੀ ਪਾਉਣ ਲਈ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜਿਹੜਾ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚਲਿਆ ਜਾਵੇ। ਸਾਰੇ ਸਿੰਘ ਜੈਕਾਰੇ ਗਜਾਉਂਦੇ ਹੋਏ ਲਕੀਰ ਪਾਰ ਕਰਕੇ ਅੰਮ੍ਰਿਤਸਰ ਵੱਲ ਵਧਣ ਲੱਗੇ।

ਤਰਨ ਤਾਰਨ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਗੋਹਲਵੜ ਪਿੰਡ ਕੋਲ ਜਾ ਕੇ ਬਾਬਾ ਜੀ ਨੇ ਆਪਣੇ ਸਿੰਘਾਂ ਦੇ ਜਥੇ ਨਾਲ ਦੁਸ਼ਮਣ ਦੀ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਗੋਹਲਵੜ ਵਿੱਚ ਬਾਬਾ ਜੀ ਦਾ ਸਾਹਮਣਾ ਜਮਾਲ ਖ਼ਾਨ ਨਾਲ ਹੋਇਆ। ਬਾਬਾ ਦੀਪ ਸਿੰਘ ਜੀ ਦੋ-ਧਾਰਾ ਖੰਡਾ ਖੜਕਾਉਂਦੇ ਵੈਰੀਆਂ ਨੂੰ ਸਦਾ ਦੀ ਨੀਂਦ ਸੁਆਉਂਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਜਮਾਲ ਖਾਨ ਅੱਗੇ ਵਧਿਆ ਤੇ ਬਾਬਾ ਜੀ 'ਤੇ ਵਾਰ ਕਰਨ ਲੱਗਾ। ਅੱਗੋਂ ਬਾਬਾ ਜੀ ਨੇ ਵੀ ਵਾਰ ਕੀਤਾ। ਇਸ ਸਾਂਝੇ ਵਾਰ ਵਿੱਚ ਬਾਬਾ ਜੀ ਨੇ ਉਸ ਮੁਗ਼ਲ ਕਮਾਂਡਰ ਨੂੰ ਤਾਂ ਥਾਂ 'ਤੇ ਹੀ ਖ਼ਤਮ ਕਰ ਦਿੱਤਾ ਪਰ ਨਾਲ ਹੀ ਇਨ੍ਹਾਂ ਦੀ ਧੌਣ ਉੱਤੇ ਇੱਕ ਘਾਤਕ ਘਾਉ ਲੱਗਾ, ਜਿਸ ਨਾਲ ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ। ਇੱਕ ਸਿੰਘ ਨੇ ਹੱਥ ਜੋੜਕੇ ਬਾਬਾ ਜੀ ਨੂੰ ਆਪਣਾ ਪ੍ਰਣ ਯਾਦ ਕਰਵਾਇਆ। ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿੱਚ ਆ ਗਿਆ ਤੇ ਉਹ ਆਪਣਾ ਪਾਵਨ ਸੀਸ਼ ਖੱਬੇ ਹੱਥ ਤੇ ਧਰ ਕੇ ਆਪਣਾ ਖੰਡਾ ਵਾਹੁੰਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਤਕ ਜਾ ਪਹੁੰਚੇ। ਇਥੋਂ ਤਕ ਅੱਪੜਦਿਆਂ ਬਾਬਾ ਜੀ ਨੇ ਕਈ ਪਠਾਣ ਤੇ ਅਫ਼ਗਾਨ ਮਾਰ ਮੁਕਾਏ ਸਨ। ਇਸ ਤਰ੍ਹਾਂ ਇਸ ਘਮਸਾਨ ਦੀ ਜੰਗ ਅੰਦਰ ਅਫ਼ਗਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫੌਜ ਦੇ ਹੌਸਲੇ ਟੁੱਟ ਗਏ ਤੇ ਬਾਬਾ ਦੀਪ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਅੰਦਰ ਪਹੁੰਚ ਕੇ ਸ਼ਹੀਦੀ ਪ੍ਰਾਪਤ ਕਰ ਗਏ।

ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਨੇੜੇ ਇੱਕ ਥੜ੍ਹੇ ਉੱਪਰ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ। ਉਸ ਥੜ੍ਹੇ ਉੱਪਰ ਕੁਝ ਸਿੰਘਾਂ ਦੇ ਨਾਮ ਹੇਠ ਲਿਖੇ ਅਨੁਸਾਰ ਲਿਖੇ ਹੋਏ ਹਨ:

1. ਬਾਬਾ ਦੀਪ ਸਿੰਘ ਜੀ ਸ਼ਹੀਦ ਹੈੱਡ ਜਥੇਦਾਰ
2. ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ
3. ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
4. ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
5. ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
6. ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
7. ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
8. ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
9. ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
10. ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਜ਼ਾਲਮਾਂ ਤੋਂ ਬਦਲਾ ਲੈਂਦੇ ਹੋਏ ਅਤੇ ਧਰਮ ਤੇ ਕੌਮ ਦੀ ਸ਼ਾਨ ਬਦਲੇ 13 ਨਵੰਬਰ 1757 ਈ ਨੂੰ ਆਪਣੀਆਂ ਜਾਨਾਂ ਕੁਰਬਾਨ ਕਰ ਗਏ।

ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਰਾਮਸਰ ਸਾਹਿਬ ਦੇ ਨੇੜੇ ਹੈ, ਜਿੱਥੇ ਅੱਜਕਲ੍ਹ 'ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ' ਸੁਸ਼ੋਭਿਤ ਹੈ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿੱਚ ਜਿੱਥੇ ਬਾਬਾ ਜੀ ਨੇ ਸੀਸ ਭੇਟ ਕੀਤਾ ਸੀ, ਉਥੇ ਵੀ ਪਾਵਨ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ।

ਬਾਬਾ ਦੀਪ ਸਿੰਘ ਜੀ ਦਾ ਉਹ ਦੋ-ਧਾਰਾ ਖੰਡਾ ਸ੍ਰੀ ਅਕਾਲ ਤਖਤ ਸਾਹਿਬ ਦੇ ਸ਼ਸਤਰਾਂ ਵਿੱਚ ਸੰਭਾਲ ਕੇ ਰੱਖਿਆ ਗਿਆ, ਜਿਸ ਦੇ ਹਰ ਰੋਜ਼ ਸ਼ਾਮ ਨੂੰ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਸੰਗਤਾਂ ਵੱਲੋ ਆਪ ਜੀ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਮ ਮਨਾਇਆ ਜਾ ਰਿਹ ਹੈ।

# ਵੱਡੀ ਖ਼ੁਸ਼ੀ ਦੀ ਝਾਕ ਵਿੱਚ ਛੋਟੀਆਂ ਖ਼ੁਸ਼ੀਆਂ ਦਾ ਕਤਲ ਨਾ ਕਰੋ

ਪੈਸਾ, ਪੈਸੇ ਦੀ ਅਹਿਮੀਅਤ ਅਜੋਕੇ ਸਮੇਂ ਦਾ ਕੌੜਾ ਯਥਾਰਥ ਹੈ। ਪਦਾਰਥਵਾਦੀ ਵਰਤਾਰੇ ਵਿੱਚ ਜੀਵਨ ਦੀਆਂ ਮੁੱਢਲੀਆਂ ਜ਼ਰੂਰਤਾਂ ਅਤੇ ਸਾਧਨ ਸੰਪੰਨ ਜ਼ਿੰਦਗੀ ਲਈ ਪੈਸੇ ਦਾ ਕੋਈ ਦੂਜਾ ਬਦਲ ਨਜ਼ਰ ਨਹੀਂ ਆਉਂਦਾ। ਅੱਜ ਪੈਸਾ ਕਮਾਉਣਾ ਅਤੇ ਬਣਾਉਣਾ ਜਿੱਥੇ ਜ਼ਰੂਰਤ ਹੈ, ਉੱਥੇ ਹੀ ਪੈਸੇ ਦੀ ਕਮੀ ਬਹੁਤ ਸਮੱਸਿਆਵਾਂ ਨੂੰ ਜਨਮ ਦੇ ਜਾਂਦੀ ਹੈ, ਜਿਸਦਾ ਅੰਜ਼ਾਮ ਬਹੁਤ ਪੀੜਾਦਾਇਕ ਅਤੇ ਦੁਖਦਾਇਕ ਹੁੰਦਾ ਹੈ। ਇੱਕ ਹੱਦ ਤੱਕ ਪੈਸੇ ਦੀ ਦੌੜ ਵਿੱਚ ਸ਼ਾਮਲ ਹੋਣਾ ਕੋਈ ਮਾੜੀ ਗੱਲ ਨਹੀਂ ਪਰ ਸਭ ਕੁਝ ਲਾਂਭੇ ਰੱਖ ਕੇ ਸਿਰਫ਼ ਪੈਸੇ ਦੀ ਹੀ ਦੌੜ ਵਿੱਚ ਅੰਨੇਵਾਹ ਸ਼ਾਮਲ ਹੋਣਾ, ਇਹ ਰਵੱਈਆ ਮੁੜ ਵਿਚਾਰਨਯੋਗ ਹੈ। ਪੈਸਾ ਜ਼ਰੂਰਤ ਜ਼ਰੂਰ ਹੈ, ਪਰ ਇਹ ਜੀਵਨ ਨਹੀਂ, ਜ਼ਿੰਦਗੀ ਨਹੀਂ। ਕੁਦਰਤ ਦਾ ਨਿਯਮ ਹੈ ਇਨਸਾਨ ਜਨਮ ਲੈਂਦਾ ਹੈ, ਜਵਾਨੀ ਆਉਂਦੀ ਹੈ, ਬੁਢਾਪਾ ਆਉਂਦਾ ਹੈ ਅਤੇ ਆਖੀਰ ਦੁਨੀਆਂ ਨੂੰ ਆਪਣੀ ਚਾਲ ਚਲਦਿਆਂ ਛੱਡ ਕੇ ਰੁਖ਼ਸਤ ਹੋ ਜਾਂਦਾ ਹੈ।

ਜੀਵਨ ਵਿੱਚ ਜੋ ਸਮਾਂ ਲੰਘ ਗਿਆ ਅਤੇ ਜੋ ਉਮਰ ਬੀਤ ਗਈ ਉਹ ਵਾਪਸ ਨਹੀਂ ਆ ਸਕਦੀ ਚਾਹੇ ਤੁਸੀਂ ਕਿੰਨੇ ਵੀ ਧਨਵਾਨ ਹੋਵੋ। ਆਪਣੀ ਅਤੇ ਪਰਿਵਾਰ ਦੇ ਬੇਹਤਰ ਭਵਿੱਖ ਲਈ ਘਾਲਣਾ ਘਾਲਣੀ ਲਾਜ਼ਮੀ ਨਿਰੰਤਰ ਜਾਰੀ ਰੱਖੋ, ਆਪਣੇ ਸੁਫਨਿਆਂ ਨੂੰ ਜ਼ਿੰਦਾ ਰੱਖੋ ਪਰੰਤੂ ਇਸ ਸਫ਼ਰ ਤੇ ਚੱਲਦਿਆਂ ਆਪਣ-ਿਆਂ ਛੋਟੀਆਂ ਛੋਟੀਆਂ ਖੁਸ਼ੀਆਂ ਨੂੰ ਕਤਲ ਨਾ ਕਰੋ, ਉਹਨਾਂ ਦਾ ਗਲਾ ਨਾ ਘੋਟੋ, ਸਗੋਂ ਉਹਨਾਂ ਨੂੰ ਮਾਣੋ ਇਸ ਨਾਲ ਤੁਹਾਡਾ ਪੈਂਡਾ ਹੋਰ ਚੰਗਾ ਅਤੇ ਨਿੱਘੀਆਂ ਯਾਦਾਂ ਭਰਿਆਂ ਹੁੰਦਾ ਜਾਵੇਗਾ, ਜੀਵਨ ਦੀ ਖੁਸ਼ੀ ਪ੍ਰਾਪਤ ਹੋਵੇਗੀ। ਆਪਣੇ ਪਰਿਵਾਰਾਂ, ਰਿਸ਼ਤਿਆਂ ਨੂੰ ਸਮਾਂ ਦੇਵੋ, ਇਹ ਨਾ ਹੋਵੇ ਤੁਸੀਂ ਕਾਮਯਾਬੀ ਤੇ ਸਿਖ਼ਰ ਤੇ ਤਾਂ ਪਹੁੰਚ ਜਾਵੋ ਪਰੰਤੂ ਤੁਹਾਡੀ ਖੁਸ਼ੀ ਵਿੱਚ ਸ਼ਾਮਲ ਹੋ ਕੇ ਤੁਹਾਡੀ ਖੁਸ਼ੀ ਨੂੰ ਦੁਗਣਾ, ਚੌਗੁਣਾ ਕਰਨ ਵਾਲਾ ਕੋਈ ਬਚੇ ਹੀ ਨਾ ਤੇ ਤੁਸੀਂ ਇਕੱਲੇ ਹੋਵੋ, ਬਨਾਟਵੀ ਲੋਕਾਂ ਦੀ ਭੀੜ ਵਿੱਚ।

ਬਾਹਰੋਂ ਕੰਮ ਤੋਂ ਪਰਤੇ ਥੱਕੇ ਟੁੱਟੇ ਬੰਦੇ ਦਾ ਆਪਣੇ ਬੱਚਿਆਂ ਦੇ ਹੱਸਦੇ ਚਿਹਰਿਆਂ ਨੂੰ ਵੇਖ, ਉਹਨਾਂ ਦੀ ਪਿਆਰੀ ਗਲਵਕੜੀ ਵਿੱਚ ਆ ਸਾਰੀ ਥਕਾਣ ਇੱਕ ਝੱਟ ਉੱਡ ਜਾਂਦੀ ਹੈ, ਇਸ ਨੂੰ ਮਾਣੋ ਇਹ ਨਿਰਸਵਾਰਥ ਭਾਵਨਾ ਹੈ ਬੱਚਿਆਂ ਦਾ ਆਪਣੇ ਪਿਤਾ ਦੀ ਸ਼ਾਮ ਨੂੰ ਉਡੀਕ ਕਰਨਾ। ਛੋਟੇ ਬੱਚਿਆਂ ਦੀਆਂ ਤੋਤਲੀਆਂ ਗੱਲਾਂ ਖੁਸ਼ੀਆਂ ਦਾ ਅਥਾਹ ਸਮੁੰਦਰ ਹੈ, ਇਸਨੂੰ ਮਾਣੋ ਤੇ ਜਿਊਂਦੇ ਹੋਣ ਦੀ ਭਾਵਨਾ ਨੂੰ ਕਬੂਲ ਕਰੋ।

ਬੁੱਢੇ ਮਾਂ ਬਾਪ ਤੁਹਾਡੇ ਤੋਂ ਹੋਰ ਕੁਝ ਨਹੀਂ ਮੰਗਦੇ, ਕੁਝ ਸਮਾਂ ਉਹਨਾਂ ਨਾਲ ਬਿਤਾ । ਜੋ ਉਹਨਾਂ ਤੁਹਾਨੂੰ ਇਸ ਸੰਸਾਰ ਤੇ ਜਨਮ ਦਿੱਤਾ ਹੈ, ਇੱਕ ਬੂਟਾ ਲਾਇਆ ਹੈ, ਤੁਹਾਨੂੰ ਆਪਣੀ ਹੈਸੀਅਤ ਤੋਂ ਵੱਧ ਕੇ ਪਾਲਣ ਪੋਲਣ ਦੀ ਕੋਸ਼ਿਸ਼ ਕੀਤੀ ਹੈ, ਉਹਨਾਂ ਨੂੰ ਆਪਣੇ ਹੱਥੀਂ ਲਾਏ ਬੂਟੇ ਦੀ ਛਾਂ ਮਾਨਣ ਦਾ ਸੁਖ ਦਿ , ਉਹਨਾਂ ਨਾਲ ਗੱਲਾਂਬਾਤਾਂ ਕਰੋ, ਉਹਨਾਂ ਦੇ ਬੁੱਢੇ ਅੰਗਾਂ ਨੂੰ ਤਾਜ਼ਗੀ ਮਿਲੇਗੀ।

ਪਰਮਾਤਮਾ ਅੱਗੇ ਬੁੱਢੇ ਮਾਂ ਬਾਪ ਦੇ ਹੱਥ ਬੱਚਿਆਂ ਦੀ ਸਲਾਮਤੀ, ਖੁਸ਼ਹਾਲੀ ਲਈ ਹੀ ਉੱਠਦੇ ਹਨ, ਦੁਆਵਾਂ ਕਰਦੇ ਹਨ। ਜੇਕਰ ਤੁਹਾਡਾ ਵਤੀਰਾ ਉਹਨਾਂ ਪ੍ਰਤੀ ਜੀਵਨ ਦੇ ਇਸ ਪੜਾਅ ਤੇ ਬੁੱਢੇ ਮਾਪਿਆਂ ਦੇ ਦੁਖ ਦਾ ਕਾਰਨ ਬਣਦਾ ਹੈ, ਇਹ ਤੁਹਾਡੀ ਬਦਕਿਸਮਤੀ ਦੀ ਨਿਸ਼ਾਨੀ ਹੈ।


ਗੋਬਿੰਦਰ ਸਿੰਘ ਢੀਂਡਸਾ
bardwal.gobinder@gmail.com

ਆਪਣੇ ਜੀਵਨਸਾਥੀ, ਭੈਣਾਂ ਭਾਈਆਂ, ਸਕੇ ਸੰਬੰਧੀਆਂ ਅਤੇ ਦੋਸਤਾਂ ਨਾਲ ਮੋਹ ਦੀਆਂ ਤੰਦਾਂ ਬਣਾਈਆਂ ਰੱਖੋ, ਗੁੱਸੇ ਗਿਲ੍ਹੇ ਹੋਣ ਤਾਂ ਬੈਠ ਕੇ ਵਿਚਾਰੋ ਅਤੇ ਉਹਨਾਂ ਨੂੰ ਦੂਰ ਕਰਨ ਦਾ ਯਤਨ ਕਰੋ। ਜੋ ਇਸ ਜਨਮ ਤੁਹਾਡੇ ਨਾਲ ਰਿਸ਼ਤੇ ਜੁੜੇ ਹਨ, ਉਹ ਮੁੜ ਨਹੀਂ ਜੁੜਨੇ ਤੇ ਇਸ ਸੰਸਾਰ ਵਿੱਚ ਰਹਿਣਾ ਵੀ ਕਿਸੇ ਨੇ ਨਹੀਂ। ਜਿਵੇਂ ਕਹਿੰਦੇ ਨੇ ਕਿ ਅੱਗੇ ਦਰਗਾਹੀਂ ਜਾ ਕੇ ਕੌਣ ਮਿਲਦਾ! ਸੋ ਆਪਣੇ ਜੀਵਨ ਵਿੱਚ ਹੀ ਸਭ ਨਾਲ ਪਿਆਰ-ਮੁਹੱਬਤ ਨਾਲ ਲਵਰੇਜ ਰਿਸ਼ਤੇ ਕਾਇਮ ਰੱਖੋ ਅਤੇ ਨਿਭਾ ।

ਜ਼ਿੰਦਗੀ ਜਿਊਣ ਦਾ ਨਾਮ ਹੈ, ਨਾ ਕਿ ਢੋਣ ਦਾ। ਜ਼ਿੰਦਾਦਲੀ ਨਾਲ ਆਪਣੇ ਜੀਵਨ ਵਿੱਚ ਵਰਤਮਾਨ ਸਮੇਂ ਦਾ ਆਨੰਦ ਮਾਣੋ, ਰੋਜ਼ਾਨਾ ਦੇ ਛੋਟੇ ਛੋਟੇ ਹਾਸਿਆਂ ਅਤੇ ਖੁਸ਼ੀਆਂ ਨੂੰ ਖੁੱਲ੍ਹ ਕੇ ਮਾਣੋ ਅਤੇ ਦੂਜਿਆਂ ਦੀ ਖੁਸ਼ੀ ਦਾ ਕਾਰਨ ਬਣੋ ਕਿਉਂਕਿ ਇਹ ਜ਼ਿੰਦਗੀ ਦੁਬਾਰਾ ਨਹੀਂ ਮਿਲੇਗੀ।

# ਬਾਪੂ ਦੀ ਨਕਲ

ਰੀਸ ਕਰਦਾ ਹਾਂ ਮੈਂ ਬਾਪੂ ਦੀ
ਨਾ ਪੈਂਦਾ ਬਾਹਲੇ ਧਰਮਾਂ ਵਿੱਚ
ਰਿਵਾਜ ਤੇ ਵਹਿਮਾਂ ਭਰਮਾਂ ਵਿੱਚ
ਉਹਦੇ ਕੱਪੜੇ ਮੇਚ ਕਰਵਾ ਲਏ ਸੀ
ਲੁੱਕ ਮੇਰੀ ਲੱਗੇ ਉਹਦੇ ਜਿਹੀ
ਮੈਂ ਦਾੜ੍ਹੀ ਦੇ ਵਾਲ ਵਧਾ ਲਏ ਸੀ
ਵਾਹ-ਵਾਹ ਕੰਘੀ ਮੈਂ ਵਾਲਾਂ ਵਿੱਚ
ਸੈਟਿੰਗ ਕਰ ਪਿੱਛੇ ਨੂੰ ਕਰਵਾ ਲਏ ਸੀ
ਪੰਡ ਚੱਕਲਾਂ ਭਾਰੀ ਉਹਦੇ ਜਿਹੀ
ਨਾੜ ਕਈ ਵਾਰ ਚੜ੍ਹਾ ਲਏ ਸੀ
ਯਾਦਾਂ ਆਉਂਦੀਆਂ ਜਿਵੇਂ ਝੱਖੜ ਜਿਹੇ
ਲਿਖ ਲੈਂਦਾ ਟੁੱਟੇ ਫੁੱਟੇ ਅੱਖਰ ਜਿਹੇ
ਨਾ ਲਿਖਿਆ ਚੁੰਨੀਆਂ ਸਲਵਾਰਾਂ ਤੇ
ਚਾਰ ਕ ਅੱਖਰ ਉਹਦੇ ਵਿਚਾਰਾਂ ਤੇ
ਵਾਂਗ ਸਵਾਟਰ ਕੋਟੀਆਂ ਬੁਣ ਲਏ ਨੇ
ਹਾਂ ਬੋਲ ਮੈਂ ਉਹਦੇ ਚੁਣ ਲਏ ਨੇ

- ਚੇਤਨ ਬਿਰਧਨੋ
91-94175-58971



# ਗੁਰੂ ਨਾਨਕ ਬਾਣੀ ਵਿਚ ਕੁਦਰਤ ਦਾ ਖ਼ੂਬਸੂਰਤ ਵਰਣਨ : ਮਾਨਵਤਾ ਲਈ ਪ੍ਰਤੀਕਾਤਮਿਕ ਸੰਦੇਸ਼

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਕੁਦਰਤ ਦਾ ਖ਼ੂਬਸੂਰਤ ਵਰਣਨ ਮਾਨਵਤਾ ਲਈ ਪ੍ਰਤੀਕਾਤਮਿਕ ਸੰਦੇਸ਼ ਹੈ। ਗੁਰੂ ਜੀ ਨੇ ਮਾਨਵਤਾ ਦੇ ਸਿੱਧੇ ਰਸਤੇ ਪਾਉਣ ਲਈ, ਅਧਿਆਤਮਿਕਤਾ ਦੇ ਸੱਚੇ ਰਸਤੇ ਉਪਰ ਚੱਲਣ ਲਈ ਸ਼ਬਦਾਂ ਦੇ ਰੂਪ ਵਿਚ ਬਾਣੀ ਦੀ ਖੋਜ ਕੀਤੀ ਹੈ। ਕਵੀ ਬਾਬਾ ਨਾਨਕ ਨੇ ਆਪਣੀ ਕਵਿਤਾ ਵਿਚ (ਬਾਣੀ ਵਿਚ) ਅਨੇਕਾਂ ਹੀ ਛੋਟੀਆਂ ਵੱਡੀਆਂ ਬਹਿਰਾਂ (ਵਜ਼ਨ) ਦਾ ਪ੍ਰਯੋਗ ਕੀਤਾ ਹੈ। ਇਹ ਬਹਿਰਾਂ ਉਨ੍ਹਾਂ ਦੇ ਹਿਰਦੇ 'ਚੋਂ ਆਪਣੇ ਆਪ ਵਾਹਿਗੁਰੂ ਦੀ ਦਾਤ ਬਣਕੇ ਉਤਰੀਆਂ।

ਕਵੀ ਬਾਬਾ ਨਾਨਕ ਨੇ ਧੁਰੋਂ ਉਤਰੀ ਬਾਣੀ ਨੂੰ ਆਪਣੇ ਸ਼ਬਦਾਂ ਵਿਚ ਪਿਰੋ ਕੇ ਮਾਨਵਤਾ ਲਈ ਸੂਰਜਤਾ ਪੈਦਾ ਕੀਤੀ ਹੈ। ਆਪਣੀ ਬਾਣੀ ਵਿਚ ਗੁਰੂ ਜੀ ਨੇ ਏਨੀਆਂ ਬਹਿਰਾਂ ਦਾ ਪ੍ਰਯੋਗ ਕੀਤਾ ਹੈ, ਜਿਨ੍ਹਾਂ ਦਾ ਜ਼ਿਕਰ ਹੋਰ ਕਿਸੇ ਗ੍ਰੰਥ ਵਿਚ ਨਹੀਂ ਮਿਲਦਾ। ਉਨ੍ਹਾਂ ਜੋ ਕੁਝ ਅੱਖੀਂ ਵੇਖਿਆ ਉਸਨੂੰ ਆਪਣੀ ਅੱਖਰ ਜਨਨੀ ਵਿਚ ਪਿਰੋ ਕੇ ਖ਼ੂਬਸੂਰਤ ਐਨ ਢੁਕਦੇ ਬਿੰਬਾਂ, ਪ੍ਰਤੀਕਾਂ, ਰਾਹੀਂ ਸਮਾਜ ਅੱਗੇ ਪੇਸ਼ ਕੀਤਾ ਹੈ। ਮਗਰ ਅਤਿ ਮੁਸ਼ਕਿਲ ਅਤੇ ਆਸਾਨ ਬਹਿਰਾਂ ਦੀ ਜਾਣਕਾਰੀ ਲੈਣੀ ਹੋਵੇ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਿਆ, ਘੋਖਿਆ ਜਾਵੇ।

ਕਵੀ ਬਾਬਾ ਨਾਨਕ ਨੇ ਆਪਣੀ ਬਾਣੀ ਵਿਚ ਕੁਦਰਤ ਅਤੇ ਸ੍ਰਿਸ਼ਟੀ ਦੇ ਕਣ-ਕਣ ਉਪਰ ਲਿਖਿਆ ਹੈ, ਪਰ ਅਸੀਂ ਇਥੇ ਸਿਰਫ਼ ਕਵੀ ਬਾਬਾ ਨਾਨਕ ਬਾਣੀ ਵਿਚ ਰੁੱਖ, ਮੌਸਮ, ਵਾਤਾਵਰਣ (ਕੁਦਰਤ) ਦੇ ਮਨਮੋਹਣੇ ਸੰਦੇਸ਼ਮਈ ਅਲੰਕਾਰਾਂ, ਪ੍ਰਤੀਕਾਂ, ਬਿੰਬਾਂ ਦਾ ਹੀ ਉਲੇਖ ਕੀਤਾ ਹੈ। ਜਿਸ ਖ਼ੂਬਸੂਰਤੀ ਅਤੇ ਅਧਿਆਤਮਿਕਤ ਸੱਚਖੰਡ ਦੀ ਸ਼ਕਤੀ ਨਾਲ ਬਾਣੀ ਲਿਖਕੇ ਮਾਨਵਤਾ ਨੂੰ ਜ਼ਿੰਦਗੀ ਦੇ ਸਹੀ ਅਰਥ ਸਮਝਾ ਦਿੱਤੇ ਹਨ।

ਗੁਰੂ ਜੀ ਆਖਦੇ ਹਨ, "ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖਸਾਰੁ" ਕੁਦਰਿਤ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ" ਕੁਦਰਤਿ ਵੇਦ ਪੁਰਾਣ ਕਤੇਬਾ ਕੁ-ਦਰਤਿ ਸਰਬ ਵੀਚਾਰੁ" ਕੁਦਰਤਿ ਖਾਣਾ ਪੀਣਾ ਪੈਨਣੁ ਕੁਦਰਤਿ ਸਰਬ ਪਿਆਰੁ। ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਆ ਜਹਾਨ" ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ" ਕੁਦਰਤਿ ਪਾਉਣ ਪਾਣੀ ਬੈਸੰਤਰ ਕੁਦਰਤਿ ਧਰਤੀ ਖਾਕੁ" ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਦਾ ਪਾਕੀ ਨਾਈ ਪਾਕੁ" ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕ"

ਭਾਵ ਕਿ ਜੀਵਾਂ ਦਾ ਵੇਖਣਾ, ਸੁਣਨਾ, ਵਾਹਿਗੁਰੂ ਦੇ ਡਰ ਅੰਦਰ ਰਹਿਣਾ, ਸੁਖ ਭੋਗਣੇ ਸਭ ਵਾਹਿਗੁਰੂ ਜੀ ਦੀ ਕੁਦਰਤ ਹੈ। ਪਾਤਾਲ, ਆਕਾਸ਼, ਸਾਰੇ ਆਕਾਰਾਂ ਦੀ ਸਿਰਜਣਾ ਵਾਹਿਗੁਰੂ ਜੀ ਦੀ ਕੁਦਰਤ ਹੈ। ਵੇਦ ਆਦਿ ਧਰਮਾਂ ਗ੍ਰੰਥਾਂ ਦੀ ਰਚਨਾ ਹੋਈ ਅਤੇ ਇਨ੍ਹਾਂ ਦੇ ਵੀਚਾਰਾਂ ਦਾ ਫੈਲਾਉ ਹੋਣਾ ਵਾਹਿਗੁਰੂ ਜੀ ਤੇਰੀ ਕੁਦਰਤ ਹੈ। ਜੀਵਾਂ ਦਾ ਖਾਣ ਪੀਣ, ਕਪੜੇ ਆਦਿ ਪਾਉਣ ਦੇ ਢੰਗ ਤਰੀਕੇ ਅਤੇ ਤਰ੍ਹਾਂ ਤਰ੍ਹਾਂ ਦੇ ਪ੍ਰੇਮ ਆਦਿ ਪਰਮਾਤਮਾ ਦੀ ਕੁਦਰਤ ਦਾ ਹਿੱਸਾ ਹਨ। ਅਨੇਕਾਂ ਜਾਤਾਂ, ਜਿਨਸਾਂ, ਰੰਗਾਂ ਅਨੁਸਾਰ ਜੀਵਾਂ ਦੀ ਸਿਰਜਣਾ, ਸੰਸਾਰ ਵਿਚ ਨੇਕੀਆਂ ਬਦੀਆਂ, ਅਨੇਕਾਂ ਮਾਨ-ਮਰਿਆਦਾ, ਅਨੇਕਾਂ ਤਰ੍ਹਾਂ ਦੇ ਹੰਕਾਰ, ਹਵਾ ਪਾਣੀ ਅੱਗ ਧਰਤੀ ਦੀ ਬਣਤਰ ਆਦਿ। ਹੇ ਵਾਹਿਗੁਰੂ ਜੀ! ਸਭ ਤੇਰੀ ਕੁਦਰਤ ਹੈ ਅਤੇ ਤੂੰ ਇਸ ਕੁਦਰਤ ਦਾ ਕਰਤਾ ਮਾਲਿਕ ਹੈ ਅਤੇ ਤੇਰੀ ਵਡਿਆਈ ਬੜੀ ਪਾਕ-ਪਵਿੱਤਰ ਹੈ। ਇਹ ਸਾਰਾ ਕੁਝ ਤੇਰੇ ਹੁਕਮ ਅੰਦਰ ਹੈ ਅਤੇ ਤੂੰ ਇਸ ਸਾਰੇ ਵਰਤਾਰੇ ਨੂੰ ਇਕੱਲਾ ਖੁਦ ਹੀ ਦੇਖ, ਸੰਭਾਲ ਕਰ ਰਿਹਾ ਹੈ।

ਸੰਦੇਸ਼ :- ਉਹ ਵਾਹਿਗੁਰੂ, ਪਰਮਾਤਮਾ ਕਣ-ਕਣ ਵਿਚ ਬਿਰਾਜਮਾਨ ਹੈ ਅਤੇ ਕੁਦਰਤ ਦੀ ਸਾਰੀ ਹੋਂਦ ਉਸਦੀ ਕਿਰਪਾ ਸਦਕੇ ਹੀ ਹੈ। ਮਨੁੱਖ ਨੂੰ ਕੁਦਰਤ ਦੇ ਨਿਯਮਾਂ ਅਤੇ ਅਨੁਸ਼ਾਸਨ ਤੋਂ ਸਬਕ ਲੈਣਾ ਚਾਹੀਦਾ ਹੈ। ਕੁਦਰਤ ਦਾਨ ਕਰਦੀ ਹੈ, ਦਾਨ ਲੈਂਦੀ ਨਹੀਂ। ਆਕਾਸ਼, ਧਰਤੀ, ਪਾਣੀ, ਹਵਾ, ਅੱਗ ਆਦਿ ਮਨੁੱਖ ਨੂੰ ਦਾਨ ਕਰਦੇ ਹਨ। ਮਨੁੱਖ ਵੀ ਦੂਸਰਿਆਂ ਦੀ ਮਦਦ ਕਰੇ ਆਦਿ।

ਗੁਰੂ ਜੀ ਆਖਦੇ ਹਨ:- "ਜਾ ਕੇ ਰੁਖ ਬਿਰਖ ਆਰਾਉ" ਜੇਹੀ ਧਾਤੁ ਤੇਹਾ ਤਿਨ ਨਾਉ" ਫੁਲੁ ਭਾਉ ਫਲੁ ਲਿਖਿਆ ਪਾਇ" ਆਪਿ ਬੀਜਿ ਆਪੇ ਹੀ ਖਾਇ"

ਭਾਵ ਕਿ ਜਿਸ ਮਾਲੀ ਨੇ ਰੁੱਖ, ਦਰਖਤ, ਬੂਟੇ ਲਗਾਏ ਹੁੰਦੇ ਨੇ, ਉਹ ਹੀ ਉਨ੍ਹਾਂ ਨੂੰ ਸੰਵਾਰਦਾ ਹੈ ਅਤੇ ਜਿਸ ਤਰ੍ਹਾਂ ਦਾ ਬੂਟੇ ਦਾ ਜੀਵਨ ਹੁੰਦਾ ਹੈ, ਉਸੇ ਹਿਸਾਬ ਨਾਲ, ਉਹੋ ਜਿਹਾ ਉਸਦਾ ਨਾਂਅ ਪੈ ਜਾਂਦਾ ਹੈ। ਮਨੁੱਖ ਦੇ ਜੀਵਨ ਦੇ ਜਿਸ ਤਰ੍ਹਾਂ ਫੁੱਲ ਹੁੰਦੇ ਹਨ, ਉਸੇ ਹੀ ਹਿਸਾਬ ਨਾਲ ਉਸਦਾ ਫਲੱ ਪੈਂਦਾ ਹੈ। ਜੋ ਕਰਮ ਕਰੇ ਉਸੇ ਹਿਸਾਬ ਨਾਲ ਫਲ ਮਿਲੇਗਾ। ਮਨੁੱਖ ਜੋ ਬੀਜਦਾ ਹੈ ਉਸਦਾ ਹੀ ਫਲ ਉਸਨੂੰ ਖਾਣਾ ਪੈਂਦਾ ਹੈ।

ਸੰਦੇਸ਼:-ਮਨੁੱਖ ਨੂੰ ਚੰਗੇ-ਮਾੜੇ ਕਰਮਾਂ ਦੇ ਹਿਸਾਬ ਨਾਲ ਹੀ ਸਭ ਕੁਝ ਮਿਲਦਾ ਹੈ। ਆਦਮੀ ਜਿਸ ਤਰ੍ਹਾਂ ਦਾ ਕਰਮ ਕਰਦਾ ਹੈ, ਉਸਨੂੰ ਫਲ ਵੀ ਉਸੇ ਤਰ੍ਹਾਂ ਨਾਲ ਮਿਲਦਾ ਜਾਂਦਾ ਹੈ। ਮਨੁੱਖ ਨੇਕ ਕਰਮ ਕਰੇ।

ਗੁਰੂ ਜੀ ਕਹਿੰਦੇ ਹਨ:- "ਸੁਇਨੇ ਕਾ ਬਿਰਖੁ ਪਤ ਪਰਵਾਲਾ ਫੁਲ ਜਵੇਹਰ ਲਾਲ" ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ" ਨਾਨਕ ਕਰਮੁ ਹੋਵੈ ਮੁਖਿ ਮਸਤਕਿ ਲਿਖਿਆ ਹੋਵੈ ਲੇਖੁ" ਅਠਿਸਿਠ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ"

ਭਾਵ ਕਿ ਗੁਰੂ ਇਕ ਸੋਨੇ ਦਾ ਰੁੱਖ ਹੈ, ਜਿਸਦੇ ਪੱਤੇ ਮੂੰਗੇ ਹਨ ਅਤੇ ਫੁੱਲ ਜਵਾਹਰ ਲਾਲ ਹਨ। ਅਮੋਲਕ ਬਚਨ ਫਲ ਹਨ, ਇਸ ਕਰਕੇ ਗੁਰੂ ਦੇ ਬਚਨਾਂ ਨੂੰ ਹੀ ਹਿਰਦੇ ਦੇ ਅੰਦਰ ਰੱਖ ਲੈ ਅਤੇ ਮੂੰਹ ਮੱਥੇ ਉਪਰ ਸ਼ੁੱਧ ਕਰਮ ਹੋਵੇ, ਤਾਂ ਗੁਰੂ ਦੇ ਚਰਨਾਂ ਨੂੰ ਹੀ 68 ਤੀਰਥ ਸਮਝ, ਵਿਸ਼ੇਸ ਜਾਣ।

ਸੰਦੇਸ਼:- ਤੀਰਥਾਂ ਆਦਿ 'ਤੇ ਜਾਣ ਨਾਲੋਂ ਚੰਗਾ ਹੈ, ਕਿ ਗੁਰੂ ਦੇ ਚਰਨਾਂ ਨੂੰ ਹੀ ਸਭ ਕੁਝ ਸਮਝ। ਗੁਰੂ ਦੀ ਭਗਤੀ ਨਾਲ, ਵਾਹਿਗੁਰੂ ਦੀ ਸਾਧਨਾ ਨਾਲ ਜੁੜਣ ਵਾਲੇ ਮਨੁੱਖ ਹੀ ਸੱਚਾ ਮਾਰਗ ਲਭਦੇ ਹਨ। ਭਟਕਣਾ ਮਨੁੱਖ ਲਈ ਗਿਰਾਵਟ ਹੈ। ਗੁਰੂ ਸਾਹਿਬ ਨੇ ਗੁਰੂ ਨੂੰ ਰੱਖਾਂ ਵਾਂਗ ਕੁਦਰਤ ਦੀ ਕਿਰਪਾ ਵਾਂਗ ਦੱਸਿਆ ਹੈ। ਮਨੁੱਖ ਵਹਿਮਾਂ ਭਰਮਾਂ ਵਿਚ ਨਾ ਪਵੇ ਆਦਿ।

ਕਵੀ ਗੁਰੂ ਨਾਨਕ ਕਹਿੰਦੇ ਹਨ:- " ਗਾਵਿਨ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ।"

ਭਾਵ ਕਿ ਪਰਮਾਤਮਾ ਦੀ ਉਸਤਤ ਤਾਂ ਹਵਾ ਪਾਣੀ ਅੱਗ ਵੀ ਗਾਉਂਦੇ ਹਨ, ਰਾਜੇ ਮਹਾਂਰਾਜੇ ਅਤੇ ਧਰਮ ਸਥਾਨਾਂ 'ਤੇ ਵੀ ਉਸਦੀ ਮਹਿਮਾ ਹੈ।

ਸੰਦੇਸ਼:-ਮਨੁੱਖ ਨੂੰ ਵੀ ਕੁਦਰਤ ਦੀ ਉਸਤਤ ਕਰਦੀ ਚਾਹੀਦੀ ਹੈ, ਉਸਦੀ ਮਰਿਆਦਾ ਵਿਚ ਰਹੇ, ਉਸਦਾ ਨਾਮ ਜਪੇ ਜਿਸਨੇ ਸਾਰੀ ਸ੍ਰਿਸ਼ਟੀ ਥਾਪੀ ਹੈ।

ਗੁਰੂ ਜੀ ਕਹਿੰਦੇ ਹਨ:- "ਤੁਧੁ ਆਪੇ ਸ੍ਰਿਸ਼ਟਿ ਸਭ ਉਪਾਈ ਜੀ ਤਧੁ ਆਪੇ ਸਿਰਜਿ ਸਭ ਗੋਈ" ਜਨੁ ਨਾਨਕੁ ਗੁਣ



ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ"

ਭਾਵ ਕਿ ਉਹ ਵਾਹਿਗੁਰੂ (ਪਰਮਾਤਮਾ) ਹੀ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਅਤੇ ਪਾਲਣਹਾਰ ਹੈ, ਜੋ ਪਰਮਾਤਮਾ ਦੇ ਗੁਣ ਗਾਉਂਦਾ ਹੈ, ਜਿਸਨੇ ਸਭ ਨੂੰ ਜਨਮ ਦਿੱਤਾ ਹੈ। ਸਭ ਨੂੰ ਉਸਦਾ ਹੀ ਆਸਾਰਾ ਹੈ। ਨਾਨਕ ਦਾਸ ਵੀ ਉਸ ਕਰਤੇ ਦੇ ਗੁਣ ਗਾਉਂਦਾ ਹੈ ਜੋ ਸਾਰਿਆਂ ਦੀ ਗੱਲ ਜਾਣਦਾ ਹੈ।

ਸੰਦੇਸ਼:- ਜਿਸ ਪਰਮਾਤਮਾ ਨੇ ਸਾਰੀ ਸ੍ਰਿਸ਼ਟੀ ਰਚੀ ਹੈ। ਸਭ ਦਾ ਪਾਲਣਹਾਰ ਹੈ, ਉਸਨੂੰ ਮਨੁੱਖ ਸਦਾ ਯਾਦ ਰੱਖੇ ਅਤੇ ਉਸਦੇ ਨਾਮ ਵਿਚ ਸਧਾ ਲੀਨ ਰਵੇ, ਤਾਂ ਹੀ ਮਨੁੱਖ ਦਾ ਜਨਮ ਸਫ਼ਲ ਹੋ ਸਕਦਾ ਹੈ।

ਗੁਰੂ ਜੀ ਕਹਿੰਦੇ ਹਨ:-"ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੂ ਤਾਂ ਵਾਪਾਰੀ ਜਾਣੀਅਹੁ ਲਾਹਾ ਲੈਜਾਵਹੁ"

ਭਾਵ ਕਿ ਧਰਮ ਨੂੰ ਧਰਤੀ ਦੀ ਤਰ੍ਹਾਂ ਬਣਾ , ਸੱਚਾਈ ਨੂੰ ਬੀਜ ਦੀ ਤਰ੍ਹਾਂ ਬਣਾਕੇ ਇਸ ਤਰ੍ਹਾਂ ਦੀ ਖੇਤੀ ਕਰੋ ਤਾਂ ਉਸ ਪ੍ਰਭੂ ਦੇ ਨਾਮ ਨੂੰ ਸਮਝ ਜਾਉਗੇ।

ਸੰਦੇਸ਼:-ਮਨੁੱਖ ਨੂੰ ਖ਼ੂਬਸੂਰਤ ਪ੍ਰਤੀਕਾਂ ਨਾਲ ਸਮਝਾਇਆ ਗਿਆ ਹੈ, ਕਿ ਧਰਤੀ ਵਰਗਾ ਧਰਮ ਹੋਵੇ, ਧਰਮ ਦਾਨੀ ਹੋਵੇ, ਨਿਸ ਸਵਾਰਥ ਹੋਵੇ, ਬਸ ਦੇਵੇ ਹੀ ਦੇਵੇ, ਲਵੇ ਕੁਝ ਨਾ, ਸੱਚ ਵਰਗਾ ਧਰਮ ਹੋਵੇ, ਧਰਤੀ ਵਾਂਗ ਇਸਦੀ ਪੂਜਾ ਹੋਵੇ। ਧਰਤੀ ਵਰਗੀ ਸ਼ਹਿਨਸ਼ਕਤੀ ਹੋਵੇ। ਸੱਚਾਈ ਨੂੰ ਬੀਜ ਦੀ ਤਰ੍ਹਾਂ ਸਮਝ, ਜਿਸ ਤਰ੍ਹਾਂ ਬੀਜ ਧਰਤੀ 'ਚੋਂ ਉਗ ਕੇ ਹਰਿਆਵਲ ਦਿੰਦਾ ਹੈ, ਮਨੁੱਖ ਤੂੰ ਵੀ ਇੰਝ ਦਾ ਬਣ। ਇਸ ਤਰ੍ਹਾਂ ਦੀ ਕਰਮਰੂਪੀ ਖੇਤੀ ਕਰ, ਤਾਂ ਜੋ ਤੇਰਾ ਕਰਮ ਸ਼ੁੱਧ-ਸੁਖਦਾਇਕ ਹੋਵੇ।

"ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤ ਹੋਈ" ਅੰਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ।"

ਭਾਵ ਕਿ ਅੰਮ੍ਰਿਤ ਦਾ ਰੁੱਖ ਇਕ ਹੀ ਹੈ, ਜਿਸਦਾ ਫਲ ਵੀ ਅੰਮ੍ਰਿਤ ਵਰਗਾ ਹੈ। ਜੋ ਸੱਚ ਨਾਲ ਰੱਜ ਗਏ ਹਨ, ਜਿਨ੍ਹਾਂ ਅੰਮ੍ਰਿਤ ਫਲ ਦਾ ਸਵਾਦ ਚੱਖਿਆ ਹੈ, ਉਨ੍ਹਾਂ ਨੂੰ ਅਗਿਆਨ ਨਹੀਂ, ਨਾ ਹੀ ਕਿਸੇ ਨਾਲ ਮਤਭੇਦ ਜਾਂ ਫਰਕ ਹੈ, ਪਰਮਾਤਮਾ ਨਾਲ ਰਸਨਾ ਰੰਗੀ ਗਈ ਹੈ। ਭਾਵ ਕਿ ਜੋ ਮਨੁੱਖ ਉਸਦੇ ਸੱਚੇ ਨਾਮ ਨਾਲ ਜੁੜ ਜਾਂਦੇ ਹਨ, ਉਨ੍ਹਾਂ ਵਿਚ ਛੋਟਾ-ਵੱਡਾ, ਉਚਾ-ਨੀਵਾਂ ਕੁਝ ਨਈ ਰਹਿ ਜਾਂਦਾ, ਉਹ ਮਨੁੱਖ ਉਸ ਹਰੀ ਦੇ ਨਾਮ ਵਿਚ ਰੰਗੇ ਜਾਂਦੇ ਹਨ।

ਸੰਦੇਸ਼:-ਜੋ ਸਾਧਕ, ਜੋ ਮਨੁੱਖ ਉਸ ਪ੍ਰਭੂ ਨਾਲ ਇਕਮਿਕ ਹੋ ਜਾਂਦੇ ਹਨ, ਉਹ ਧੰਨ ਪੁਰਸ਼ ਹਨ। ਉਨ੍ਹਾਂ ਨੂੰ ਕਿਸੇ ਵਿਚ ਕੋਈ ਫਰਕ ਨਜ਼ਰ ਨਹੀਂ ਆਉਂਦਾ। ਸਭ ਬਰਾਬਰ ਨਜ਼ਰ ਆਉਂਦੇ ਹਨ। ਮਨੁੱਖ ਨੂੰ ਸੱਚ ਦੇ ਰਸਤੇ ਚਲ ਕੇ ਮਾਨਵਤਾ ਨੂੰ ਪਿਆਰ ਕਰਨਾ ਚਾਹੀਦਾ ਹੈ ਆਦਿ।

"ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ" ਇ ਜਿ ਆਵਹਿ ਆਸ ਕਰ ਜਾਹਿ ਨਿਰਾਸੇ ਕਿਤੁ" ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ" ਮਿਠਤੁ ਨੀਵੀ ਨਾਨਕਾ ਗੁਰਣ ਚੰਗਿਆਈਆ ਤਤੁ"

ਭਾਵ ਕਿ ਗੁਰੂ ਸਾਹਿਬ ਨੇ ਕਿੰਨੀ ਖ਼ੂਬਸੂਰਤ ਤਸਬੀਹ ਨਾਲ ਮਨੁੱਖ ਨੂੰ ਸਮਝਾਇਆ ਹੈ। ਸਿੰਮਲ ਦਾ ਰੁੱਖ ਸਿੱਧਾ ਲੰਬਾ ਅਤੇ ਗੁੱਛੇਦਾਰ ਹੁੰਦਾ ਹੈ। ਇਸ ਉਪਰ ਜੇਕਰ ਕੋਈ ਆਸ ਕਰਕੇ ਆਵੇ, ਤਾਂ ਉਹ ਨਿਰਾਸ਼ ਹੋ ਕੇ ਜਾਂਦਾ ਹੈ, ਕਿਉਂਕਿ ਇਸਦੇ ਫਲ ਫਿੱਕੇ ਅਤੇ ਫੁੱਲ ਬਕਬਕੇ ਹੁੰਦੇ ਹਨ ਅਤੇ ਪੱਤੇ ਕਿਸੇ ਵੀ ਕੰਮ ਨਹੀਂ ਆਉਂਦੇ।

ਸੰਦੇਸ਼:-ਭਾਵ ਕਿ ਕਦ-ਕਾਠ ਦੇ ਉਚੇ ਵਿਅਕਤੀ ਕੋਲ ਜੇ ਗੁਣ ਨਹੀਂ, ਉਹ ਕਿਸੇ ਦੇ ਕੰਮ ਨਹੀਂ ਆਉਂਦਾ, ਤਾ ਉਹ ਬੇਕਾਰ ਹੈ। ਸਮਾਜ ਵਿਚ ਉਸਦੀ ਕੋਈ ਕਦਰ ਨਹੀਂ। ਜਿਸਦਾ ਸੁੱਖ ਕੋਈ ਨਹੀਂ, ਉਹ ਵਿਅਕਤੀ ਵੀ ਕੀ ਏ? ਨੀਵੀਂ ਚੀਜ਼ ਮਿੱਠੀ ਹੈ, ਤਾਂ ਉਸ ਵਿਚ ਚੰਗਿਆਈ ਦੇ ਤੱਤ ਹੁੰਦੇ ਹਨ। ਨੀਵੇਂ (ਨਿਮਰਤਾ) ਅਤੇ ਗੁਣਾਂ ਵਾਲੇ ਇਨਸਾਨ ਵਿਚ ਚੰਗਿਆਈ ਦੇ ਸਾਰੇ ਤੱਤ ਹੁੰਦੇ ਹਨ ਆਦਿ।

"ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ੍ ਧੂਪ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥"

ਭਾਵ ਕਿ ਅਸਮਾਨ ਰੂਪੀ ਥਾਲ ਹੈ ਜਿਸ ਵਿਚ ਸੂਰਜ ਚੰਨ ਦੀਵੇ ਧਰੇ ਹੋਏ ਹਨ ਅਤੇ ਤਾਰਿਆਂ ਦਾ ਸਮੂਹ ਮੋਤੀ ਹਨ। ਗੁਰੂ ਨਾਨਕ ਦੇਵ ਜੀ ਨੇ ਕੁਦਰਤ ਦਾ ਸੁਹਣਾ ਚਿਤਰਨ ਆਰਤੀ ਦੇ ਰੂਪ ਵਿਚ ਕੀਤਾ ਹੈ। ਇਸ ਆਰਤੀ ਵਿਚ ਏਨੇ ਸ਼ਕਤੀਸ਼ਾਲੀ ਸ਼ਬਦ ਹਨ, ਜਿਸ ਨਾਲ ਵਾਤਾਵਰਣ ਅਤੇ ਮਾਨਵ ਦਾ ਹਿਰਦਾ ਸ਼ਾਂਤਮਈ ਅਤੇ ਅਧਿਆਤਮਿਕ ਹੋ ਜਾਂਦਾ ਹੈ, ਕੁਦਰਤ ਨਾਲ ਤ-ਪ੍ਰੋਤ ਹੋ ਜਾਂਦਾ ਹੈ।

ਸੰਦੇਸ਼:- ਇਸ ਆਰਤੀ ਨਾਲ ਮਾਨਵਤਾ ਅਤੇ ਵਾਤਾਵਰਣ ਸ਼ੁੱਧ ਹੁੰਦੇ ਹਨ। ਇਸ ਵਿਚ ਬੈਠੇ ਸ਼ਕਤੀਸ਼ਾਲੀ ਸ਼ਬਦ ਹਨ, ਉਨ੍ਹਾਂ ਦੀ ਖੁਸ਼ਬੂ ਨਾਲ, ਉਨ੍ਹਾਂ ਦੇ ਉਚਾਰਣ ਨਾਲ ਸਭ ਕੁਝ ਸ਼ੁੱਧ ਹੋ ਜਾਂਦਾ ਹੈ। ਮਨੁੱਖ ਨੂੰ ਕੁਦਰਤ ਵਾਂਗੂ ਵਿਚਰਨਾ ਚਾਹੀਦਾ ਹੈ।

"ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ" ਸੋ ਫਲ ਕੰਮਿ ਨਾ ਆਵਨੀ ਤੇ ਗੁਣ ਮੈ ਤਨਿ-ਹੰਨਿ"

ਭਾਵ ਕਿ ਮੇਰਾ (ਮਨੁੱਖ ਦਾ) ਸਰੀਰ ਸਿੰਮਲ ਦੇ ਰੁੱਖ ਵਰਗਾ ਹੈ, ਜਿਸਦੇ ਫਲ ਕਿਸੇ ਦੇ ਵੀ ਕੰਮ ਨਹੀਂ ਆਉਂਦੇ। ਮੈਨੂੰ ਵੇਖਕੇ ਲੋਕ ਭੁੱਲ ਜਾਂਦੇ ਹਨ, ਉਹੋ ਜਹੇ ਗੁਣ ਮੇਰੇ ਸਰੀਰ ਵਿਚ ਹਨ।

ਸੰਦੇਸ਼:-ਸਿੰਮਲ ਦਾ ਰੁੱਖ ਸੂਹੇ ਲਾਲ ਫੁੱਲਾਂ ਨਾਲ ਭਰਪੂਰ ਹੁੰਦਾ ਹੋਇਆ ਵੀ ਖੁਸ਼ਬੂ ਰਹਿਤ ਹੁੰਦਾ ਹੈ, ਜਿਸਦਾ ਕੋਈ ਸੁੱਖ ਨਹੀਂ ਹੁੰਦਾ। ਸਿੰਮਲ ਰੁੱਖ ਦੇ ਫੁੱਲਾਂ ਦੀ ਖ਼ੂਬਸੂਰਤੀ ਤੇ ਉਚਾਈ ਵੇਖ ਕੇ ਉਸ ਉਪਰ ਪੰਛੀ (ਤੋਤੇ) ਬੈਠਦੇ ਹਨ ਪਰ ਹਾਸਿਲ ਕੁਝ ਨਹੀਂ ਹੁੰਦਾ। ਆਦਮੀ ਆਪਣੇ ਹਰੀ ਨਾਮ ਨੂੰ ਲੋਕਾਂ ਤਕ ਵੰਡੇ, ਭਲਾਈ ਦੇ ਕਾਰਜ ਕਰੇ ਆਦਿ ਤਾਂ ਹੀ ਮਨੁੱਖ ਦਾ ਸੱਚਾ ਜੀਵਨ ਹੈ।

"ਪਉਣ ਪਾਣੀ ਅਗਨੀ ਬਿਸਰਾਊ" ਤਹੀ ਨਿਰੰਜਨੁ ਸਾਚੋ ਨਾਊ"

ਭਾਵ ਕਿ ਹਵਾ ਪਾਣੀ ਅੱਗ ਵਰਗੀਆਂ ਚੀਜ਼ਾਂ ਨੂੰ ਵਿਸਾਰ ਦਿ । (ਭਟਕਣ ਨੂੰ ਵਿਸਾਰ ਦਿ ), ਤਾਂ ਉਥੇ ਹੀ ਹਰੀ ਦਾ ਸੱਚਾ ਨਾਮ ਵੱਸਦਾ ਹੈ।

ਸੰਦੇਸ਼:-ਮਨੁੱਖ ਆਪਣੀਆਂ ਇਛਾਵਾਂ ਨੂੰ ਕਾਬੂ ਵਿਚ ਰੱਖੇ, ਤਾਂ ਹੀ ਸੁੱਖ ਪ੍ਰਾਪਤ ਹੋ ਸਕਦਾ ਹੈ। ਕ੍ਰਿਤ ਨੂੰ ਛੱਡ ਕਰਤੇ ਯਾਦ ਰੱਖ।

"ਫਲੋਹਰ ਕੀਏ ਫੁਲ ਜਾਇ" ਰਸ ਕਸ ਖਾਏ ਸਾਦੁ ਗਵਾਇ"

ਭਾਵ ਕਿ ਕਈ ਨਿਰੇ ਫਲ ਹੀ ਖਾਂਦੇ ਹਨ, ਪਰ ਇਸ ਵਰਤ ਦਾ ਫਲ ਨਹੀਂ ਮਿਲਦਾ। ਕਈ ਰਸਦਾਰ ਚੀਜ਼ਾਂ, ਸਵਾਦੀ ਚੀਜ਼ਾਂ ਖਾਂਦੇ ਹਨ, ਪਰ ਫਿਰ ਵੀ ਆਪਣਾ ਸਵਾਦ ਗੁਆ ਲੈਂਦੇ ਹਨ।

ਸੰਦੇਸ਼:- ਹਰੀ ਪ੍ਰਭੂ ਦਾ ਨਾਮ ਲੈਣ ਵਾਲੇ ਮਹਾਂ ਪੁਰਸ਼ਾਂ ਨੂੰ ਸਵਾਦਾਂ ਦਾ ਸ਼ੌਂਕ ਨਹੀਂ ਹੁੰਦਾ। ਉਹ ਤਾਂ ਹਰੀ ਦੇ ਨਾਮ ਵਿਚ ਚੰਗੇ ਰਹਿੰਦੇ ਹਨ। ਸਵਾਦਾਂ ਤੋਂ ਉਪਰ ਸਰਵੋਤਮ ਸਵਾਦ ਹੈ ਹਰੀ ਸਿਮਰਨ। ਮਨੁੱਖ ਨੂੰ ਹਰੀ ਦੇ ਨਾਮ ਵਿਚ ਰੰਗੇ ਰਹਿਣਾ ਚਾਹੀਦਾ ਹੈ। ਸਵਾਦਾਂ ਤੋਂ ਉਪਰ ਸਰਵੋਤਮ ਸਵਾਦ ਹੈ ਹਰੀ ਸਿਮਰਨ। ਮਨੁੱਖ ਨੂੰ ਹਰੀ ਦੇ ਨਾਮ ਵਿਚ ਰੰਗੇ ਰਹਿਣਾ ਚਾਹੀਦਾ ਹੈ। ਸਵਾਦਾਂ ਤੋਂ ਉਪਰ ਉਠਕੇ ਚੰਗੇ ਕਰਮ ਕਰ ਮਨੁੱਖ ਆਦਿ।



**ਬਲਵਿੰਦਰ 'ਬਾਲਮ' ਗੁਰਦਾਸਪੁਰ**
91-98156-25409

"ਤੇਰਸਿ ਤਰਵਰ ਸਮੁਦ ਕਨਾਰੈ"
ਅੰਮ੍ਰਿਤ ਮੂਲੁ ਸਿਖਰਿ ਲਿਵ ਤਾਰੇ"

ਭਾਵ ਕਿ ਮਨੁੱਖ ਦੀ ਜ਼ਿੰਦਗੀ ਸਮੁੰਦਰ ਦੇ ਕੰਢੇ ਉਤੇ ਰੁੱਖ ਦੀ ਤਰ੍ਹਾਂ ਹੈ (ਜੋ ਛੇਤੀ ਹੀ ਉਖੜ ਕੇ ਪਾਣੀ ਵਿਚ ਡਿਗ ਪਵੇਗਾ), ਪਰ ਉਸ ਦੀ ਜੜ੍ਹ ਅਮਰ ਹੋ ਸਕਦੀ ਹੈ ਉਸ ਦੀ ਚੋਟੀ ਲਿਵ ਦੀ ਤਾਰ ਨਾਲ ਬੱਧੀ ਰਹੇ। (ਇਹ ਸੁੰਦਰ ਪ੍ਰਤੀਕ ਦੱਸਦੇ ਹਨ)

ਸੰਦੇਸ਼:-ਇਹ ਸੁੰਦਰ ਪ੍ਰਤੀਕ ਦੱਸਦੇ ਹਨ, ਕਿ ਮਨੁੱਖ ਜੇ ਪ੍ਰਭੂ ਨਾਲ ਜੁੜਿਆ ਰਵੇ, ਤਾਂ ਉਸਦੀ ਜ਼ਿੰਦਗੀ ਸੰਵਰ ਜਾਂਦੀ ਹੈ। ਮਨੁੱਖ ਦੀ ਜ਼ਿੰਦਗੀ ਤਾਂ ਸਾਗਰ ਕੰਢੇ ਰੁੱਖ ਵਾਂਗੂ ਹੈ, ਕੱਦ ਨੇਰ੍ਹੀ, ਤੂਫ਼ਾਨ, ਝੱਖੜ (ਦੁੱਖਾਂ-ਤਕਲੀਫ਼ਾਂ ਨਾਲ ਡਿੱਗ ਜਾਵੇ) ਇਸ ਦੇ ਲਈ ਸਦਾ ਹਰੀ ਨੂੰ ਯਾਦ ਰੱਖੋ, ਮਾਨਵਤਾ ਦੇ ਕੰਮ ਆਵੇ।

"ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ। ਮਰਣ-ਜੀਵਨ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ"

ਭਾਵ ਕਿ ਪ੍ਰਾਣਾਂ ਨੂੰ ਹਵਾ ਪਾਣੀ ਆਦਿ ਨਾਲ ਬੰਨ੍ਹ ਰੱਖਿਆ ਹੈ, ਚੰਨ ਅਤੇ ਸੂਰਜ ਦੋ ਵੱਡੇ ਦੀਵੇ ਦਿੱਤੇ ਹਨ। ਧਰਤੀ ਦੇ ਬਹੁਤ ਉਪਕਾਰ ਹਨ, ਜਿਸ ਨਾਲ ਮਰਣ-ਜੀਵਨ ਜੁੜਿਆ ਹੋਇਆ ਹੈ।

ਸੰਦੇਸ਼:-ਮਨੁੱਖ ਦੀ ਜ਼ਿੰਦਗੀ ਦੀ ਸਾਰੀ ਕਾਰਗੁਜਾਰੀ ਹਵਾ, ਪਾਣੀ ਚੰਨ, ਸੂਰਜ ਦੇ ਨਾਲ ਹੈ। ਧਰਤੀ ਦੇ ਬਹੁਤ ਉਪਕਾਰ ਹਨ, ਜਿਸ ਨਾਲ ਜੀਵਨ-ਮਰਨ ਜੁੜਿਆ ਹੋਇਆ ਹੈ। ਮਨੁੱਖ ਨੂੰ ਪਾਣੀ, ਚੰਨ, ਸੂਰਜ, ਹਵਾ, ਧਰਤੀ ਨੂੰ ਨਮਸਕਾਰ ਕਰਨਾ ਚਾਹੀਦਾ, ਜਿਸਦੀ ਬਦੌਲਤ ਉਹ ਹੈ। ਉਸ ਪ੍ਰਭੂ ਦੀ ਬਦੌਲਤ ਜੀਵਨ ਹੈ, ਜਿਸਨੂੰ ਸ਼ੁੱਭ ਅਮਲਾਂ, ਚੰਗੇ ਕਰਮਾਂ ਨਾਲ ਗੁਜ਼ਾਰਿਆ ਜਾਵੇ।

"ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ"
ਸਾਜਣ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ।"

ਭਾਵ ਕਿ ਧੁਰ ਅੰਦਰ ਠੰਡ ਵਰਤ ਗਈ ਹੈ, ਗੁਰਬਾਣੀ ਰੂਪ ਅੰਮ੍ਰਿਤ ਦੇ ਵੱਸਣ ਨਾਲ। ਬੂੰਦ ਸੁਹਾਵਣੀ ਪੈਣ ਨਾਲ ਠੰਡ ਪੈ ਗਈ ਹੈ। ਹਰੀ ਨਾਲ ਇਸ ਤਰ੍ਹਾਂ ਮਿਲਾਪ ਹੈ ਜਿਸ ਤਰ੍ਹਾ ਸਾਜਣ ਦੇ ਮਿਲਣ ਵਾਂਗ, ਜਿਸਦੀ ਬਾਣੀ ਨਾਲ ਪ੍ਰੀਤ ਹੈ, ਉਹ ਹੀ ਉਸਦੀ ਪ੍ਰਾਪਤੀ ਪਾਉਂਦਾ ਹੈ।

ਸੰਦੇਸ਼:- ਕਵੀ ਗੁਰੂ ਨਾਨਕ ਨੇ ਬਹੁਤ ਹੀ ਸੁੰਦਰ ਕੁਦਰਤੀ ਪ੍ਰਤੀਕ ਲੈ ਕੇ ਮਨੁੱਖ ਨੂੰ ਸਮਝਾਇਆ ਹੈ, ਕਿ ਜਿਸ ਤਰ੍ਹਾਂ ਸੁਹਾਵਣੀ ਬੂੰਦ ਠੰਡ ਪਾ ਦਿੰਦੀ ਹੈ, ਹਰੀ ਦਾ ਨਾਮ ਵੀ ਇਵੇਂ ਹਿਰਦੇ ਵਿਚ ਠੰਡ ਪਾ ਦੇਂਦਾ ਹੈ। ਜਿਸ ਤਰ੍ਹਾਂ ਸੱਜਣ ਦੇ ਮਿਲਣ ਨਾਲ ਸੱਚੀ ਪ੍ਰੀਤ ਹੁੰਦੀ ਹੈ, ਇਵੇਂ ਹਰੀ ਦੇ ਦਰਸ਼ਨਾਂ ਨਾਲ ਮਨੁੱਖ ਦੀ ਅਧਿਆਤਮਿਕ ਤ੍ਰਿਪਤੀ ਹੁੰਦੀ ਹੈ। ਮਨੁੱਖ ਨੂੰ ਉਸ ਪ੍ਰਭੂ ਦੇ ਨਾਮ ਨਾਲ ਸੱਚਾ ਲਗਾ ਹੋਣਾ ਚਾਹੀਦਾ ਹੈ।

"ਉਨ ਵਿਘਨ ਛਾਏ ਬਰਸੁ ਸੁਭਾਏ ਮਨਿ-ਤਨਿ ਪ੍ਰੇਮੁ ਸੁਖਾਵੈ।
ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ"

ਭਾਵ ਕਿ ਝੁਝ-ਝੁਕ ਕੇ ਬੱਦਲ ਛਾਏ ਹਨ, ਵਰਖਾ ਸ਼ੋਭਮਾਨ ਹੋਈ ਹੈ ਅਤੇ ਮਨ ਤਨ ਪ੍ਰੇਮ ਸੁਖਾਂਦਾ ਹੈ। ਕਿਰਪਾ ਹੋਣ 'ਤੇ ਉਹ ਹਰੀ ਮਨ ਵਿਚ ਆ ਜਾਂਦਾ ਹੈ।

ਸੰਦੇਸ਼:- ਚਾਰੇ ਪਾਸੇ ਬੱਦਲ ਛਾਏ ਹੋਏ ਹਨ, ਇਵੇਂ ਹਰੀ ਹਿਰਦੇ ਵਿਚ ਬਰਸਦਾ ਹੈ। ਉਸਦੇ ਨਾਮ ਨਾਲ ਠੰਡ ਵਰਤ ਜਾਂਦੀ ਹੈ, ਮਨ ਵਿਚ ਸਕੂਨ ਉਤਪਨ ਹੋ ਜਾਂਦਾ ਹੈ।

"ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ" ਪਿਰ ਘਰਿ ਨਹੀਂ ਆਵੈ ਘਨ ਕਿਉ ਸੁਖੁ ਪੌ ਬਿਰਹਿ ਬਿਰੋਧ ਤਨੁ ਛੀਜੈ" ਕੋ ਦਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ।। ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ"

ਭਾਵ ਕਿ ਬਾਹਰ ਦੇ ਇਲਾਕੇ ਵਿਚ ਜੰਗਲ ਫੁੱਲ ਪਵੇ, ਜੇ ਮੇਰੇ ਘਰ ਪਤੀ ਵਾਪਸ ਆਏ; ਜਿਸ ਤਰ੍ਹਾਂ ਮਾਰੂਥਲ ਵਿਚ, ਉਜਾੜ ਵਿਚ ਜੰਗਲ ਹਰਿਆ-ਭਰਿਆ ਹੋ ਜਾਂਦਾ ਹੈ, ਤਾਂ ਬਹਾਰਾਂ ਹੀ ਬਹਾਰਾਂ ਆ ਜਾਂਦੀਆਂ ਹਨ, ਤਿਵੇਂ ਪਤੀ ਦੇ ਘਰ ਪੈਰ੍ਹ ਪਾਉਣ ਨਾਲ ਘਰ ਵਿਚ ਖੁਸ਼ੀਆਂ ਹੀ ਖੁਸ਼ੀਆਂ ਆ ਜਾਂਦੀਆਂ ਹਨ। ਵਿਛੋੜੇ ਕਰਕੇ ਸਰੀਰ ਟੁੱਟ ਰਿਹਾ ਹੈ, ਕਿਵੇਂ ਦੁੱਖ ਨੂੰ ਦਿਲ ਅੰਦਰ ਸਹਾਰਾ। ਅੰਬਾਂ ਉਤੇ ਕੋਇਲ ਸੁਹਾਣੇਂ ਬੋਲ-ਕੂਕਦੀ ਹੈ। ਹੇ ਮਾਈ! ਮੈਂ ਕਿਵੇਂ ਜੀਵਾਂ, ਭੋਰਾ ਫੁੱਲਾਂ ਲੱਦੀ ਟਹਿਣੀ ਉਤੇ ਘੁੰਮ ਰਿਹਾ ਹੈ। ਬਸੰਤੀ ਦੀ ਖੁਸ਼ੀ ਦਾ ਸੁੰਦਰ ਦ੍ਰਿਸ਼ ਵਰਣਨ ਹੈ।

ਸੰਦੇਸ਼:- ਮਨਮੋਹਣੇ ਪ੍ਰਤੀਕਾਂ ਦੇ ਨਾਲ ਕਵੀ ਗੁਰੂ

**(ਬਾਕੀ ਅਗਲੇ ਸਫੇ 'ਤੇ)**

# ਗੁਰੂ ਨਾਨਕ ਬਾਣੀ ਵਿਚ ਕੁਦਰਤ ਦਾ ਖੂਬਸੂਰਤ ਵਰਣਨ : ਮਾਨਵਤਾ ਲਈ ਪ੍ਰਤੀਕਾਤਮਿਕ ਸੰਦੇਸ਼

(ਸਫਾ 22 ਦੀ ਬਾਕੀ)

ਸਮਝਾਂਦੇ ਹਨ ਮਨੁੱਖ ਨੂੰ ਪ੍ਰਭੂ ਨਾਲ ਜੋੜਣ ਦੀ ਵਿਧੀ ਦੱਸਦੇ ਹਨ । ਪ੍ਰਭੂ ਦੇ ਮੇਲ ਨਾਲ ਹਿਰਦੇ ਦੇ ਜੰਗਲ ਹਰੇ ਭਰੇ ਹੋ ਜਾਂਦੇ ਹਨ। ਉਸਦੇ ਮਿਲਣਨਾਲ ਤ੍ਰਿਸ਼ਨਾਵਾਂ ਪੂਰੀਆਂ ਹੋ ਜਾਂਦੀਆਂ ਹਨ। ਪ੍ਰਭੂ ਦੇ ਨਾਮ ਵਿਚ ਅਥਾਹ ਸ਼ਕਤੀ ਹੈ ।

"ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ।। ਜਲ-ਥਲ ਨੀਰਿ ਭਰੇ ਬਰਸ ਰੁਤੇ ਰੰਗ ਮਾਣੀ" ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ" ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ" ਮਛਰ ਡੰਗ ਸਾਇਰ ਭਰ ਸੁਤਰ ਬਿਨੁ ਹਰਿ ਕਿਉ ਸੁਖੁ ਪਾਈਐ" ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ"

ਭਾਵ ਕਿ ਭਾਦਰੋਂ ਮਾਹ ਵਿਚ ਬੱਦਲ ਧੜਾ-ਧੜ ਆਉਂਦੇ ਹਨ, ਪਰ ਜਲਦੀ ਹੀ ਉਡ ਜਾਂਦੇ ਹਨ, ਇਹ ਮੌਸਮ ਹੋਰ ਹੀ ਤਰ੍ਹਾਂ ਦਾ ਹੈ ਅਤੇ ਭੁਲੇਖਾ ਮਈ ਹੁੰਦਾ ਹੈ, ਇਸੇ ਤਰ੍ਹਾਂ ਹੀ ਜੀਵ ਰੂਪੀ ਇਸਤਰੀ ਵੀ ਭਰਮ ਵਿਚ ਭੁੱਲੀ ਹੋਈ ਆਪਣੇ ਹਾਰ ਸ਼ਿੰਗਾਰ ਵਿਚ ਲੱਗੀ ਹੋਈ ਹੈ । ਚਾਰ-ਚੁਫੇਰੇ ਜਲ ਥਲ ਪਾਣੀ ਨਾਲ ਭਰੇ ਅਤੇ ਮੌਜ ਮਾਣਨ ਵਾਲੀ ਬਾਰਿਸ਼ ਦੀ ਰੁੱਤ ਹੈ, ਕਾਲੀ ਰੁੱਤ ਨੂੰ ਮੀਂਹ ਵਰਦਾ ਹੈ, ਡੱਡੂ ਗੁੜੈਂ-ਗੁੜੈਂ ਕਰਦੇਹਨ, ਮੋਰ ਕੁਹਕਦੇ ਹਨ, ਪਪੀਹਾ ਵੀ ਪ੍ਰਿਉ-ਪ੍ਰਿਉ ਕਰਦਾ ਹੈ, ਪਰ ਪਤੀ ਤੋਂ ਵਿਛੜੀ ਨਾਰ ਨੂੰ ਇਸ ਸੁਹਾਵਣੇ ਰੰਗ ਤੋਂ ਆਨੰਦ ਨਹੀਂ ਮਿਲਦਾ, ਉਸਨੂੰ ਤਾਂ ਇਹੀ ਲੱਗਦਾ ਹੈ, ਕਿ ਮੱਛਰ ਡੰਗ ਮਾਰਦੇ ਹਨ, ਸੱਪ ਡੱਸਦੇ ਫਿਰਦੇ ਹਨ । ਇਸੇ ਤਰ੍ਹਾਂ ਜੀਵ ਰੂਪੀ ਇਸਤਰੀ ਨੂੰ ਵੀ ਪ੍ਰਭੂ ਪਤੀ ਦੇ ਵਿਛੋੜੇ ਦਾ ਅਹਿਸਾਸ ਹੋ ਜਾਂਦਾ ਹੈ ਅਤੇ ਉਸਨੂੰ ਹੋਰ ਰੰਗ ਤਮਾਸ਼ਿਆਂ ਵਿਚੋਂ ਆਤਮਿਕ ਆਨੰਦ ਨਹੀਂ ਮਿਲਦਾ, ਸਗੋਂ ਰੰਗ ਤਮਾਸ਼ੇ ਮੱਛਰ ਤੇ ਸੱਪਾਂ ਵਾਂਗੂ ਡੰਗ ਮਾਰਦੇ ਪ੍ਰਤੀਤ ਹੁੰਦੇ ਹਨ। ਹੇ ਨਾਨਕ! ਤੂੰ ਆਖ ਕਿ ਮੈਂ ਤੇ ਆਪਣੇ ਗੁਰੂ ਦੇ ਦੱਸੇ ਹੋਏ ਰਾਹ 'ਤੇ ਤੁਰਾਂਗੀ ਤੇ ਉਥੇ ਹੀ ਜਾਵਾਂਗੀ ਜਿੱਥੇ ਮੇਰਾ ਪ੍ਰਭੂ ਪਤੀ ਮਿਲ ਸਕਦਾ ਹੈ।

ਸੰਦੇਸ਼:-ਬਾਹਰੀ ਸੁੱਖਾਂ ਦੀ ਭਾਲ ਨਾਲੋਂ ਹਰੀ ਨਾਮ ਦਾ ਸੁੱਖ ਉਤਮ ਹੈ । ਕਵੀ ਨਾਨਕ ਜੀ ਨੇ ਕਮਾਲ ਦੇ ਪ੍ਰਤੀਕ ਲੈ ਕੇ ਸਮਝਾਇਆ ਹੈ । ਜਿਸ ਤਰ੍ਹਾਂ ਇਕ ਨਾਰੀ ਪਤੀ ਪ੍ਰੇਮ ਲਈ ਵਿਆਕੁਲ ਹੋ ਜਾਂਦੀ ਹੈ । ਇਸੇ ਤਰ੍ਹਾਂ ਹੀ ਹਰੀ-ਪ੍ਰਭੂ ਦਾ ਭਗਤ, ਉਸਦੀ ਸ਼ਰਨ, ਉਸਦੀ ਪ੍ਰਾਪਤੀ ਲੋਚਦਾ ਹੈ। ਉਸਨੂੰ ਪ੍ਰਭੂ ਦੇ ਸਿਮਰਨ 'ਚ ਆਨੰਦ ਮਿਲਦਾ ਹੈ।

'ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ" ਦਹ ਦਿਸਿ ਸਾਖ ਹਰੀ ਹਰੀ ਆਵਲ ਸਹਿਜ ਪਕੈ ਸੋ ਮੀਠਾ" ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰੂ ਭਏ ਬਸੀਠਾ"

ਭਾਵ ਕਿ ਜਿਵੇਂ ਭਾਦਰੋਂ ਦੇ ਘੁੰਮੇ ਦੇ ਦਿਨ ਅਤੇ ਅੱਸੂ ਦੇ ਰੁੱਤੇ ਇਸਤਰੀ ਦੇ ਮਨ ਵਿਚ ਪਤੀ ਨੂੰ ਮਿਲਣਜ਼ ਦੀ ਤਾਂਘ ਹੁੰਦੀ ਹੈ, ਤਿਵੇਂ ਜਿਸ ਜੀਵ ਰੂਪੀ ਇਸਤਰੀ ਨੇ ਪ੍ਰਭੂ ਦੇ ਵਿਛੋੜੇ ਵਿਚ ਕਾਮਦਾਇਕ ਵੈਰੀਆਂ ਦੇ ਹੱਲਿਆਂ ਦੇ ਦੁਖ ਦੇਖ ਲਏ ਹਨ, ਉਹ ਅਰਦਾਸ ਕਰਦੀ ਹੈ, ਕਿ ਹੇ ਪ੍ਰਭੂ ! ਪਤੀ ਜੀ ਮੇਰੇ ਹਿਰਦੇ ਵਿਚ ਆ ਵੱਸੋ ਦੁਨੀਆ ਦੇ ਝੂਠੇ ਮੋਹ ਵਿਚ ਮੈਂ ਫਸ ਕੇ ਖੁਆਰ ਹੋ ਰਹੀ ਹਾਂ । ਸਰੀਰਕ ਕਮਜ਼ੋਰੀ ਤੇ ਕੇਸ ਚਿੱਟੇ ਹੋਣ ਕਰਕੇ ਮੇਰਾ ਮਨ ਡੋਲਦਾ ਹੈ, ਕਿ ਅਜੇ ਤਕ ਪ੍ਰਭੂ ਪਤੀ ਦਾ ਦੀਦਾਰ ਨਹੀਂ ਹੋ ਸਕਿਆ, ਪਰ ਹਰ ਪਾਸੇ ਹਰੀਆਂ ਸ਼ਾਖਾਂ ਦੀ ਹਰਿਆਵਲ ਵੇਖ ਕੇ ਮਨ ਨੂੰ ਧੀਰਜ ਬੱਝਦਾ ਹੈ, ਕਿ ਜਿਹੜਾ ਜੀਵ ਅਡੋਲ ਅਵਸਥਾ ਵਿਚ ਦ੍ਰਿੜ ਰਹਿੰਦਾ ਹੈ, ਉਸਨੂੰ ਪ੍ਰਭੂ ਮਿਲਾਪ ਦੀ ਖੁਸ਼ੀ ਮਿਲਦੀ ਹੈ । ਹੇ ਨਾਨਕ! ਤੂੰ ਵੀ ਆਖ ਤੇ ਅਰਦਾਸਾ ਕਰ ਕਿ ਹੇ ਪਿਆਰੇ ਪ੍ਰਭੂ ਤੂੰ ਮਿਹਰ ਕਰ ਤੇ ਗੁਰੂ ਵਿਚੋਲੇ ਰਾਹੀਂ ਮੈਨੂੰ ਆਪਣਾ ਮਿਲਾਪ ਬਖ਼ਸ਼ ।

ਸੰਦੇਸ਼:-ਕਵੀ ਗੁਰੂ ਨਾਨਕ ਜੀ ਨੇ ਰੁੱਤਾਂ ਮਹੀਨਿਆਂ ਦੇ ਪ੍ਰਤੀਕ ਲੈ ਕੇ ਮਨੁੱਖ ਨੂੰ ਕਿਹਾ ਹੈ, ਕਿ ਝੂਠੇ ਮੋਹ ਸੰਸਾਰ ਤੋਂ ਉਪਰ ਹੈ ਉਸ ਪ੍ਰਭੂ ਦਾ ਨਾਮ । ਉਸਦੀ ਮਿਹਰ ਸਦਕਾ ਹੀ ਸਭ ਕੁਝ ਹੁੰਦਾ ਹੈ । ਜਿਸ ਮਨੁੱਖ ਵਿਚ ਧੀਰਜ, ਹੌਸਲਾ ਸ਼ਕਤੀਆਂ ਹਨ, ਉਸਨੂੰ ਹੀ ਪ੍ਰਭੂ ਮਿਲਣ ਦੀ ਬਖਸ਼ਿਸ਼ ਹੁੰਦੀ ਹੈ।

"ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ" ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ"

ਗ਼ਭਾਵ ਕਿ ਜਿਸ ਜੀਵ ਦੇ ਮਨ ਅਤੇ ਤਨ ਵਿਚ ਸਾਰੇ ਜਗਤ ਨੂੰ ਜੀਵਨ ਦੇਣ ਵਾਲਾ ਪ੍ਰਭੂ ਆ ਕੇ ਵੱਸ ਜਾਂਦਾ ਹੈ ਉਹ ਗੁਰੂ ਦੇ ਸ਼ਬਦ ਵਿਚ ਜੁੜ ਕੇ ਪ੍ਰਭੂ ਦੇ ਮਿਲਾਪ ਦਾ ਆਨੰਦ ਮਾਣਦਾ ਹੈ ਤੇ ਉਸਨੂੰ ਚੌਹਾਂ ਪਾਸੇ (ਚਾਰੇ ਪਾਸੇ) ਦੇ ਜੀਵਾਂ ਵਿਚ ਉਸ ਪ੍ਰਭੂ ਦੀ ਜੋਤ ਸਮਾਈ ਹੋਈ ਦਿਸਦੀ ਹੈ। ਅੰਡਜ: ਆਂਡੇ ਤੋਂ ਪੈਦਾ ਹੋਣ ਵਾਲੇ ਜੀਵ, ਜੇਰਜ: ਜ਼ੇਰ ਤੋਂ ਪੈਦਾ ਹੋਣ ਵਾਲੇ ਜੀਵ, ਸੇਤਜ: ਮੁੜਕੇ ਤੋਂ ਪੈਦਾ ਹੋਣ ਵਾਲੇ ਜੀਵ, ਉਤਭੁਜ: ਧਰਤੀ ਤੋਂ ਪੈਦਾ ਹੋਈ ਉਤਪਤੀ ।

ਸੰਦੇਸ਼:-ਕਣ-ਕਣ ਵਿਚ ਉਸ ਪ੍ਰਭੂ ਦਾ ਵਾਸਾ ਹੈ। ਹਰ ਜੀਵ-ਪ੍ਰਾਣੀ ਨਾਲ ਮੋਹ-ਪਿਆਰ ਨਾਲ ਰਿਹਾ ਜਾਵੇ।

"ਰਵਿ ਰਹਿਆ ਸੋਈ ਅਵਰੁ ਨ ਕੋਈ ਮਨ ਹੀ ਤੇ ਮਨੁ ਮਾਨਿਆ" ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ ਸੋ ਪ੍ਰਭ ਗੁਰਮਖਿ ਜਾਨਿਆ"

ਭਾਵ ਕਿ ਸਾਰੀ ਸ੍ਰਿਸ਼ਟੀ ਵਿਚ ਵਾਹਿਗੁਰੂ ਜੀ ਹੀ ਵਿਆਪਕ ਹਨ, ਹੋਰ ਕੋਈ ਨਹੀਂ, ਇਹ ਸਮਝ ਉਸਨੂੰ ਪੈਂਦੀ ਹੈ ਜੋ ਅੰਤਰ-ਆਤਮੇ ਦੇ ਨਾਮ ਵਿਚ ਪਰੋਤਾ ਰਹਿੰਦਾ ਹੈ । ਜਿਸ ਪ੍ਰਭੂ ਨੇ ਪਾਣੀ, ਧਰਤੀ, ਤ੍ਰਿਲੋਕੀ ਤੇ ਹਰੇਕ ਸਰੀਰ ਬਣਾਇਆ ਹੈ, ਉਸਦੀ ਸਮਝ ਉਸ ਜੀਵ ਨੂੰ ਗੁਰੂ ਰਾਹੀਂ ਸਹੀ ਪੈ ਜਾਂਦੀ ਹੈ।

ਸੰਦੇਸ਼:-ਗੁਰੂ ਰਾਹੀਂ ਹੀ ਮਨੁੱਖ ਨੂੰ ਸਹੀ ਰਸਤਾ ਮਿਲਦਾ ਹੈ । ਜੋ ਵਿਅਕਤੀ ਸਾਧਕ ਅੰਤਰ-ਆਤਮਾ ਦੇ ਨਾਮ ਨਾਲ ਭਿੱਜਿਆ ਹੈ, ਉਹ ਹੀ ਸੱਚੇ ਨਾਮ ਦਾ ਮਾਲਿਕ ਹੈ ।

"ਸਤਿਗੁਰੂ ਸਬਦੀ ਮਿਲੈ ਵਿਛੁਨੀ ਤਨੁ-ਮਨੁ ਆਗੈ ਰਾਖੈ"
ਨਾਨਕ ਅੰਮ੍ਰਿਤ ਬਿਰਖੁ ਮਹਾਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ"

ਭਾਵ ਕਿ ਹੇ ਨਾਨਕ! ਆਪ ਕਿ ਜਿਹੜੀ ਜੀਵ ਰੂਪੀ ਇਸਤਰੀ ਗੁਰੂ ਦੇ ਸ਼ਬਦ ਰਾਹੀਂ ਆਪਣਾ ਤਨ ਤੇ ਮਨ ਉਸ ਪ੍ਰਭੂ ਦੇ ਹਵਾਲੇ ਕਰ ਦਿੰਦੀ ਹੈ, ਉਸਨੂੰ ਉਸ ਪ੍ਰਭੂ ਦੇ ਮੇਲ ਹੋ ਜਾਂਦੇ ਹਨ । ਪਰਮਾਤਮਾ ਦਾ ਨਾਮ ਜੀਵ ਨੂੰ ਆਤਮਿਕ ਜੀਵਨ ਦੇਣ ਵਾਲਾ ਐਸਾ ਰੁੱਖ ਹੈ ਜਿਸਨੂੰ ਉਚੇ ਆਤਮਿਕ ਗੁਣਾਂ ਦੇ ਫਲ ਲੱਗੇ ਰਹਿੰਦੇ ਹਨ ਅਤੇ ਗੁਰੂ ਸ਼ਬਦ ਰਾਹੀਂ ਪ੍ਰਭੂ ਅੱਗੇ ਆਪਣਾ ਤਨ-ਮਨ ਭੇਂਟ ਕਰਨ ਵਾਲੀ ਜੀਵ ਰੂਪੀ ਇਸਤਰੀ ਇਸ ਅੰਮ੍ਰਿਤ ਰੁੱਖ ਦੇ ਫੁੱਲਾਂ ਦਾ ਸੁਆਦ ਚੱਖਦੀ ਰਹਿੰਦੀ ਹੈ ।

ਸੰਦੇਸ਼:-ਗੁਰੂ ਸ਼ਬਦ ਰਾਹੀਂ ਹੀ ਮਨੁੱਖ ਉਸ ਪ੍ਰਭੂ ਦੀ ਪ੍ਰਾਪਤੀ ਤਕ ਚੰਗੇ ਕੰਮਾਂ ਦੀ ਬੁਨਿਆਦੀ ਤਕ ਪਹੁੰਚ ਸਕਦਾ ਹੈ।

"ਗੁਰ ਰੂਪ ਮੁਰਾਰੇ ਤ੍ਰਿਭਵਣ ਧਾਰੇ ਤਾ ਕਾ ਅੰਤੁ ਨ ਪਾਇਆ"
ਰੰਗੀ ਜਿਨਸੀ ਜੰਤ ਉਪਾਏ ਨਿਤ ਦੇਵੈ ਚੜੇ ਸਵਾਇਆ ।"

ਭਾਵ ਕਿ ਵੱਡੀ ਹਸਤੀ ਵਾਲੇ ਪਰਮਾਤਮਾ ਨੇ ਤਿੰਨਾਂ ਭਵਨਾਂ (ਧਰਤੀ, ਆਕਾਸ਼, ਪਾਤਾਲ) ਨੂੰ ਆਪਣਾ ਆਸਰਾ ਦੇ ਕੇ ਰੱਖਿਆ ਹੋਇਆ ਹੈ, ਉਸ ਦੇ ਗੁਣਾਂ ਦਾ ਅੱਜ ਤਕ ਕਿਸੇ ਨੇ ਅੰਤ ਨਹੀਂ ਪਾਇਆ ਅਤੇ ਉਸਨੇ ਕਈ ਰੰਗਾਂ ਅਤੇ ਕਈ ਜਿਨਸਾਂ ਦੇ ਜੀਵ ਪੈਦਾ ਕੀਤੇ ਹੋਏ ਹਨ ਅਤੇ ਉਨ੍ਹਾਂ ਨੂੰ ਨਿੱਤ ਦਾਨ ਦੇਂਦਾ ਰਹਿੰਦਾ, ਉਸਦਾ ਭੰਡਾਰ ਮੁੱਕਦਾ ਨਹੀਂ, ਸਦਾ ਵਧਦਾ ਰਹੀ ਰਹਿੰਦਾ ਹੈ ।

ਸੰਦੇਸ਼:-ਸਾਰੀ ਕਾਇਨਾਤ ਧਰਤੀ, ਆਕਾਸ਼, ਪਾਤਾਲ ਨੂੰ ਉਸ ਪ੍ਰਭੂ ਦਾ ਹੀ ਆਸਰਾ ਹੈ । ਉਸਦੇ ਬੇਅੰਤ ਗੁਣਾਂ ਕਰਕੇ ਸਭ ਨੂੰ ਕੁਝ ਨਾ ਕੁਝ ਮਿਲ ਰਿਹਾ ਹੈ । ਜੀਵ-ਪ੍ਰਾਣੀ ਜੋ ਪੈਦਾ ਕੀਤੇ ਹਨ, ਉਨ੍ਹਾਂ ਦਾ ਉਹੋ ਹੀ ਪਾਲਣਹਾਰ ਹੈ । ਮਨੁੱਖ ਨੂੰ ਆਪਣੇ ਕੀਤੇ ਕਰਮਾਂ 'ਤੇ ਘੁਮੰਡ ਨਹੀਂ ਹੋਣਾ ਚਾਹੀਦਾ, ਕਿਉਂਕਿ ਸਭ ਕੁਝ ਪਰਮਾਤਮਾ ਕਰ ਰਿਹਾ ਹੈ ।

"ਹਰਿ ਸਿਮਰਿ ਏਕੰਕਾਰੁ ਸਾਚਾ ਸਭ ਜਗਤੁ ਜਿੰਨਿ ਉਪਾਇਆ"
ਪਉਣੁ ਪਾਣੀ ਅਗਨਿ ਬਾਧੇ ਗੁਰਿ ਖੇਲੁ ਜਗਤਿ ਦਿਖਾਇਆ"

ਭਾਵ ਕਿ ਹੇ ਮੇਰੇ ਮਨ ਉਸ ਸਰਬ-ਵਿਆਪਕ ਤੇ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨੂੰ ਸਿਮਰਦਾ ਰਹੋ, ਜਿਸ ਨੇ ਸਾਰਾ ਜਗਤ ਪੈਦਾ ਕੀਤਾ ਹੈ ਅਤੇ ਹਵਾ ਪਾਣੀ ਅੱਗ (ਆਦਿਕ ਤੱਤਾਂ) ਨੂੰ ਨਿਯਮ ਬੱਧ ਕੀਤਾ ਹੋਇਆ ਹੈ, ਵਾਹਿਗੁਰੂ ਜੀ ਦੇ ਇਸ ਖੇਲ ਦੀ ਸਮਝ ਗੁਰੂ ਰਾਹੀਂ ਹੀ ਜੀਵ ਨੂੰ ਪੈਂਦੀ ਹੈ।

ਸੰਦੇਸ਼:- ਜਿਸ ਪ੍ਰਭੂ ਨੇ ਸਭ ਕੁਝ ਨਿਯਮ ਬੱਧ ਕੀਤਾ ਹੈ, ਤੂੰ ਉਸ ਦਾ ਨਾਮ ਸਿਮਰਦਾ ਰਹੋ। ਇਹੋ ਤੇਰੇ ਸੁੱਖ ਦਾ ਰਸਤਾ ਹੈ ।

"ਏ ਮਨ ਮੇਰਿਆ ਬਿਨੁ ਬੇੜੀ ਪਾਰਿ ਨਾ ਅੰਬੜੈ ਰਾਮ"
ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰ ਸ਼ਬਦ ਸੁਰਤਿ ਲੰਘਾਵਏ"
ਮਿਲਿ ਸਾਧ ਸੰਗਤਿ ਕਰਹਿ ਰਲੀਆ ਫਿਰਿ ਨ ਪਛੋਤਾਵਏ"

ਜਿਵੇਂ ਬੇੜੀ ਤੋਂ ਬਗੈਰ ਪਾਰ ਨਹੀਂ ਜਾਇਆ ਜਾ ਸਕਦਾ ਤਿਵੇਂ ਰਾਮ ਦੇ ਨਾਮ ਤੋਂ ਬਿਨਾਂ ਪਾਰ ਉਤਾਰਾ ਨਹੀਂ ਹੋ ਸਕਦਾ । ਜਿਵੇਂ ਬੇੜੀ ਤੋਂ ਬਿਨਾਂ ਮਨੁੱਖ ਨਦੀ ਤੋਂ ਪਾਰ ਨਹੀਂ ਹੋ ਸਕਦਾ । ਇਸ (ਸੰਸਾਰ-ਸਮੁੰਦਰ) ਦੀਆਂ ਵਿਸ਼ੇ-ਵਿਕਾਰ ਰੂਪੀ ਲਹਿਰਾਂ ਪੈ ਰਹੀਆਂ, ਨਾਲ ਭਰਪੂਰ ਸੰਸਾਰ ਸਮੁੰਦਰ ਤੋਂ ਪਾਰਲੇ ਪਾਸੇ ਸੱਜਣ ਪ੍ਰਭੂ ਵੱਸਦਾ ਹੈ, ਗੁਰੂ ਸ਼ਬਦ ਦੀ ਸੁਰਤਿ ਹੀ ਇਸ ਸਮੁੰਦਰ ਤੋਂ ਪਾਰ ਕਰ ਸਕਦੀ ਹੈ। ਹੇ ਮਨ ਤੂੰ ਸਾਧ ਸੰਗਤ ਵਿਚ ਮਿਲਕੇ ਵਾਹਿਗੁਰੂ ਨੂੰ ਸਿਮਰ ਕੇ ਆਨੰਦ ਮਾਣਦਾ ਰਹੇ ਤਾਂ ਤੂੰ ਵੀ ਪਾਰ ਹੋ ਜਾਏਗਾ ਅਤੇ ਫਿਰ ਤੈਨੂੰ ਪਛਤਾਣਾ ਨਹੀਂ ਪਵੇਗਾ।

ਸੰਦੇਸ਼ :- ਵਾਹਿਗੁਰੂ ਦੇ ਸੱਚੇ ਸ਼ਬਦ ਨਾਲ ਹੀ ਤੂੰ ਭਵਸਾਗਰ ਪਾਰ ਕਰ ਸਕਦਾ ਏਾ । ਨਾਮ ਸਿਮਰਨ ਤੋਂ ਬਿਨਾਂ ਤੂੰ ਮੰਜ਼ਿਲ ਨਹੀਂ ਪਾ ਸਕਦਾ ।

"ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ।।
ਨਾਨਕ ਹਰੇ ਨ ਸੂਕ ਹੀ ਜਿ ਗੁਰਮੁਖਿ ਰਹੇ ਸਮਾਇ"

ਭਾਵ ਕਿ ਹੇ ਭਾਈ ਇਹ ਦੁਨੀਆ ਦੀਆਂ ਰੁੱਤਾਂ ਤੇ ਮਹੀਨੇ ਆਂਵਦੇ-ਜਾਂਵਦੇ ਹਨ, ਪਰ ਤੁਸੀਂ ਹਉਮੈ ਨੂੰ ਵਿਸਾਰਨ ਵਾਲੇ ਕਰਮ ਕਰਕੇ ਵੇਖੋ, ਉਹ ਸਦਾ ਖੇੜੇ ਵਾਲੀ ਰੁੱਤ ਕਦੇ ਅਲੋਪ ਨਹੀਂ ਹੋਵੇਗੀ । ਹੇ ਨਾਨਕ! ਜਿਹੜੇ ਮਨੁੱਖ ਗੁਰੂ ਦੇ ਦੱਸੇ ਰਾਹ 'ਤੇ ਤੁਰ ਕੇ ਪ੍ਰਭੂ ਯਾਦ ਵਿਚ ਟਿਕ ਜਾਂਦੇ ਹਨ, ਉਨ੍ਹਾਂ ਦੀ ਆਤਮਾ ਸਦਾ ਖਿੜ੍ਹੀ ਰਹਿੰਦੀ ਹੈ ਅਤੇ ਉਹ ਖੇੜਾ ਕਦੇ ਸੁੱਕਦਾ ਨਹੀਂ।

ਸੰਦੇਸ਼:- ਐ ਮਨੱਖ ਇਹ ਖੂਬਸੂਰਤ ਰੁੱਤਾਂ-ਮਹੀਨੇ ਆਉਂਦੇ ਜਾਂਦੇ ਰਹਿੰਦੇ ਹਨ । ਮਨੁੱਖ ਹਉਮੈ ਨੂੰ ਤਿਆਗੇ । ਪ੍ਰਭੂ ਦੇ ਨਾਮ ਵਾਲੀ ਖੇੜੇ ਦੀ ਰੁੱਤ ਸਦਾ ਹੀ ਰਹਿੰਦੀ ਹੈ।

"ਰੁਤਿ ਆਈਲੇ ਸਰਸ ਬਸੰਤ ਮਾਹਿ" ਰੰਗ ਰਾਤੇ ਰਵਹਿ ਸਿ ਤੇਰੈ ਚਾਇ"

ਭਾਵ ਕਿ ਹੇ ਵਾਹਿਗੁਰੂ। ਜੀ ਜਿਹੜੇ ਬੰਦੇ ਤੇਰੇ ਪਿਆਰ ਦੇ ਰੰਗ ਵਿਚ ਰੰਗੇ ਜਾਂਦੇ ਹਨ ਅਤੇ ਜਿਹੜੇ ਤੈਨੂੰ ਸਿਮਰਦੇ ਹਨ, ਉਹ ਤੇਰੇ ਮਿਲਾਪ ਦੀ ਖੁਸ਼ੀ ਵਿਚ ਰਹਿੰਦੇ ਹਨ ਮਾਨੋ ਮਨੱਖਾ ਜਨਮ ਉਨ੍ਹਾਂ ਵਾਸਤੇ ਬਸੰਤ ਰੁੱਤ ਆਈ ਹੋਈ ਹੈ।

ਸੰਦੇਸ਼:- ਮਨੱਖ ਜਨਮ ਕੀਮਤੀ ਜਨਮ ਹੈ, ਜਿਸਨੇ ਦੁਬਾਰਾ ਨਹੀਂ ਆਉਣਾ । ਇਸ ਜੀਵਨ ਨੂੰ ਬਸੰਤ ਰੁੱਤ ਵਾਂਗ ਹੀ ਉਹ ਮਨੁੱਖ ਸਮਝਦੇ ਹਨ, ਜਿਨ੍ਹਾਂ ਨੂੰ ਪ੍ਰਭੂ ਨਾਮ ਦੀ ਸੋਝੀ ਹੈ ।

"ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ" ਨਾਨਕ ਰੁਤਿ ਸੁਹਾਵੀ ਸਾਈ ਬਿਨੁ ਨਾਵੈ ਰੁਤਿ ਕੇਹੀ"

ਭਾਵ ਕਿ ਇਨਸਾਨੀ ਜੀਵਨ ਵਾਸਤੇ ਦੋ ਹੀ ਰੁੱਤਾਂ ਹਨ, ਸਿਮਰਨ ਅਤੇ ਨਾਮਹੀਨਤਾ, ਇਨ੍ਹਾਂ ਵਿਚੋਂ ਜਿਹੜੀ ਰੁੱਤ ਦੇ ਪ੍ਰਭਾਵ ਹੇਠ ਜੀਵ ਆਪਣਾ ਜੀਵਨ ਗੁਜ਼ਾਰਦਾ ਹੈ, ਇਸ ਦੇ ਸ਼ਰੀਰ ਨੂੰ ਉਹੋ ਜਿਹਾ ਹੀ ਸੁੱਖ ਜਾਂ ਦੁੱਖ ਮਿਲਦਾ ਹੈ, ਉਸੇ ਪ੍ਰਭਾਵ ਹੇਠ ਹੀ ਇਸ ਦਾ ਸਰੀਰ ਅਤੇ ਗਿਆਨ ਇੰਦਰੀਆਂ ਚੱਲਦੀਆਂ ਹਨ

ਸੰਦੇਸ਼:- ਹੇ ਨਾਨਕ! ਮਨੁੱਖ ਵਾਸਤੇ ਉਹੀ ਰੁੱਤ ਸੋਹਣੀ ਹੈ ਜਦੋਂ ਇਹ ਨਾਮ ਸਿਮਰਦਾ ਹੈ, ਨਾਮ ਸਿਮਰਨ ਤੋਂ ਬਿਨਾਂ ਕੁਦਰਤ ਦੀ ਬਦਲਦੀ ਹੋਈ ਕੋਈ ਰੁੱਤ ਵੀ ਇਸਨੂੰ ਆਤਮਿਕ ਸੁੱਖ ਨਹੀਂ ਦੇ ਸਕਦੀ । ਆਦਮੀ ਦੇ ਚਾਲ ਚਲਣ ਦੇ ਮੁਤਾਬਿਕ ਹੀ ਉਸਦੇ ਸੁੱਖ ਦੁੱਖ ਹੁੰਦੇ ਹਨ । ਸਿਮਰਨ ਕਰਨ ਵਾਲੇ ਮਨੁੱਖ ਸੁੱਖਾਂ ਦੇ ਭਾਗੀ ਹੁੰਦੇ ਹਨ ।

"ਨਾਨੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਈ" ਨਦੀ ਉਪਕੰਨਿ ਜੈਸੇ ਘਰੁ ਤਰਵਰੁ ਸਰਪਨਿ ਘਰੁ ਘਰ ਮਾਹੀ । । ਉਲਟੀ ਨਦੀ ਕਹਾਂ ਘਰੁ ਤਰਵਰੁ ਸਰਪਨਿ ਡਸੈ ਦੂਜਾ ਮਨ ਮਾਂਹੀ"

ਭਾਵ ਕਿ ਇਹ ਜਗਤ ਮਾਨੋ ਕਾਗਜ਼ਾਂ ਦਾ ਕਿਲ੍ਹਾ ਹੈ, ਜਿਸਨੂੰ ਪ੍ਰਭੂ ਨੇ ਆਪਣੀ ਸਿਆਣਪ ਨਾਲ ਸਜਾਵਟ ਅਤੇ ਰੂਪ ਰੇਖਾ ਦਿੱਤੀ ਹੋਈ ਹੈ, ਪਰ ਜਿਵੇਂ ਇਕ ਨਿੱਕੀ ਜਿਹੀ ਬੂੰਦ ਜਾਂ ਹਵਾ ਦਾ ਝੌਂਕਾ ਕਾਗਜ਼ ਦੇ ਕਿਲ੍ਹੇ ਦੀ ਸ਼ੋਭਾ ਗਵਾ ਦੇਂਦਾ ਹੈ, ਤਿਵੇਂ ਇਹ ਜਗਤ ਪਲ ਵਿਚ ਜੰਮਦਾ ਅਤੇ ਮਰਦਾ ਹੈ। ਜਿਵੇਂ ਕਿਸੇ ਨਦੀ ਦੇ ਕੰਢੇ 'ਤੇ ਕੋਈ ਘਰ ਹੋਵੇ ਜਾਂ ਰੁੱਖ ਹੋਵੇ, ਜਦੋਂ ਨਦੀ ਦਾ ਵੇਗ ਉਲਟਦਾ ਹੈ ਤਾਂ ਫਿਰ ਨਾ ਘਰ ਰਹਿੰਦਾ ਹੈ ਅਤੇ ਨਾ ਹੀ ਉਹ ਰੁੱਖ । ਜਿਵੇਂ, ਜੇ ਕਿਸੇ ਮਨੁੱਖ ਦੇ ਘਰ ਵਿਚ ਸਪਣੀ ਦਾ ਘਰ ਹੋਵੇ ਤਾਂ ਜਦੋਂ ਵੀ ਮੌਕਾ ਮਿਲਦਾ ਹੈ, ਸਪਣੀ ਉਸਨੂੰ ਡੰਗ ਮਾਰੇਗੀ, ਇਸੇ ਤਰ੍ਹਾਂ ਮਨੁੱਖ ਦੇ ਮਨ ਵਿਚ ਪਰਮਾਤਮਾ ਤੋਂ ਬਿਨਾਂ ਕਿਸੇ ਹੋਰ ਦਾ ਆਸਰਾ ਉਸ ਨਦੀ ਦੇ ਉਲਟੇ ਹੜ੍ਹ ਵਾਂਗ ਅਤੇ ਉਸ ਘਰ ਵਿਚ ਵੱਸਦੀ ਸਪਣੀ ਵਾਂਗ ਹੈ, ਇਹ ਦੂਜੀ ਝਾਕ ਆਤਮਿਕ ਮੌਤ ਲਿਆਉਂਦੀ ਹੈ ।

ਸੰਦੇਸ਼:-ਮਨੁੱਖ ਜੀਵਨ ਦਾ ਕੋਈ ਭਰੋਸਾ ਨਹੀਂ, ਕਦ ਦੁਨੀਆ ਤੋਂ ਰੁਖਸਤ ਹੋ ਜਾਏ । ਗੁਰੂ ਜੀ ਨੇ ਬਹੁਤ ਵਧੀਆ ਤਸ਼ਬੀਹਾਂ ਦੇ ਕੇ ਸਮਝਾਇਆ ਕਿ ਮਨੁੱਖੀ ਜੀਵਨ ਕਾਗਜ਼ੀ ਕਿਲ੍ਹਾ ਭਾਵ ਕਿ ਮਨੁੱਖ ਤੇ ਲੱਗਾ ਦਾਗ਼ ਉਸਦੀ ਸ਼ਖਸੀਅਤ ਖ਼ਤਮ ਕਰ ਦਿੰਦੀ ਹੈ। ਪ੍ਰਭੂ ਦਾ ਨਾਮ ਹੀ ਉਸਨੂੰ ਪਾਕ-ਪਵਿੱਤਰ ਰੱਖਦਾ ਹੈ।

"ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ ਸਾਰਿੰਗ ਸਬਦਿ ਸੁਹਾਈ ਰੈਨਿ ਬਬੀਹਾ ਬੋਲਿ ਮੇਰੀ ਮਾਈ"

ਭਾਵ ਕਿ ਹੇ ਮੇਰੀ ਮਾਂ! ਸਵਾਂਤੀ ਬੂੰਦ ਦੀ ਤਾਂਘ ਵਿਚ ਰਾਤੀਂ ਬਬੀਹਾ ਬੜੇ ਵੈਰਾਗ ਵਿਚ ਬੋਲਿਆ, ਉਸਦੀ ਵਿਲਕਦੀ ਆਵਾਜ਼ ਸੁਣ ਕੇ ਮੇਰੇ ਅੰਦਰ ਵੀ ਧੂਹ ਪਈ ਹੈ। ਮੇਰੀ ਮਾਂ! ਬਬੀਹੇ ਦੀ ਕੂਕ ਸੁਣਕੇ ਮੈਨੂੰ ਸਮਝ ਆਈ ਕਿ ਬਬੀਹਾ ਤੇ ਮੱਛੀ ਪਾਣੀ ਤੋਂ ਹੀ ਸੁੱਖ ਪਾਂਦੇ ਹਨ।

ਸੰਦੇਸ਼:-ਜਿਸ ਤਰ੍ਹਾਂ ਮੱਛੀ ਤੇ ਬਬੀਹਾ ਪਾਣੀ ਤੋਂ ਸੁੱਖ ਲੈਂਦੇ ਹਨ, ਏਸੇ ਤਰ੍ਹਾਂ ਹੀ ਮਨੁੱਖ ਦੀ ਆਤਮਿਕ ਖੁਰਾਕ ਪ੍ਰਭੂ ਦਾ ਸੱਚਾ ਨਾਮ ਹੈ । ਪ੍ਰਭੂ ਦੇ ਨਾਮ ਵਿਚ ਹੀ ਮਨੁੱਖ ਦੀਆਂ ਹੋਰ ਪ੍ਰਾਪਤੀਆਂ ਦੀ ਜਿੱਤ ਹੁੰਦੀ ਹੈ।

"ਅਖਲੀ ਊਡੀ ਜਲੁ ਭਰ ਨਾਲਿ" ਡੂਗਰੁ ਊਚਉ ਗੜੁ ਪਾਤਾਲਿ" ਸਾਗਰ ਸੀਤਲੁ ਗੁਰ ਸ਼ਬਦ ਵੀਚਾਰਿ" ਮਾਰਗ ਮੁਕਤਾ ਹਉਮੈ ਮਾਰਿ"

ਭਾਵ ਕਿ ਲਮਢੀਗ (ਪੰਛੀ) ਉਚੇ ਆਕਾਸ਼ ਵਿਚ ਉਡ ਰਿਹਾ ਹੈ ਤਾਂ ਉਥੇ ਉਡਦੇ ਨੂੰ ਪਾਣੀ ਨਹੀਂ ਮਿਲ ਸਕਦਾ, ਕਿਉਂਕਿ ਪਾਣੀ ਸਮੁੰਦਰ ਵਿਚ ਹੈ । ਆਤਮਿਕ ਸ਼ਾਂਤੀ ਸ਼ੀਤਲਤਾ ਨਿਮਰਤਾ ਵਿਚ ਹੈ ਉਸ ਮਨੁੱਖ ਨੂੰ ਨਹੀਂ ਪ੍ਰਾਪਤ ਹੋ ਸਕਦੀ, ਜਿਸਦਾ ਦਿਮਾਗ ਮਾਇਆ ਆਦਿ ਦੇ ਅਹੰਕਾਰ ਵਿਚ ਅਸਮਾਨੀ ਚੜ੍ਹਿਆ ਹੋਵੇ। ਜੇ ਕੋਈ ਮਨੁੱਖ ਸਤਸੰਗ ਆਦਿ ਦਾ ਆਸਰਾ ਲੋੜਦਾ ਹੈ, ਪਰ ਚੜ੍ਹਿਆ ਹੋਵੇ ਅਹੰਕਾਰ ਦੇ ਪਹਾੜ ਉਤੇ ਤਾਂ ਉਸ ਰਾਹੇ ਪੈ ਕੇ ਵੈਰੀਆਂ ਦੀ ਚੋਟ ਤੋਂ ਬਚ ਨਹੀਂ ਸਕਦਾ । ਗੁਰੂ ਦੇ ਸ਼ਬਦ ਦੀ ਵਿਚਾਰ ਕੀਤਿਆਂ ਗੁਰ ਸ਼ਬਦ ਦੀ ਸਹਾਇਤਾ ਸਦਾ ਜੀਵਨ ਦਾ ਰਸਤਾ ਖੁੱਲਾ ਹੋ ਜਾਂਦਾ ਹੈ ਅਤੇ ਸੰਸਾਰ ਸਮੁੰਦਰ ਜੋ ਵਿਸ਼ੇ-ਵਿਕਾਰਾਂ ਨਾਲ ਤਪ ਰਿਹਾ ਹੈ, ਠੰਡਾ ਠਾਰ ਹੋ ਜਾਂਦਾ ਹੈ ।

ਸੰਦੇਸ਼:-ਹੰਕਾਰੀ ਆਦਮੀ ਨੂੰ ਪ੍ਰਭੂ ਦਾ ਸੁੱਖ ਪ੍ਰਾਪਤ ਨਹੀਂ ਹੁੰਦਾ ਹੈ । ਕਿਸੇ ਵੀ ਕਿਸਮ ਦਾ ਹੰਕਾਰ ਮਨੁੱਖ ਦੇ ਰਸਤੇ ਵਿਚ ਰੁਕਾਵਟਾਂ ਪੈਦਾ ਕਰਦਾ ਹੈ । ਮਨੁੱਖ ਆਪਣੇ ਹੰਕਾਰ ਨੂੰ ਪ੍ਰਭੂ ਨਾਮ ਨਾਲ ਖ਼ਤਮ ਕਰੇ । ਭਲਾਈ ਦੇ ਕੰਮ ਕਰੇ ।

"ਸੂਰਜ ਚੰਦੁ ਉਪਾਇ ਜੋਤਿ ਸਮਾਣਿਆ । ਕੀਤੇ ਰਾਤਿ ਦਿਨੰਤੁ ਚੋਜ ਵਿਡਾਣਿਆ।।"

ਭਾਵ ਕਿ ਸਾਰੀ ਰਚਨਾ ਸੰਸਾਰ ਦੀ ਰਚ ਕੇ ਆਪਣੇ ਵੱਡੇ ਚੋਜ ਨਾਲ ਰਾਤ ਦਿਨ ਵੀ ਵਾਹਿਗੁਰੂ ਨੇ ਬਣਾਏ ਅਤੇ ਸੂਰਜ, ਚੰਦਰਮਾ ਆਦਿ ਦੀ ਰਚਨਾ ਕੀਤੀ, ਇਸ ਸਭ ਕਾਸੇ ਵਿਚ ਵਾਹਿਗੁਰੂ ਜੀ ਆਪ ਜੋਤ ਰੂਪ ਹੋ ਕੇ ਸਮਾਏ ਹੋਏ ਹਨ ।

ਸੰਦੇਸ਼:- ਸਾਰੀ ਸ੍ਰਿਸ਼ਟੀ ਵਿਚ ਵਾਹਿਗੁਰੂ ਆਪ ਹੈ।

"ਸੁਰਿ ਮਿਲਿਐ ਮਨੁ ਰਹਸੀਐ ਜਿਉ ਵੁਠੈ ਧਰਣਿ ਸੀਗਾਰੁ"
ਸਭ ਦਿਸੈ ਹਰੀਆਵਲੀ ਸਰ ਭਰੇ ਸੁਭਰ ਤਾਲੁ ਅੰਦਰੁ ਰਚੈ ਸਚ ਰੰਗਿ ਜਿਉ ਮੰਜੀਠੈ ਲਾਲੁ ।"

ਭਾਵ ਕਿ ਜੇ ਗੁਰੂ ਮਿਲ ਪਵੇ ਤਾਂ ਮਨ ਖਿਲ ਪੈਂਦਾ ਹੈ, ਜਿਵੇਂ ਮੀਂਹ ਪੈਣ ਨਾਲ ਧਰਤੀ ਦੀ ਸਜਾਵਟ ਬਣਕੇ ਸਾਰੀ ਧਰਤੀ ਹਰੀ-ਭਰੀ ਦਿਸ ਆਂਵਦੀ ਹੈ, ਸਰੋਵਰ ਤੇ ਤਲਾਬ ਨੱਕੋ-ਨੱਕ ਪਾਣੀ ਨਾਲ ਭਰ ਜਾਂਦੇ ਹਨ। ਇਸ ਤਰ੍ਹਾਂ ਜਿਸਨੂੰ ਗੁਰੂ ਮਿਲਦਾ ਹੈ, ਉਸਦਾ ਮਨ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੇ ਪਿਆਰ ਵਿਚ ਰਚ ਜਾਂਦਾ ਹੈ ਅਤੇ ਮਜੀਠ (ਰੰਗ) ਵਾਂਗ ਰੱਤਾ ਪੱਕੇ ਪਿਆਰ ਵਾਲਾ ਹੋ ਜਾਂਦਾ ਹੈ । ਉਸਦਾ ਹਿਰਦਾ ਖਿੜ੍ਹ ਜਾਂਦਾ ਹੈ । ਵਾਹਿਗੁਰੂ ਸਦਾ ਉਸਦੇ ਹਿਰਦੇ ਵਿਚ ਆ ਵੱਸਦਾ ਹੈ ।

ਸੰਦੇਸ਼:- ਗੁਰੂ ਦੀ ਪ੍ਰਾਪਤੀ ਸਭ ਤੋਂ ਉਚੀ ਤੇ ਸੱਚੀ। ਜਿਸ ਤਰ੍ਹਾਂ ਮੀਂਹ ਪੈਣ ਨਾਲ ਕੁਦਰਤ ਖੁਸ਼ਹਾਲ ਹੋ ਜਾਂਦੀ ਹੈ, ਖਿੜ੍ਹ ਜਾਂਦੀ ਹੈ, ਪ੍ਰਭੂ ਦੇ ਮਿਲਣ ਨਾਲ ਵੀ ਮਨੁੱਖ ਦਾ ਤਨ ਮਨ ਰੂਹ ਖਿੜ੍ਹ ਜਾਂਦੇ ਹਨ । ਪ੍ਰਭੂ ਦੀ ਪ੍ਰਾਪਤੀ ਵਿਚ ਖੇੜਾ ਹੀ ਖੇੜਾ ਹੁੰਦਾ ਹੈ।

"ਉਪਰਿ ਕੂਪ ਗਗਨ ਪਨਿਹਾਰੀ ਅੰਮ੍ਰਿਤ ਪੀਵਣਹਾਰਾ"
ਜਿਸ ਕੀ ਰਚਨਾ ਸੋ ਬਿਧਿ ਜਾਣੈ ਗੁਰਮੁਖਿ ਗਿਆਨੁ ਵੀਚਾਰਾ"

ਭਾਵ ਕਿ ਨਾਮ ਅੰਮ੍ਰਿਤ ਦਾ ਸੌਖਾ ਪਰਮਾਤਮਾ ਸਭ ਤੋਂ ਉਚਾ ਹੈ। ਉਚੀ ਬਿਰਤੀ ਵਾਲਾ ਜੀਵ ਹੀ ਉਸਦੀ ਮਿਹਰ ਨਾਲ ਨਾਮ ਅੰਮ੍ਰਿਤ ਪੀ ਸਕਦਾ ਹੈ। ਨਾਮ ਅੰਮ੍ਰਿਤ ਪਿਲਾਣ ਦਾ ਤਰੀਕਾ ਵੀ ਉਹ ਪਰਮਾਤਮਾ ਆਪ ਹੀ ਜਾਣਦਾ ਹੈ, ਜਿਸਦੀ ਰਚੀ ਹੋਈ ਇਹ ਸ੍ਰਿਸ਼ਟੀ ਹੈ। ਜੀਵ ਗੁਰੂ ਦੀ ਸ਼ਰਨ ਪੈਕੇ ਪਰਮ-ਾਤਮਾ ਨਾਲ ਡੂੰਘੀ ਸਾਂਝ ਪਾਉਂਦਾ ਹੈ ਅਤੇ ਉਸਦੇ ਗੁਣਾਂ ਦੀ ਵੀਚਾਰ ਕਰਦਾ ਹੈ।

ਸੰਦੇਸ਼:- ਉਚੀ ਬਿਰਤੀ ਵਾਲਾ ਮਨੁੱਖ ਹੀ ਉਸ ਪ੍ਰਭੂ ਨੂੰ ਪਾ ਸਕਦਾ ਹੈ। ਸੱਚਾ, ਸੁੱਚਾ ਨੇਕ ਮਨੁੱਖ ਹੀ ਚੰਗਾ ਇਨਸਾਨ ਕਹਾਉਂਦਾ ਹੈ। ਉਚ ਪ੍ਰਾਪਤੀਆਂ ਉਸਦੀ ਹੀ ਝੋਲੀ ਵਿਚ ਪੈਂਦੀਆਂ ਹਨ ਜੋ ਮਿਹਨਤ ਕਰਦੇ ਹਨ ਅਤੇ ਪ੍ਰਭੂ ਨਾਲ ਸਾਂਝ ਰੱਖਦੇ ਹਨ ਆਦਿ।

"ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ ਕਲ" ਤਾਹੂ ਖਰੇ ਸੁਜਾਣ ਵੰਞ ਏਨੀ ਕਪਰੀ" ਝੜ ਝਖੜ ਹਾੜ ਲਹਰੀ ਵਹਿਨ ਲਖੇਸਰੀ"

ਭਾਵ ਕਿ ਹੇ ਭਾਈ! ਜੇ ਤੂੰ ਸੰਸਾਰ ਸਮੁੰਦਰ ਦੇ ਪਾਣੀ ਦਾ ਤਾਰੂ ਬਣਨਾ ਚਾਹੁੰਦਾ ਹੈ ਤਾਂ ਤਰਨ ਦੀ ਜਾਚ, ਉਨ੍ਹਾਂ ਨੂੰ ਪੁੱਛ, ਜਿਨ੍ਹਾਂ ਨੂੰ ਇਸ ਸੰਸਾਰ ਸਮੁੰਦਰ ਵਿਚੋਂ ਪਾਰ ਲੰਘਣ ਦੀ ਜਾਚ ਹੈ। ਹੇ ਭਾਈ! ਉਹ ਮਨੁੱਖ ਹੀ ਸਿਆਣੇ ਹਨ ਜੋ ਇਸ ਸੰਸਾਰ ਸਮੁੰਦਰ ਦੀਆਂ ਵਿਕਾਰਾਂ ਰੂਪੀ ਲਹਿਰਾਂ ਵਿਚੋਂ ਪਾਰ ਲੰਘਦੇ ਹਨ, ਮੈਂ ਭੀ ਉਨ੍ਹਾਂ ਦੀ ਸੰਗਤ ਵਿਚ ਹੀ ਇਨ੍ਹਾਂ ਲਹਿਰਾਂ ਤੋਂ ਪਾਰ ਲੰਘ ਸਕਦਾ ਹਾਂ। ਹੇ ਭਾਈ! ਇਸ ਸੰਸਾਰ ਸਮੁੰਦਰ ਵਿਚ ਵਿਕਾਰਾਂ ਦੀਆਂ ਲਹਿਰਾਂ ਪੈ ਰਹੀਆਂ ਹਨ।

ਸੰਦੇਸ਼:-ਮਨੁੱਖ ਲਈ ਸਦੇਸ਼ ਬਣਦਾ ਹੈ ਕਿ ਮਨੁੱਖ ਵਿਕਾਰਾਂ ਤੋਂ ਦੂਰ ਰਹੇ । ਜਿਹੜੇ ਮਨੁੱਖ ਵਿਕਾਰਾਂ ਤੋਂ ਪਾਰ ਹੋ ਜਾਂਦੇ ਹਨ, ਉਨ੍ਹਾਂ 'ਤੇ ਪਰਮਾਤਮਾ ਦੀ ਮਿਹਰ ਰਹਿੰਦੀ ਹੈ।

ਸੰਦੇਸ਼:-ਮਨੁੱਖ ਲਈ ਸੰਦੇਸ਼ ਬਣਦਾ ਹੈ ਕਿ ਵਿਕਾਰਾਂ ਤੋਂ ਦੂਰ ਰਹੇ। ਜਿਹੜੇ ਮਨੁੱਖ ਵਿਕਾਰਾਂ ਤੋਂ ਪਾਰ ਹੋ ਜਾਂਦੇ ਹਨ, ਉਨ੍ਹਾਂ 'ਤੇ ਪਰਮਾਤਮਾ ਦੀ ਮਿਹਰ ਰਹਿੰਦੀ ਹੈ।

"ਨਿਰਮਲੁ ਨਾਵਣੁ ਨਾਨਕਾ ਗੁਰੁ ਤੀਰਥ ਦਰੀਆਉ"
ਜਨਮੇ ਕਾ ਫਲੁ ਕਿਆ ਗਣੀ ਜਾਂ ਹਰਿ ਭਗਤਿ ਨ ਭਾਉ"

ਭਾਵ ਕਿ ਇਸ ਸੰਸਾਰ ਵਿਚ ਵਿਕਾਰਾਂ ਨਾਲ ਜੋ ਮੈਲ ਮਨੁੱਖ ਨੂੰ ਲਗਾਤਾਰ ਲੱਗਦੀ ਰਹਿੰਦੀ ਹੈ: ਉਸਨੂੰ ਲਹੁਣ ਵਾਸਤੇ (ਗੁਰੂ ਦਰੀਆਉ) ਹੀ ਸੱਚਾ ਤੀਰਥ ਹੈ ਜਿਸਦੀ ਸੰਗਤ ਵਿਚ ਚੁੱਭੀ ਲਾਉਣ ਨਾਲ ਪਵਿੱਤਰ ਹੋ ਜਾਈਦਾ ਹੈ। ਹੇ ਭਾਈ! ਜਦ ਤਕ ਮਨੁੱਖ ਦੇ ਮਨ ਵਿਚ ਪ੍ਰਭੂ ਦੀ ਭਗਤੀ ਨਹੀਂ, ਪਰਮਾਤਮਾ ਦਾ ਪ੍ਰੇਮ ਨਹੀਂ, ਤਦ ਤਕ ਉਸਦੇ ਮੁਨੱਖਾ ਜਨਮ ਹਾਸਿਲ ਕੀਤੇ ਦਾ ਕੋਈ ਲਾਭ ਨਹੀਂ ਹੈ।

ਸੰਦੇਸ਼ :- ਪ੍ਰਭੂ ਦਾ ਨਾਮ ਹੀ ਸੱਚਾ ਤੀਰਥ ਹੈ। ਮਨ ਨੂੰ ਸ਼ੁੱਧ ਕਰਨ ਲਈ ਪ੍ਰਭੂ ਦਾ ਨਾਮ ਜਰੂਰੀ ਹੈ। ਪ੍ਰਭੂ ਦੇ ਨਾਮ ਨਾਲ ਮਨੁੱਖ ਸੱਚਾ ਸੁੱਚਾ ਬਣਦਾ ਹੈ, ਜਿਸ ਨਾਲ ਉਸਦਾ ਜੀਵਨ ਸਫ਼ਲ ਚੱਲਦਾ ਹੈ।

"ਬਲਿਹਾਰੀ ਕੁਦਰਤਿ ਵਸਿਆ" ਤੇਰਾ ਅੰਤੁ ਨ ਜਾਈ ਲਖਿਆ"

ਭਾਵ ਕਿ ਹੇ ਵਾਹਿਗੁਰੂ! ਜੀ ਤੇਰੇ ਅੰਤ ਦੀ ਲਖਤਾ ਨਹੀਂ ਹੋ ਸਕਦੀ, ਭਾਵ ਤੂੰ ਬੇਅੰਤ ਹੇ ਅਤੇ ਮੈਂ ਤੇਰੇ ਇਸ ਗੁਣ ਕਿ ਕੁਦਰਤਿ ਸਾਜ ਕੇ ਇਸ ਵਿਚ ਤੂੰ ਆਪਣਾ ਵਾਸਾ ਕੀਤਾ ਹੈ, ਤੋਂ ਬਲਿਹਾਰ ਜਾਂਦਾ ਹੈ।

ਇਕ ਮਹਾਨ ਖੋਜੀ ਅਧਿਆਤਮਿਕ ਅਤੇ ਨੈਤਿਕ ਉਪਦੇਸ਼ਕ ਹੋਣ ਦੇ ਨਾਲ-ਨਾਲ ਗੁਰੂ ਨਾਨਕ ਦੇਵ ਜੀ ਇਕ ਸਰਵੋਤਮ ਪੱਧਰ ਦੇ ਮਹਾਨ ਕਵੀ ਸਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

12 ਨਵੰਬਰ ’ਤੇ ਵਿਸ਼ੇਸ਼

# ਸਤਿਗੁਰੂ ਨਾਮਦੇਵ ਜੀ

ਭਗਤੀ ਲਹਿਰ ਦਾ ਆਰੰਭ ਅੱਠਵੀਂ ਸਦੀ ਈਸਵੀ ਵਿਚ ਦੱਖਣ ਭਾਰਤ ਵਿਚ ਹੋਇਆ। ਇਹ ਪ੍ਰਚੱਲਿਤ ਲਹਿਰ ਇਕ ਪ੍ਰਤੀਨਿਧ ਤੇ ਸਰਬ-ਲੌਕਿਕ ਧਾਰਮਿਕ ਵਿਚਾਰਧਾਰਾ ਵਜੋਂ ਹੋਂਦ ਵਿਚ ਆਈ। ਮੂਲ ਰੂਪ ਵਿਚ ਇਹ ਧਾਰਮਿਕ ਲਹਿਰ ਸਭਿਆਚਾਰਕ ਲਹਿਰ ਸੀ। ਇਸ ਲਹਿਰ ਦੇ ਭਗਤਾਂ ਨੇ ਯੋਗੀਆਂ, ਨਾਥਾਂ, ਸੂ-ਫੀਆਂ ਵਾਂਗ ਦੇਸ਼ ਦੀ ਲੋਕ-ਭਾਸ਼ਾ ਵਿਚ ਅਧਿਆਤਮਕ ਸੁਨੇਹਾ ਜਨ ਸਮੂਹ ਤੱਕ ਪਹੁੰਚਾਇਆ। ਜੋ ਸੂਫੀ ਮੱਤ ਤੇ ਗੁਰਮਤਿ ਵਿਚਾਰਧਾਰਾ ਨਾਲ ਮੇਲ ਖਾਂਦਾ ਹੈ। ਇਹਨਾਂ ਭਗਤਾਂ ਨੇ ਵੀ ਨਾਥ-ਯੋਗੀਆਂ ਤੇ ਸੂਫੀਆਂ ਵਾਂਗ ਆਪਣੀ ਰਚਨਾ ਰਾਗਾਂ ਵਿਚ ਗਾਈ। ਜਿਸ ਨਾਲ ਉਹਨਾਂ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਗਈ। ਪੰਜਾਬੀ ਦੇ ਪ੍ਰਤੱਖ ਪ੍ਰਭਾਵ ਹੇਠ ਸੂਫੀ ਤੇ ਗੁਰਮਤਿ ਕਾਵਿ ਧਾਰਾ ਦੇ ਵਿਸ਼ੇ ਸ਼ਬਦਾਵਲੀ ਤੇ ਸ਼ੈਲੀ ਦੀ ਸਾਂਝ ਕਰਕੇ ਇਹਨਾਂ ਦੀਆਂ ਰਚਨਾਵਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਦਰਯੋਗ ਸਥਾਨ ਪ੍ਰਾਪਤ ਹੋਇਆ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਸਰਬ ਕਲਿਆਣਕਾਰੀ ਬਾਣੀ ਵਿਚ, ਜਿਨ੍ਹਾਂ ਭਗਤਾਂ ਦੀ ਬਾਣੀ ਸ਼ਾਮਲ ਕੀਤੀ ਗਈ, ਉਹਨਾਂ ਵਿਚ ਭਗਤ ਨਾਮਦੇਵ ਜੀ ਵੀ ਪ੍ਰਮੁੱਖ ਭਗਤ ਹਨ। ਆਪ ਪ੍ਰਮਾਤਮਾ ਦੀ ਯਾਦ ਵਿਚ ਜੁੜੇ ਰਹਿੰਦੇ। ਉਹਨਾਂ ਭਟਕਦੀ ਲੋਕ-ਾਈ ਨੂੰ ਅਧਿਆਤਮਕਤਾ ਦਾ ਰਾਹ ਵਿਖਾਇਆ। ਜਿਸ ਵਿਚ ਪੁਰਾਣੇ ਪ੍ਰਚੱਲਿਤ ਝੂਠੇ ਕਰਮਕਾਂਡਾਂ ਦੀ ਨਿਖੇਧੀ ਕੀਤੀ। ਪ੍ਰਭੂ ਮਿਲਾਪ ਨੂੰ ਪ੍ਰਮੁੱਖਤਾ ਦਿੱਤੀ। ਭਗਤੀ ਦਾ ਸੰਦੇਸ਼ ਦੇਣਾ, ਉਹਨਾਂ ਦੇ ਜੀਵਨ ਦਾ ਪਰਮ ਮਨੋਰਥ ਸੀ। ਆਪ ਭਗਤੀ ਦੇ ਗੀਤ ਗਾਉਣ ਵਾਲੇ ਸਨ। ਇਸ ਲਈ ਗੁਰੂ ਰਾਮ ਦਾਸ ਸਾਹਿਬ ਜੀ ਫੁਰਮਾਉਂਦੇ ਹਨ:- ਹੇ ਭਗਤ ਨਾਮਦੇਵ ਦੀ ਪ੍ਰਮਾਤਮਾ ਨਾਲ ਪ੍ਰੀਤ ਬਣ ਗਈ। ਜਗਤ ਉਸਨੂੰ ਛੀਬਾਂ ਆਖ ਕੇ ਸੱਦਿਆ ਕਰਦਾ ਸੀ। ਪ੍ਰਮਾਤਮਾ ਨੇ ਖੱਤਰੀਆਂ ਬ੍ਰਾਹਮਣਾਂ ਨੂੰ ਪਿੱਠ ਦੇ ਦਿੱਤੀ ਤੇ ਨਾਮਦੇਵ ਨੂੰ ਮੱਥੇ ਲਾਇਆ ਸੀ। ਅੰਗ-733



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਆਪ ਜੀ ਦਾ ਜਨਮ 26 ਅਕਤੂਬਰ 1270 ਨੂੰ ਬੰਬਈ ਸੂਬੇ ਦੇ ਅਜੋਕੇ ਜ਼ਿਲ੍ਹਾ ਹਿੰਗੋਲੀ (ਪੁਰਾਣਾ ਜ਼ਿਲ੍ਹਾ ਪ੍ਰਭਣੀ) ਦੇ ਪਿੰਡ ਨਰਸੀ ਬਾਮਨੀ ਵਿਖੇ ਹੋਇਆ। ਨਰਸੀ ਬਾਮਨੀ ਵਿਚ ਗੁਰਦੁਆਰਾ ਬਣਿਆ ਹੈ। ਜੋ ਹਜ਼ੂਰ ਸਾਹਿਬ ਨੰਦੇੜ ਤੋਂ 100 ਕਿਲੋਮੀਟਰ ਅਤੇ ਹਿੰਗੋਲੀ ਤੋਂ 16 ਕਿਲੋਮੀਟਰ ’ਤੇ ਹੈ। ਹੁਣ ਇਸ ਨਗਰ ਦਾ ਨਾਮ ’ਨਰਸੀ ਨਾਮਦੇਵ’ ਹੈ। ਆਪ ਜੀ ਦੇ ਪਿਤਾ ਦਾ ਨਾਮ ਦਾਮ ਸੇਠ, ਮਾਤਾ ਗੋਨਾਬਾਈ ਅਤੇ ਭੈਣ ਔਥਾਈ ਹੈ। ਆਪ ਬਚਪਨ ਤੋਂ ਹੀ ਧਾਰਮਿਕ ਅਧਿਆਤਮਕ ਦ੍ਰਿਸ਼ਟੀ ਵਾਲੇ ਸਨ। ਆਪ ਆਤਮ ਦਰਸ਼ੀ, ਹਰੀ ਸਿਮਰਨ ਵਿਚ ਲੀਨ ਈਸ਼ਵਰ ਦੇ ਭਗਤ ਸਤ ਮਾਰਗ ਦਾ ਉਪਦੇਸ਼ ਦੇਣ ਵਾਲੇ ਆਗੂ, ਮਹਾਨ ਵਿਦਵਾਨ ਉੱਚ ਲੇਖਕ ਅਤੇ ਕਵੀ ਮੰਨੇ ਗਏ ਹਨ। ਆਪ ਜੀ ਦੀ ਰਚਨਾ ਵਿਚ ਮਰਾਠੀ, ਰਾਜਸਥਾਨੀ, ਪੱਛਮੀ ਹਿੰਦੀ ਤੇ ਪੂਰਬੀ ਪੰਜਾਬੀ ਦੇ ਨਾਲ ਨਾਲ ਫਾਰਸੀ ਸ਼ਬਦਾਵਲੀ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ। ਆਪ ਹਮੇਸ਼ਾ ਗੰਭੀਰ ਵਿਚਾਰਾਂ ਵਿਚ ਰਹਿੰਦੇ। ਉਹ ਵਡੇਰੇ ਪੁਰਖਾਂ ਦੀ ਸੰਗਤ ਵਿਚ ਖੁਸ਼ ਸਨ। ਆਪ ਜੀ ਦੇ ਪਿਤਾ ਜੀ ਜਾਤ ਦੇ ਛੀਂਬੇ ਸਨ। ਜੋ ਕੱਪੜੇ ਧੋਣ, ਰੰਗਣ ਅਤੇ ਸਿਊਣ ਦਾ ਕੰਮ ਕਰਦੇ ਸਨ। ਆਪ ਬਿਠਲ ਦਾ ਨਾਮ ਰਟਦੇ ਸਨ। ਭਗਤ ਬਾਣੀ ਅਨੁਸਾਰ ਪ੍ਰਮਾਤਮਾ ਦਾ ਪ੍ਰਤੀਕ ਹੈ। ਅਧਿਆਤਮਕ ਵਿਚਾਰਾਂ ਦੇ ਹੋਣ ਕਰਕੇ ਦੁਨਿਆਵੀ ਵਿਦਿਆ ਵੱਲ ਕੋਈ ਧਿਆਨ ਨਹੀਂ ਦਿੱਤਾ। ਸਿਰਫ 8 ਸਾਲ ਦੀ ਉਮਰ ਵਿਚ ਆਪ ਜੀ ਦਾ ਵਿਆਹ ਗੋਬਿੰਦ ਸੇਠ ਦੀ ਪੁੱਤਰੀ ਰਾਜਾਬਾਈ ਨਾਲ ਹੋਇਆ। ਆਪ ਜੀ ਦੇ ਚਾਰ ਪੁੱਤਰ: ਨਰਾਇਣ, ਮਹਾਂਦੇਵ, ਗੋਵਿੰਦ ਵਿਠੁਲ ਅਤੇ ਧੀ ਲਿੰਬਾ ਬਾਈ ਸੀ।

ਆਪ ਜੀ ਦੇ ਸਮੇਂ ਸਮਾਜ, ਜਾਤ-ਪਾਤ ਦੇ ਸੰਕਟ ਵਿਚ ਫਸਿਆ ਹੋਇਆ ਸੀ। ਬ੍ਰਾਹਮਣ ਦਾ ਕੰਮ ਧਾਰਮਿਕ ਵਿਦਿਆ ਪੜ੍ਹਾਉਣੀ, ਸੰਸਕਾਰ ਸਮੇਂ ਯੱਗ ਕਰਨੇ ਤੇ ਦਾਨ ਲੈਣਾ ਆਦਿ ਸੀ। ਜੰਗ ਯੁੱਧ ਜਿੱਥੇ ਮਰਨਾ ਪੈਂਦਾ ਹੈ, ਉਹ ਕੰਮ ਖੱਤ੍ਰੀਆਂ ਦਾ ਸੀ। ਹੇਠਲਾ ਵਰਗ ਸ਼ੂਦਰ ਨੂੰ ਨੀਚ ਆਖ ਕੇ ਦੁਰਕਾਰਿਆ ਜਾਂਦਾ ਸੀ। ਉਹਨਾਂ ਨੂੰ ਪ੍ਰਭੂ ਦਾ ਨਾਮ ਲੈਣ ਦਾ ਵੀ ਅਧਿਕਾਰ ਨਹੀਂ ਸੀ। ਮੁਸਲਮਾਨੀ ਰਾਜ ਸੀ, ਉਹ ਧਰਮ ਦੇ ਹੰਕਾਰ ਵਿਚ ਸਨ। ਸਮਾਜ ਦੀ ਦਸ਼ਾ ਸੁਖਾਵੀਂ ਨਹੀਂ ਸੀ। ਭਗਤ ਨਾਮਦੇਵ ਜੀ ਨੇ ਇਹ ਸਾਬਤ ਕਰ ਦਿੱਤਾ ਕਿ ਵਡੱਪਣ ਜਾਤ ਵਿਚ ਨਹੀਂ, ਸਗੋਂ ਕਰਮਾਂ ਅਤੇ ਗੁਣਾਂ ਵਿਚ ਹੈ। ਉਹਨਾਂ ਨੂੰ ਆਪਣੀ ਜਾਤ ਛੀਂਬਾ ਹੋਣ ਤੇ ਫਖਰ ਕਰਦੇ ਹਨ: ਮੈਨੂੰ ਨਾਮੇ ਨੂੰ ਭਾਵੇਂ ਜੀਕਰ ਛੀਂਬੇ ਦੇ ਘਰ ਜਨਮ ਦਿੱਤਾ, ਪਰ ਉਸਦੀ ਮਿਹਰ ਨਾਲ ਮੈਨੂੰ ਸਤਿਗੁਰੂ ਦਾ ਉਪਦੇਸ਼ ਮਿਲ ਗਿਆ। ਹੁਣ ਸੰਤ ਜਨਾਂ ਦੀ ਕਿਰਪਾ ਨਾਲ ਮੈਨੂੰ ਨਾਮੇ ਨੂੰ ਰੱਬ ਮਿਲ ਪਿਆ ਹੈ। ਅੰਗ 486

ਭਗਤ ਨਾਮਦੇਵ ਜੀ ਦੇ ਜੀਵਨ ਨਾਲ ਭਾਵੇਂ ਕਈ ਸਾਥੀਆਂ ਜੁੜੀਆਂ ਹਨ ਪਰ ਉਹਨਾਂ ਦਾ ਸਫ਼ਰ ਸਰਗੁਣ ਤੋਂ ਨਿ-ਰਗੁਣ ਤੱਕ ਦਾ ਹੈ। ਜਿਵੇਂ ਸਪਸ਼ਟ ਕਰਦੇ ਹਨ ਕਿ ਇਕ ਪੱਥਰ ਨੂੰ ਦੇਵਤਾ ਮੰਨ ਕੇ ਉਸ ਨਾਲ ਪਿਆਰ ਕੀਤਾ ਜਾਂਦਾ ਹੈ ਤੇ ਦੂਜੇ ਪੱਥਰਾਂ ਉੱਤੇ ਪੈਰ ਧਰਿਆ ਜਾਂਦਾ ਹੈ। ਜੇ ਉਹ ਪੱਥਰ ਜਿਸਦੀ ਪੂਜਾ ਕੀਤੀ ਜਾਂਦੀ ਹੈ, ਦੇਵਤਾ ਹੈ ਤਾਂ ਦੂਜਾ ਪੱਥਰ ਵੀ ਦੇਵਤਾ ਹੈ। ਉਸਨੂੰ ਪੈਰਾਂ ਹੇਠ ਕਿਉਂ ਲਤਾੜੀਦਾ ਹੈ। ਨਾਮਦੇਵ ਆਖਦਾ ਹੈ ਅਸੀਂ ਕਿਸੇ ਪੱਥਰ ਨੂੰ ਦੇਵਤਾ ਥਾਪ ਕੇ ਉਸਦੀ ਪੂਜਾ ਕਰਨ ਨੂੰ ਤਿਆਰ ਨਹੀਂ। ਅਸੀਂ ਤਾਂ ਪ੍ਰਮਾਤਮਾ ਦੀ ਬੰਦਗੀ ਕਰਦੇ ਹਾਂ। ਅੰਗ- 525

ਆਪਨੇ ਵਿਸ਼ੋਬਾ ਖੇਚਰ ਨੂੰ ਗੁਰੂ ਧਾਰਿਆ। ਉਹਨਾਂ ਦਾ ਗੁਰੂ ਮੂਰਤੀ ਪੂਜਾ ਦਾ ਵਿਰੋਧੀ ਸੀ। ਆਪ ਨੂੰ ਨਿਰਾਕਾਰ ਪ੍ਰਮਾਤਮਾ ਦੀ ਭਗਤੀ ਸਿਮਰਨ, ਅਭਿਆਸ ਦੀ ਪ੍ਰੇਰਨਾ ਮਿਲੀ। ਆਪ ਦੁਨਿਆਵੀ ਕਾਰ-ਵਿਹਾਰ ਕਰਦੇ ਹੋਏ ਵੀ ਪ੍ਰਮਾਤਮਾ ਦੇ ਭਗਤੀ ਮਾਰਗ ’ਤੇ ਚਲਦੇ ਸਿਖਰ ’ਤੇ ਪਹੁੰਚੇ। ਇਸ ਬਾਰੇ ਤਾਂ ਹੀ ਭਗਤ ਕਬੀਰ ਜੀ ਗਵਾਹੀ ਦਿੰਦੇ ਹਨ। ਭਗਤ ਨਾਮਦੇਵ ਅਤੇ ਭਗਤ ਤ੍ਰਿਲੋਚਨ ਦਾ ਵਾਰਤਾਲਾਪ ਹੈ, ਜਿਸ ਤੋਂ ਭਗਤ ਨਾਮਦੇਵ ਜੀ ਦੀ ਅਧਿਆਤਮਕ ਅਵਸਥਾ ਦਾ ਪਤਾ ਲਗਦਾ ਹੈ। ਭਗਤ ਤ੍ਰਿਲੋਚਨ ਆਖਦਾ ਹੈ, ਹੇ ਮਿਤ੍ਰ ਨਾਮਦੇਵ ਤੂੰ ਤਾਂ ਮਾਇਆ ਵਿਚ ਫਸਿਆ ਜਾਪਦਾ ਹੈਂ। ਇਹ ਅੰਬਰੇ ਕਿਉਂ ਠੇਕ ਰਿਹਾ ਹੈਂ। ਪ੍ਰਮਾਤਮਾ ਦੇ ਚਰਨਾਂ ਨਾਲ ਚਿੱਤ ਕਿਉਂ ਨਹੀਂ ਜੋੜਦਾ। ਭਗਤ ਨਾਮਦੇਵ ਉੱਤਰ ਦਿੰਦੇ ਹਨ- ਹੇ ਤ੍ਰਿਲੋਚਨ! ਮੂੰਹ ਨਾਲ ਪ੍ਰਮਾਤਮਾ ਦਾ ਨਾਮ ਲੈ। ਹੱਥ ਪੈਰ ਵਰਤ ਕੇ ਸਾਰਾ ਕੰਮ-ਕਾਜ ਕਰ ਅਤੇ ਆਪਣਾ ਚਿੱਤ ਮਾਇਆ ਰਹਿਤ ਪ੍ਰਮਾਤਮਾ ਨਾਲ ਜੋੜ। ਅੰਗ 1375-76

ਭਗਤ ਨਾਮਦੇਵ ਜੀ ਨੇ ਜਗਨਨਾਥ ਤੋਂ 15 ਕੁ ਮੀਲ ਦੀ ਵਿੱਥ ਤੇ ਪੰਡਰਪੁਰ (ਪਾਂਧਰ-ਪੁਰ) ਦੇ ਅਸਥਾਨ ਤੇ ਤਪ ਕੀਤਾ। ਇੱਥੋਂ ਹੀ ਪ੍ਰਚਾਰ ਸ਼ੁਰੂ ਕੀਤਾ। ਆਪਨੇ ਨਿਰਾਕਾਰ ਪ੍ਰਮਾਤਮਾ ਦਾ ਪ੍ਰਚਾਰ ਕੀਤਾ। ਊਚ-ਨੀਚ, ਜਾਤ-ਪਾਤ, ਝੂਠੇ ਕਰਮਕਾਂਡਾਂ ਦੀ ਨਿਖੇਧੀ ਕੀਤੀ। ਆਪ ਜੀ ਦੇ ਵਿਚਾਰਾਂ ਦਾ ਲੋਕਾਈ ਤੇ ਬੜਾ ਪ੍ਰਭਾਵ ਪਿਆ। ਆਪ ਨੀਵੀਂ ਜਾਤੀ ਤੇ ਲਗਾਈ ਗਈ ਰੋਕ ਤੋੜ ਕੇ ਮੰਦਰ ਚਲੇ ਗਏ। ਬ੍ਰਾਹਮਣਾਂ ਨੇ ਆਪ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ।

ਆਪ ਔਂਧ ਤੋਂ ਹੁੰਦੇ ਹੋਏ ਦੇਵਗਿਰੀ, ਐਲੋਗ, ਘ੍ਰਿਨੇਸ਼ਵਰ, ਪੰਚਬਟੀ, ਤ੍ਰਿੰਬਕੇਸ਼ਵਰ, ਜੂਨਾਗੜ੍ਹ ਹੁੰਦੇ ਹੋਏ ਹਸਤਨਾਪੁਰ (ਦਿੱਲੀ) ਪਹੁੰਚੇ। ਇੱਥੇ ਮੁਹੰਮਦ ਬਿਨ ਤੁਗਲਕ ਨੇ ਉਹਨਾਂ ’ਤੇ ਅੱਤਿਆਚਾਰ ਕੀਤੇ। ਆਪ ਨੂੰ ਸਮੇਂ ਦੇ ਹਾਕਮਾਂ ਅਤੇ ਬ੍ਰਾਹਮਣਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਭਗਤ ਜੀ ਦੇ ਬਹੁਤ ਸਾਰੇ ਸਾਥੀ ਕਾਲ-ਵੱਸ ਹੋ ਗਏ ਤਾਂ ਆਪ ਜੀ ਮਹਾਂਰਾਸ਼ਟਰ ਤੋਂ ਪੰਜਾਬ ਆ ਗਏ। ਅਖੀਰਲੇ 20 ਸਾਲ ਗੁਰਦਾਸਪੁਰ ਦੇ ਪਿੰਡ ਘੁਮਾਣ ਵਿਚ ਗੁਜ਼ਾਰੇ। ਆਪ ਜੀ ਦੇ ਦੇਹਾਂਤ ਬਾਰੇ ਦੋ ਰਾਵਾਂ ਹਨ, ਇਕ ਇਹ ਹੈ ਕਿ 15 ਜਨਵਰੀ 1350 ਨੂੰ ਆਪ ਜੀ ਦਾ ਦੇਹਾਂਤ ਘੁਮਾਣ ਪਿੰਡ ਵਿਖੇ ਹੋ ਗਿਆ ਸੀ। ਇੱਥੇ ਆਪ ਜੀ ਦੀ ਸਮਾਧ ਮੌਜੂਦ ਹੈ। ਜਿੱਥੇ ਹਰ ਸਾਲ ਮਾਘ ਦੀ ਦੂਜ ਨੂੰ ਭਾਰੀ ਮੇਲਾ ਲੱਗਦਾ ਹੈ। ਦੂਸਰਾ ਵਿਚਾਰ ਇਹ ਹੈ ਕਿ ਆਪ ਜੀ ਅਖੀਰਲੇ ਸਮੇਂ ਪੰਡਰਪੁਰ (ਮਹਾਂਰਾਸ਼ਟਰ) ਵਿਖੇ ਪਰਤ ਗਏ ਸਨ। ਇਸ ਵਿਚਾਰ ਨਾਲ ਪ੍ਰੋ. ਸਾਹਿਬ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਸਹਿਮਤ ਹਨ।

ਗੁਰੂ ਗ੍ਰੰਥ ਸਾਹਿਬ ਵਿਖੇ ਭਗਤ ਨਾਮਦੇਵ ਜੀ ਦੇ ਅਠਾਰਾਂ ਰਾਗਾਂ ਵਿਚ ਕੁੱਲ 61 ਸ਼ਬਦ ਹਨ- ਗਾਉੜੀ 1, ਆਸਾ 5, ਗੁਜਰੀ 2, ਸੋਰਠ 3, ਧਨਾਸਰ 5, ਟੋਡੀ 3, ਤਿਲੰਗ 2, ਬਿਲਾਵਲ 1, ਗੋਂਡ 7, ਰਾਮਕਲੀ 4, ਮਾਲੀ ਗਉੜਾ 3, ਮਾਰੂ 1, ਭੈਰਉ 12, ਬਸੰਤ 3, ਸਾਰੰਗ 3, ਮਲਾਰ 2, ਕਾਨੜਾ 1 ਅਤੇ ਪ੍ਰਭਾਤੀ 3 ਸ਼ਬਦ ਹਨ।

ਭ ਗ ਤ ਨਾਮਦੇਵ ਜੀ ਦੀ ਬਾਣੀ ਤੇ ਖੋਜ ਮਰਾਠੀ ਅਤੇ ਹਿੰਦੀ ਸਾਹਿਤ ਵਿਚ ਵੀ ਹੋਈ ਹੈ। ਜੋ ਮੂਲ ਰੂਪ ਵਿਚ ਸੰਪਾਦਨ ਦਾ ਵਿਆਖਿਆਤਮਕ ਅ-ਧਐਨ ਹੈ। ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਵਿਚ ਵੀ ਖੋਜ ਹੋਈ ਹੈ। ਭਗਤ ਨਾਮਦੇਵ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਵਾਨ ਚੜ੍ਹੀ। ਆਪ ਜੀ ਦੀ ਬਾਣੀ ਵਿਚ ਅਕਾਲ ਤੇ ਨਿਸ਼ਚਾ ਪ੍ਰਭੂ ਦੀ ਸਰਬ-ਵਿਆਪਕਤਾ, ਪ੍ਰਮਾਤਮਾ ਦਾ ਬੇਅੰਤ ਹੋਣਾ। ਸਿਮਰਨ ਦੀਆਂ ਬਰਕਤਾਂ ਨਾਮ ਜਪਣ ਦਾ ਢੰਗ ਪ੍ਰਭੂ-ਪ੍ਰੀਤ, ਝੂਠੇ ਕਰਮਕਾਂਡਾਂ ਤੋਂ ਮਨਾਹੀ। ਪ੍ਰਭੂ ਦੇ ਭਗਤ, ਗੁਰੂ ਦੇ ਸ਼ਬਦ ਦੀ ਮਹੱਤਤਾ ਆਦਿਕ ਗੁਰਮਤਿ ਵਿਚਾਰ ਪ੍ਰਗਟਾਏ ਗਏ ਹਨ। ਆਪ ਜੀ ਮੂਰਤੀ ਪੂਜਾ ਅਤੇ ਦੇਵੀ ਦੇਵਤਿਆਂ ਦੀ ਪੂਜਾ ਦੇ ਸਖਤ ਵਿਰੋਧੀ ਸਨ, ਸਗੋਂ ਮੁਕਤੀ ਲਈ ਪ੍ਰਭੂ ਨਾਮ ਸਿਮਰਨ ਤੇ ਹੀ ਟੇਕ ਰੱਖਦੇ ਸਨ। ਭਗਤ ਜੀ ਦੇ ਕੁਝ ਪਾਵਨ ਬਚਨਾਂ ਦਾ ਵੇਰਵਾ ਹੈ:-



ਹੇ ਭਾਈ! ਹੋਰ ਸਭਨਾਂ ਦੀ ਆਸ ਛੱਡ। ਇਕ ਬੇਅੰਤ ਪ੍ਰਭੂ ਦਾ ਧਿਆਨ ਧਰ, ਜੋ ਸਭਨਾਂ ਵਿਚ ਮੌਜੂਦ ਹੈ। ਨਾਮਦੇਵ ਬੇਨਤੀ ਕਰਦਾ ਹੈ- ਜੋ ਮਨੁੱਖ ਪ੍ਰਭੂ ਦਾ ਧਿਆਨ ਧਰ ਕੇ ਨਿਸ਼ਕਾਮ ਹੋ ਜਾਂਦਾ ਹੈ, ਉਸ ਵਿਚ ਅਤੇ ਪ੍ਰਭੂ ਵਿਚ ਕੋਈ ਭਿੰਨ-ਭੇਦ ਨਹੀਂ ਰਹਿ ਜਾਂਦਾ। ਭਾਵ ਪ੍ਰਮਾਤਮਾ ਘਟ ਘਟ ਵਿਚ ਮੌਜੂਦ ਹੈ। ਹੋਰ ਆਸਾ ਛੱਡ ਕੇ ਉਸੇ ਦਾ ਆਸਰਾ ਲੈਣਾ ਚਾਹੀਦਾ ਹੈ। ਅੰਗ-988

ਮੈਂ ਨਾਮਦੇਵ ਨੇ ਪ੍ਰਭੂ ਦਾ ਭਜਨ ਕਰਕੇ ਪ੍ਰਭੂ ਨਾਲ ਸਾਂਝ ਪਾ ਲਈ ਹੈ ਤੇ ਜਗਤ ਦੇ ਆਸਰੇ ਪ੍ਰਭੂ ਵਿਚ ਮੇਰੀ ਜਿੰਦ ਲੀਨ ਹੋ ਗਈ ਹੈ। ਅੰਗ 857-858

ਹੇ ਭੈਣ! ਮੇਰਾ ਸੋਹਣਾ ਰਾਮ ਹਰ ਥਾਂ ਵਿਆਪਕ ਹੈ। ਪਰ ਕੋਈ ਜੀਵ ਵੀ ਉਸਦਾ ਮੁਕੰਮ ਸਰੂਪ ਬਿਆਨ ਨਹੀਂ ਕਰ ਸਕਦਾ। ਕਿਸੇ ਨੇ ਵੀ ਉਸਦੇ ਮੁਕੰਮਲ ਸਰੂਪ ਨੂੰ ਨਹੀਂ ਸਮਝਿਆ। ਹੇ ਭੈਣ ਉਸ ਸੋਹਣੇ ਰਾਮ ਨੂੰ ਮੱਲ ਦਾ ਦਾਗ ਤੱਕ ਨਹੀਂ ਹੈ। ਉਹ ਮੈਲ ਤੋਂ ਪਰੇ ਹੈ।

ਉਹ ਰਾਮ ਤਾਂ ਸੁਗੰਧੀ ਵਾਂਗ ਸਭ ਜੀਵਾਂ ਵਿਚ ਆ ਕੇ ਵੱਸਦਾ ਹੈ। ਭਾਵ ਜਿਵੇਂ ਸੁਗੰਧੀ ਫੁੱਲਾਂ ਵਿਚ ਹੈ। ਹੇ ਭੈਣ! ਉਸ ਸੋਹਣੇ ਰਾਮ ਨੂੰ ਕਦੇ ਕਿਸੇ ਨੇ ਜੰਮਦਾ ਨਹੀਂ ਵੇਖਿਆ, ਕੋਈ ਨਹੀਂ ਜਾਣਦਾ ਕਿ ਉਹ ਕਿਹੋ ਜਿਹਾ ਹੈ। ਜਿਵੇਂ ਆਕਾਸ਼ ਵਿਚ ਪੰਛੀ ਉਡਦਾ ਹੈ, ਪਰ ਉਸਦੇ ਉਡਣ ਵਾਲੇ ਰਸਤੇ ਦਾ ਖੁਰਾ-ਖੋਜ ਵੇਖਿਆ ਨਹੀਂ ਜਾ ਸਕਦਾ। ਜਿਵੇਂ ਮੱਛੀ ਪਾਣੀ ਵਿਚ ਤਰਦੀ ਹੈ, ਪਰ ਜਿਸ ਰਸਤੇ ਤੁਰਦੀ ਹੈ ਉਹ ਰਾਹ ਵੇਖਿਆ ਨਹੀਂ ਜਾ ਸਕਦਾ। ਭਾਵ ਅੱਖਾਂ ਅੱਗੇ ਕਾਇਮ ਨਹੀਂ ਕੀਤਾ ਜਾ ਸਕਦਾ। ਤਿਵੇਂ ਉਸ ਪ੍ਰਭੂ ਦਾ ਮੁਕੰਮਲ ਸਰੂਪ ਬਿਆਨ ਨਹੀਂ ਹੋ ਸਕਦਾ।

ਜਿਵੇਂ ਖੁੱਲ੍ਹੇ ਥਾਂ ਮ੍ਰਿਗ ਤ੍ਰਿਸ਼ਨਾ ਦਾ ਜਲ ਦਿਸਦਾ ਹੈ। ਅਗਾਂਹ-ਅਗਾਂਹ ਤੁਰੇ ਜਾਈਏ, ਪਰ ਉਸਦਾ ਟਿਕਾਣਾ ਲੱਭਦਾ ਨਹੀਂ। ਉਵੇਂ ਨਾਮਦੇਵ ਦੇ ਖਸਮ ਬੀਠਲ ਜੀ ਐਸੇ ਹਨ, ਜਿਸ ਨੇ ਮੇਰੇ ਤਿੰਨੇ ਪਾਪ ਸਾੜ ਦਿੱਤੇ ਹਨ। ਅੰਗ 525

ਪ੍ਰਮਾਤਮਾ ਦਾ ਨਾਮ ਸਿਮਰਿਆਂ ਕਿਸੇ ਜੀਵ ਦਾ ਵੀ ਕੋਈ ਪਾਪ ਨਹੀਂ ਰਹਿ ਜਾਂਦਾ। ਵਿਕਾਰਾਂ ਵਿਚ ਨਿਘਰੇ ਹੋਏ ਬੰਦੇ ਵੀ ਪ੍ਰਭੂ ਦਾ ਭਜਨ ਕਰਕੇ ਪਵਿੱਤਰ ਹੋ ਜਾਂਦੇ ਹਨ। ਅੰਗ 718

ਜੋ ਮਨੁੱਖ ਪ੍ਰਮਾਤਮਾ ਦਾ ਭਜਨ ਨਹੀਂ ਕਰਦੇ, ਮੈਂ ਉਹਨਾਂ ਦਾ ਦਰਸ਼ਨ ਨਹੀਂ ਕਰਦਾ। ਭਾਵ ਮੈਂ ਉਹਨਾਂ ਦੀ ਬੈਠਕ ਨਹੀਂ ਬੈਠਦਾ। ਮੈਂ ਉਹਨਾਂ ਨਾਲ ਬਹਿਣ-ਖਲੋਣ ਨਹੀਂ ਰੱਖਦਾ। ਅੰਗ 1163

ਹੇ ਪਾਖੰਡੀ ਮਨ! ਕਪਟ ਨਾ ਕਰ। ਛੱਡ ਇਏ ਕਪਟ, ਸਦਾ ਪਮਾਤਮਾ ਦਾ ਨਾਮ ਹੀ ਸਿਮਰਨ ਚਾਹੀਦਾ ਹੈ। ਅੰਗ 973।

ਜੇ ਗੁਰੂ ਮਿਲ ਪਏ ਤਾਂ ਅਠਾਹਟ ਤੀਰਥਾਂ ਦਾ ਇਸ਼ਨਾਨ ਹੋ ਗਿਆ ਜਾਣੋ। ਸਰੀਰ ਉੱਤੇ ਚੱਕਰ ਲੱਗ ਗਏ ਸਮਝੋ। ਜਿਵੇਂ ਬੈਰਾਗੀ ਦਵਾਰਕਾ ਜਾ ਕੇ ਲਾਉਂਦੇ ਹਨ। ਬਾਰਾਂ ਹੀ ਸ਼ਿਵ ਲਿੰਗਾਂ ਦਾ ਪੂਜਾ ਹੋ ਗਈ। ਉਸ ਮਨੁੱਖ ਲਈ ਸਾਰੇ ਜ਼ਹਿਰ ਵੀ ਮਿੱਠੇ ਫਲ ਬਣ ਜਾਂਦੇ ਹਨ। ਜੇ ਗੁਰੂ ਮਿਲ ਪਏ ਤਾਂ ਦਿਲ ਦੇ ਸ਼ੀਸ਼ੇ ਮਿਟ ਜਾਂਦੇ ਹਨ। ਜਮਾਂ ਤੋਂ ਹੀ ਖਲਾਸੀ ਹੋ ਜਾਂਦੀ ਹੈ। ਸੰਸਾਰ ਸਮੁੰਦਰ ਤੋਂ ਮਨੁੱਖ ਪਾਰ ਲੰਘ ਜਾਂਦਾ ਹੈ। ਜਨਮ ਮਰਨ ਤੋਂ ਬਚ ਜਾਂਦਾ ਹੈ। ਜੇ ਗੁਰੂ ਮਿਲ ਪਏ ਤਾਂ ਅਠਾਰਾਂ ਸਿਮ-੍ਰਤੀਆਂ ਦੇ ਦੱਸੇ ਕਰਮ ਕਾਂਡ ਦੀ ਲੋੜ ਨਹੀਂ ਰਹਿ ਜਾਂਦੀ। ਸਾਰੀ ਬਨਸਪਤੀ ਹੀ ਪ੍ਰਭੂ ਦੇਵ ਦੀ ਨਿੱਤ ਭੇਂਟ ਹੁੰਦੀ ਦਿਸ ਪੈਂਦੀ ਹੈ। ਸਤਿਗੁਰੂ ਤੋਂ ਬਿਨਾਂ ਹੋਰ ਥਾਂ ਨਹੀਂ ਜਿੱਥੇ ਮਨੁੱਖ ਜੀਵਨ ਦਾ ਸਹੀ ਰਸਤਾ ਲੱਭ ਸਕੇ। ਨਾਮਦੇਵ ਹੋ ਸਭ ਆਸਰੇ- ਪਰਨੇ ਛੱਡ ਕੇ ਗੁਰੂ ਦੀ ਸ਼ਰਨ ਪਿਆ ਹੈ। 1166-67 ਅੰਗ

ਮਨੁੱਖ ਮਾਇਆ ਦੀ ਖਾਤਰ ਬੜੀ ਮਿਹਨਤ ਕਰਦਾ ਹੈ। ਉਸਨੂੰ ਕਮਾ ਕੇ ਧਰਤੀ ਵਿਚ ਨੱਪ ਰੱਖਦਾ ਹੈ। ਮੂਰਖ ਬੜੀ ਇਕੱਠੀ ਕਰੀ ਜਾਂਦਾ ਹੈ। ਪਰ ਸਮਝਦਾ ਨਹੀਂ ਕਿ ਧੰਨ ਜ਼ਮੀਨ ਵਿਚ ਹੀ ਦੱਬਿਆ ਪਿਆ ਰਹਿੰਦਾ ਹੈ। ਮੌਤ ਆਇਆਂ ਸਰੀਰ ਮਿੱਟੀ ਹੋ ਜਾਂਦਾ ਹੈ। ਅੰਗ 1252

ਸੁੱਖ ਮੰਗਣ ਅਤੇ ਦੁੱਖਾਂ ਤੋਂ ਬਚਣ ਲਈ ਅੰਞਾਣ ਲੋਕ ਆਪਣੀ ਹੀ ਹੱਥੀਂ ਪੱਥਰਾਂ ਤੋਂ ਘੜੇ ਹੋਏ ਦੇਵਤਿਆਂ ਅੱਗੇ ਨੱਕ ਰਗੜਦੇ ਹਨ। ਪਰ ਹੇ ਮਨ ਤੂੰ ਇਕ ਪ੍ਰਭੂ ਨੂੰ ਸਿਮਰ। ਉਹ ਹੀ ਵਾਸ਼ਨਾ ਰਹਿਤ ਅਵਸਥਾ ਦੇਣ ਵਾਲਾ ਹੈ। ਉਸਦਾ ਸਿਮਰਨ ਕੀਤਿਆਂ, ਫਿਰ ਤੇਰਾ ਜਗਤ ਵਿਚ ਜੰਮਣਾ-ਮਰਨਾ ਮਿਟ ਜਾਏਗਾ। ਅੰਗ 525।

# ਭਾਰਤੀ ਸਿੱਖਿਆ ਪ੍ਰਣਾਲੀ ਅਤੇ ਨੌਕਰੀ ਬਾਜ਼ਾਰ ਵਿਚਕਾਰ ਡੂੰਘਾ ਸਬੰਧ

ਭਾਰਤੀ ਸਿੱਖਿਆ ਪ੍ਰਣਾਲੀ ਅਤੇ ਨੌਕਰੀ ਦੀ ਮੰਡੀ ਦਾ ਡੂੰਘਾ ਸਬੰਧ ਹੈ, ਪਰ ਇਸ ਰਿਸ਼ਤੇ ਵਿੱਚ ਕਈ ਚੁਣੌਤੀਆਂ ਅਤੇ ਅਸੰਤੁਲਨ ਵੀ ਹਨ। ਭਾਰਤੀ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਦੀ ਲੋੜ ਲਗਾਤਾਰ ਮਹਿਸੂਸ ਕੀਤੀ ਜਾ ਰਹੀ ਹੈ ਤਾਂ ਜੋ ਇਹ ਬਦਲਦੇ ਰੁਜ਼ਗਾਰ ਬਾਜ਼ਾਰ ਦੀਆਂ ਮੰਗਾਂ ਦੇ ਅਨੁਸਾਰ ਹੋ ਸਕੇ। ਇੱਥੇ ਵਿਚਾਰ ਕਰਨ ਲਈ ਕੁਝ ਮੁੱਖ ਨੁਕਤੇ ਹਨ:

1. ਸਿਧਾਂਤ ਅਤੇ ਵਿਹਾਰਕ ਗਿਆਨ ਵਿੱਚ ਅੰਤਰ ਭਾਰਤੀ ਸਿੱਖਿਆ ਪ੍ਰਣਾਲੀ ਵਿੱਚ ਸਭ ਤੋਂ ਵੱਧ ਜ਼ੋਰ ਸਿਧਾਂਤ ਉੱਤੇ ਦਿੱਤਾ ਜਾਂਦਾ ਹੈ। ਹਾਲਾਂਕਿ, ਮੌਜੂਦਾ ਨੌਕਰੀਮਾਰਕੀਟ ਵਿੱਚ ਕੰਪਨੀਆਂ ਨੂੰ ਅਜਿਹੇ ਪੇਸ਼ੇਵਰਾਂ ਦੀ ਲੋੜ ਹੁੰਦੀ ਹੈ ਜਿਨ੍ਹਾਂ ਕੋਲ ਵਿਹਾਰਕ ਗਿਆਨ ਹੋਵੇ ਅਤੇ ਕੰਮ ਵਾਲੀ ਥਾਂ 'ਤੇ ਆਸਾਨੀ ਨਾਲ ਯੋਗਦਾਨ ਪਾ ਸਕਣ। ਵਿਦਿਆਰਥੀਆਂ ਨੂੰ ਵਿਹਾਰਕ ਗਿਆਨ ਪ੍ਰਦਾਨ ਕਰਨ ਲਈ ਉਦਯੋਗ-ਗਠਜੋੜ, ਇੰਟਰਨਸ਼ਿਪ ਅਤੇ ਪ੍ਰੋਜੈਕਟਾਂ 'ਤੇ ਧਿਆਨ ਕੇਂਦਰਿਤ ਕਰਨਾ ਮਹੱਤਵਪੂਰਨ ਹੈ।

2. ਹੁਨਰ ਵਿਕਾਸ ਦੀ ਘਾਟ ਤਕਨੀਕੀ ਹੁਨਰਾਂ ਦੇ ਨਾਲ, ਸੌਫਟ ਹੁਨਰ, ਜਿਵੇਂ ਕਿ ਸੰਚਾਰ, ਟੀਮ ਵਰਕ, ਅਤੇ ਸਮੱਸਿਆ ਹੱਲ ਕਰਨਾ, ਨੌਕਰੀ ਦੀ ਮਾਰਕੀਟ ਵਿੱਚ ਸਫਲਤਾ ਲਈ ਜ਼ਰੂਰੀ ਹਨ। ਭਾਰਤੀ ਸਿੱਖਿਆ ਪ੍ਰਣਾਲੀ ਵਿੱਚ ਅਜਿਹੇ ਹੁਨਰਾਂ ਉੱਤੇ ਘੱਟ ਜ਼ੋਰ ਦਿੱਤਾ ਜਾਂਦਾ ਹੈ। ਇਸ ਕਾਰਨ ਬਹੁਤ ਸਾਰੇ ਵਿਦਿਆਰਥੀਆਤਮ ਵਿਸ਼ਵਾਸ ਅਤੇ ਸਹੀ ਹੁਨਰ ਦੀ ਕਮੀ ਹੈ।

3. ਪਰੰਪਰਾਗਤ ਕੋਰਸਾਂ 'ਤੇ ਜ਼ਿਆਦਾ ਧਿਆਨ ਭਾਰਤੀ ਸਿੱਖਿਆ ਪ੍ਰਣਾਲੀ ਇੰਜਨੀਅਰਿੰਗ, ਮੈਡੀਕਲ ਅਤੇ ਕੁਝ ਰਵਾਇਤੀ ਕੋਰਸਾਂ 'ਤੇ ਵਧੇਰੇ ਜ਼ੋਰ ਦਿੰਦੀ ਹੈ, ਜਦੋਂ ਕਿ ਨਵੀਂ ਤਕਨੀਕਾਂ ਅਤੇ ਹੋਰ ਖੇਤਰਾਂ ਜਿਵੇਂ ਕਿ ਡੇਟਾ ਸਾਇੰਸ, ਆਰ-ਟੀਫੀਸ਼ੀਅਲ ਇੰਟੈਲੀਜੈਂਸ ਅਤੇ ਡਿਜ਼ਾਈਨ ਵਿੱਚ ਨੌਕਰੀ ਦੇ ਮੌਕੇ ਵਧ ਰਹੇ ਹਨ। ਅਜਿਹੀ ਸਥਿਤੀ ਵਿੱਚ, ਕੈਰੀਅਰ ਦੇ ਵਿਕਲਪਾਂ ਵਿੱਚ ਵਿਭਿੰਨਤਾ ਲਿਆਉਣ ਦੀ ਜ਼ਰੂਰਤ ਹੈ ਤਾਂ ਜੋ ਵਿਦਿਆਰਥੀਆਂ ਨੂੰ ਬਦਲਦੇ ਸਮੇਂ ਦੇ ਅਨੁਸਾਰ ਤਿਆਰ ਕੀਤਾ ਜਾ ਸਕੇ।

4. ਰੁਜ਼ਗਾਰ ਦੇ ਮੌਕਿਆਂ ਦੀ ਅਸਮਾਨਤਾ ਇਹ ਕਈ ਵਾਰ ਦੇਖਿਆ ਗਿਆ ਹੈ ਕਿ ਵੱਡੀ ਗਿਣਤੀ ਵਿੱਚ ਗ੍ਰੈਜੂਏਟ ਨੌਕਰੀ ਦੀ ਮੰਡੀ ਵਿੱਚ ਸ਼ਾਮਲ ਹੋ ਰਹੇ ਹਨ। ਉਹ ਦਾਖਲ ਹੁੰਦੇ ਹਨ, ਪਰ ਉਹਨਾਂ ਕੋਲ ਨੌਕਰੀ ਪ੍ਰਾਪਤ ਕਰਨ ਲਈ ਲੋੜੀਂਦੇ ਹੁਨਰ ਨਹੀਂ ਹੁੰਦੇ ਹਨ। ਇਸ ਕਾਰਨ ‘ਬੇਰੁਜ਼ਗਾਰੀ’ ਅਤੇ ‘ਬੇਰੁਜ਼ਗਾਰੀ’ ਵਰਗੀਆਂ ਸਮੱਸਿਆਵਾਂ ਵਧ ਰਹੀਆਂ ਹਨ।

5. ਸਿੱਖਿਆ ਨੀਤੀ ਵਿੱਚ ਸੁਧਾਰ ਨਵੀਂ ਸਿੱਖਿਆ ਨੀਤੀ (NEP 2020) ਦਾ ਉਦੇਸ਼ ਇਸ ਅਸੰਤੁਲਨ ਨੂੰ ਘਟ-ਾਉਣਾ ਹੈ, ਜਿਸ ਵਿੱਚ ਹੁਨਰ ਵਿਕਾਸ, ਵਿਹਾਰਕ ਸਿਖਲਾਈ, ਅਤੇ ਉਦਯੋਗ ਲਈ ਤਿਆਰ ਕੋਰਸਾਂ 'ਤੇ ਜ਼ੋਰ ਦਿੱਤਾ ਗਿਆ ਹੈ। ਇਸ ਤਹਿਤ ਸਕੂਲ ਅਤੇ ਉਚੇਰੀ ਸਿੱਖਿਆ ਦੇ ਪੱਧਰ 'ਤੇ ਬਦਲਾਅ ਕੀਤੇ ਜਾ ਰਹੇ ਹਨ ਤਾਂ ਜੋ ਸਿੱਖਿਆ ਪ੍ਰਣਾਲੀ ਰੁਜ਼ਗਾਰ ਯੋਗ ਬਣ ਸਕੇ।

6. ਵਿਸ਼ਵ ਪੱਧਰੀ ਸਿੱਖਿਆ ਅਤੇ ਉਦਯੋਗ ਦਾ ਐਕਸਪੋਜਰ ਭਾਰਤ ਵਿੱਚ ਬਹੁਤ ਸਾਰੀਆਂ ਯੂਨੀਵਰਸਿਟੀਆਂ ਅਤੇ ਕਾਲਜ ਹੁਣ ਵਿਸ਼ਵ ਪੱਧਰੀ ਸਿੱਖਿਆ ਅਤੇ ਖੋਜ-ਅਧ-ਾਰਿਤ ਪ੍ਰੋਗਰਾਮਾਂ ਵੱਲ ਵਧ ਰਹੇ ਹਨ।


ਵਿਦੇਸ਼ੀ ਯੂਨੀਵਰਸਿਟੀਆਂ ਅਤੇ ਕੰਪਨੀਆਂ ਦੇ ਨਾਲ ਸਹਿਯੋਗ ਵਿਦਿਆਰਥੀਆਂ ਨੂੰ ਉਦਯੋਗ ਦਾ ਸੰਪਰਕ ਵੀ ਪ੍ਰਦਾਨ ਕਰ ਸਕਦਾ ਹੈ। ਸਿੱਟਾ- ਸਮੇਂ ਦੇ ਨਾਲ ਸਿੱਖਿਆ ਪ੍ਰਣਾਲੀ ਵਿੱਚ ਆ ਰਹੀਆਂ ਤਬਦੀਲੀਆਂ ਅਤੇ ਰੁਜ਼ਗਾਰ ਮੰਡੀ ਦੀਆਂ ਮੰਗਾਂ ਅਨੁਸਾਰ ਸਿੱਖਿਆ ਪ੍ਰਦਾਨ ਕਰਨਾ ਜ਼ਰੂਰੀ ਹੈ। ਇਸ ਦੇ ਲਈ ਸਰਕਾਰ, ਸੰਸਥਾਵਾਂ ਅਤੇ ਉਦਯੋਗ ਦਰਮਿਆਨ ਬਿਹਤਰ ਸਹਿਯੋਗ ਦੀ ਲੋੜ ਹੈ। ਇਸ ਨਾਲ ਨਾ ਸਿਰਫ਼ ਰੁਜ਼ਗਾਰ ਦੇ ਮੌਕੇ ਵਧਣਗੇ ਸਗੋਂ ਵਿਦਿਆਰਥੀਆਂ ਲਈ ਕਰੀਅਰ ਦੀ ਸਥਿਰਤਾ ਅਤੇ ਸੰਤੁਸ਼ਟੀ ਵੀ ਯਕੀਨੀ ਹੋਵੇਗੀ।


# ਜਸਵੀਰ ਸਿੰਘ ਰਾਣਾ ਦਾ ਨਾਵਲ 70% ਪ੍ਰੇਮ ਕਥਾ ਪੇਂਡੂ ਸਭਿਆਚਾਰ ਦਾ ਪ੍ਰਤੀਕ



ਉਜਾਗਰ ਸਿੰਘ
91-94178 13072

ਜਸਵੀਰ ਸਿੰਘ ਰਾਣਾ ਪੰਜਾਬੀ ਦਾ ਸਮਰੱਥ ਬਹੁ-ਵਿਧਾਵੀ ਸਾਹਿਤਕਾਰ ਹੈ। ਉਸ ਦੀਆਂ ਸਾਹਿਤ ਦੇ ਵੱਖ-ਵੱਖ ਰੂਪਾਂ ਦੀਆਂ 7 ਮੌਲਿਕ, 1 ਜੀਵਨੀ ਅਤੇ 2 ਸੰਪਾਦਿਤ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਇਹ ਨਾਵਲ/ਜੀਵਨੀ ਉਸਦੀ 8ਵੀਂ ਮੌਲਿਕ ਪੁਸਤਕ ਹੈ। ਮੁੱਢਲੇ ਤੌਰ 'ਤੇ ਉਹ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਅਕਾਦਮਿਕ ਖੇਤਰ ਵਿੱਚ ਕਈ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਸਲੇਬਸ ਵਿੱਚ ਲੱਗੀਆਂ ਹੋਈਆਂ ਹਨ। ਉਸ ਦੀ ਕਹਾਣੀ ਕਲਾ ਉਪਰ 8 ਖੋਜ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ ਉਸ ਦੀ ਨਾਵਲ ਅਤੇ ਕਹਾਣੀਆਂ ਉਪਰ ਕਈ ਯੂਨੀਵਰਸਿਟੀਆਂ ਵਿੱਚ ਐਮ.ਫਿਲ. ਅਤੇ ਪੀ.ਐਚ.ਡੀ. ਪੱਧਰ ਦਾ ਖੋਜ ਕਾਰਜ ਹੋ ਰਿਹਾ ਹੈ। ਜਸਵੀਰ ਸਿੰਘ ਰਾਣਾ ਨੂੰ ਵੱਖ-ਵੱਖ ਸੰਸਥਾਵਾਂ ਵੱਲੋਂ 14 ਮਾਣ ਸਨਮਾਨ ਮਿਲ ਚੁੱਕੇ ਹਨ। ਇਸ ਨਾਵਲ/ਜੀਵਨੀ ਨੂੰ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਉਹ ਦਿਹਾਤੀ ਰਹਿਤਲ ਦਾ ਚਿਤੇਰਾ ਸਾਹਿਤਕਾਰ ਹੈ। ਉਸ ਦੀ ਬੋਲੀ ਤੇ ਸ਼ੈਲੀ ਠੇਠ ਮਲਵਈ ਹੈ। ਪਿੰਡਾਂ ਦੀ ਆਮ ਬੋਲ ਚਾਲ ਵਿੱਚ ਵਰਤੇ ਜਾਣ ਵਾਲੇ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜਿਵੇਂ ਮੈਸ੍ਹਾਂ, ਲਟੈਣ, ਲੋਟਣੀ, ਘੰਦੂਈ ਸੂਈ, ਚੱਪੇ, ਗੀਜ੍ਹਾ, ਸੁੱਬ, ਪਾੜਛੇ, ਖੱਪਦਾ, ਬੋਹਲ, ਖੱਤਾ, ਭਰਚਿੱਟੀ, ਬੋਈਏ, ਗਲੋਟੇ, ਸੂਹਣ, ਫਿੜਕੇ, ਟਾ, ਮਕਾਣਾਂ, ਬਾਬਰੀਆ, ਦੋਲਾ, ਪਰਾਂਤ, ਚੰਦੂਏ, ਝੁਲਸਾਂਗੇ, ਸੁੰਭਰਨ, ਘੇਸੂ ਆਦਿ। ਇਸ ਸ਼ਬਦਾਵਲੀ ਨੂੰ ਸਾਂਭਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਸਾਡੇ ਦਿਹਾਤੀ ਸਭਿਆਚਾਰ ਦਾ ਅਨਿਖੜਵਾਂ ਅੰਗ ਹੈ। ਇਹ ਸ਼ਬਦ ਆਧੁਨਿਕ ਸਮੇਂ ਵਿੱਚ ਅਲੋਪ ਹੋ ਰਹੇ ਹਨ। ਨਾਵਲ/ਜੀਵਨੀ ਪੜ੍ਹਦਿਆਂ ਰੌਚਿਕਤਾ ਬਰਕਰਾਰ ਰਹਿੰਦੀ ਹੈ। ਇੱਕ ਚੈਪਟਰ ਤੋਂ ਬਾਅਦ ਦੂਜਾ ਪੜ੍ਹਨ ਦੀ ਚੇਸ਼ਟਾ ਬਣੀ ਰਹਿੰਦੀ ਹੈ ਕਿ ਅੱਗੇ ਕੀ ਹੋਵੇਗਾ? ਇਹੋ ਨਾਵਲਕਾਰ/ਜੀਵਨੀਕਾਰ ਦੀ ਵਿਲੱਖਣਤਾ ਹੈ। ਇਹ ਨਾਵਲ/ਜੀਵਨੀ ਉਸਨੇ ਆਪਣੇ ਪਰਿਵਾਰ ਖਾਸ ਤੌਰ 'ਤੇ ਮਾਤਾ ਪਿਤਾ ਨੂੰ ਧੁਰਾ ਬਣਾਕੇ ਦਿਹਾਤੀ ਸਭਿਆਚਾਰ ਦਾ ਵਿਸ਼ਲੈਸ਼ਣ ਕੀਤਾ ਹੈ। ਜਸਵੀਰ ਸਿੰਘ ਰਾਣਾ ਦੇ ਕੁਨਬੇ ਦਾਦਕਿਆਂ, ਨਾਨਕਿਆਂ ਅਤੇ ਪਿੰਡਾਂ ਦੇ ਲੋਕਾਂ ਦੇ ਵਿਵਹਾਰ, ਸਹਿਯੋਗ, ਮੇਲ ਮਿਲਾਪ, ਪਿੰਡਾਂ ਦੇ ਰੰਗ ਢੰਗ ਅਤੇ ਸਹਿਹੋਂਦ ਦੀ ਜੀਵਨੀ ਹੈ। ਪਿੰਡਾਂ ਵਿੱਚ ਜਿਹੜੀਆਂ ਪਰੰਪਰਾਵਾਂ ਅਤੇ ਨਿੱਕੇ ਨਿੱਕੇ ਰਸਮੋ ਰਿਵਾਜ ਜੋ ਸਦੀਆਂ ਤੋਂ ਚਲਦੇ ਆ ਰਹੇ ਹਨ, ਉਹ ਆਧੁਨਿਕਤਾ ਦੇ ਜ਼ਮਾਨੇ ਵਿੱਚ ਵੀ ਬਾਦਸਤੂਰ ਜ਼ਾਰੀ ਹਨ। ਭਾਵੇਂ ਲੋਕ ਇਨ੍ਹਾਂ ਨੂੰ ਵਹਿਮ-ਭਰਮ ਹੀ ਸਮਝਣ ਪ੍ਰੰਤੂ ਦਿਹਾਤੀ ਸਭਿਅਚਾਰ ਦਾ ਹਿੱਸਾ ਬਣ ਚੁੱਕੇ ਹਨ। ਇਨਸਾਨ ਦੇ ਜਨਮ ਤੋਂ ਇਹ ਪਰੰਪਰਾਵਾਂ ਸ਼ੁਰੂ ਹੋ ਕੇ ਸਮੁੱਚੇ ਜੀਵਨ ਮਰਨ ਤੱਕ ਚਲਦੀਆਂ ਰਹਿੰਦੀਆਂ ਹਨ। ਮੌਤ ਤੋਂ ਬਾਅਦ ਚਿਤਾ ਦਾ ਜਲਨਾ, ਫੁੱਲ ਚੁਗਣੇ ਤੇ ਪਾਉਣੇ, ਕਰਤਾਰਪੁਰ ਜਾਣ ਮੌਕੇ ਦੀਆਂ ਰੀਤਾਂ, ਮਕਾਣਾਂ, ਭੋਗਾਂ 'ਤੇ ਲੀਡਰਾਂ ਦੇ ਭਾਸ਼ਣ ਆਦਿ ਦਾ ਚਿਤਰਣ ਨਾਵਲਕਾਰ/ਜੀਵਨੀਕਾਰ ਨੇ ਬਾਕਮਾਲ ਢੰਗ ਨਾਲ ਕੀਤਾ ਹੈ। ਇਹ ਨਾਵਲ/ ਜੀਵਨੀ ਲਿਖਕੇ ਜਸਵੀਰ ਸਿੰਘ ਰਾਣਾ ਨੇ ਆਪਣੇ ਪਿੰਡ ਦੀ ਮਿੱਟੀ ਦਾ ਮੁੱਲ ਤਾਰ ਦਿੱਤਾ ਹੈ। ਜਸਵੀਰ ਸਿੰਘ ਰਾਣਾ ਪਿੰਡ ਵਿੱਚ ਜੰਮ੍ਹਿਆਂ ਪਲਿਆ, ਪੜ੍ਹਿਆ ਅਤੇ ਅੱਜ ਤੱਕ ਉਥੇ ਹੀ ਰਹਿ ਰਿਹਾ ਹੈ, ਇਸ ਕਰਕੇ ਉਸ ਨੇ ਪੇਂਡੂ ਪਾਤਰ ਬਹੁਤ ਹੀ ਸਲੀਕੇ ਤੇ ਰੂਹ ਨਾਲ ਚਿਤਰੇ ਹਨ, ਕਿਸ ਪ੍ਰਕਾਰ ਅਜੇ ਤੱਕ ਵੀ ਸ਼ਰੀਕੇਬਾਜ਼ੀ ਬਰਕਰਾਰ ਹੈ, ਰਿਸ਼ਤੇਦਾਰਾਂ, ਗੁਆਂਢੀਆਂ, ਪਿੰਡ ਵਾਸੀਆਂ ਅਤੇ ਸ਼ਰੀਕੇ ਦੇ ਵਿਵਹਾਰ ਨੂੰ ਵੀ ਕਮਾਲ ਦਾ ਚਿਤਰਿਆ ਹੈ। ਲੇਖਕ ਦਾ ਪਿਤਾ ਦਰਸ਼ਨ ਸਿੰਘ ਫ਼ੌਜੀ ਦੀ 1965 ਤੇ 71 ਦੀ ਜੰਗ ਸਮੇਂ ਦੇਸ਼ ਭਗਤੀ, ਸ਼ਰਾਬ ਪੀਣ ਦੀ ਲੱਤ ਪਿੰਡਾਂ ਵਿੱਚ ਸ਼ਰਾਬੀਆਂ ਦੇ ਰੰਗਾਂ ਢੰਗਾਂ ਨੂੰ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਸ਼ਰਾਬੀ ਅਕਸਰ ਦਰਸ਼ਨ ਸਿੰਘ ਦੀ ਤਰ੍ਹਾਂ ਭਾਵੇਂ ਐਕਸੀਡੈਂਟਾਂ ਦੇ ਸ਼ਿਕਾਰ ਹੁੰਦੇ ਹਨ ਅਤੇ ਕਿਤਨੇ ਹੀ ਦੁੱਖ ਸਹਿੰਦੇ ਹੋਣ ਪ੍ਰੰਤੂ ਸ਼ਰਾਬ ਪੀਣ ਤੋਂ ਝਿਜਕਦੇ ਨਹੀਂ।



ਸ਼ਰਾਬੀਆਂ ਦੇ ਪਰਿਵਾਰਾਂ ਦੀ ਤਰਸਯੋਗ ਹਾਲਤ ਦ੍ਰਿਸ਼ਟਾਂਤਕ ਰੂਪ ਵਿੱਚ ਲਿਖੀ ਗਈ ਹੈ। ਪਿੰਡਾਂ ਵਿੱਚੋਂ ਸੱਥਾਂ ਦਾ ਗਾਇਬ ਹੋਣਾ, ਮੋਬਾਈਲਾਂ ਦੀ ਭਰਮਾਰ, ਕਰਜ਼ਾ ਦੇਣ ਵਾਲੇ ਸ਼ਾਹਾਂ ਦੀ ਨੀਅਤ, ਸੱਸਾਂ ਦਾ ਨੂੰਹਾਂ ਨਾਲ ਵਿਵਹਾਰ, ਅਮਲੀਆਂ ਦੀ ਹਾਲਤ, ਪੈਸੇ ਧੇਲੇ ਦੇ ਲੈਣ ਦੇਣ ਸਮੇਂ ਲੇਖਾ ਮਾਵਾਂ ਧੀਆਂ ਦਾ ਬਾਰੇ ਲਿਖਿਆ ਹੈ। ਵੈਸੇ ਇਸ ਨਾਵਲ ਦਾ ਹਰ ਚੈਪਟਰ ਦ੍ਰਿਸ਼ਟਾਂਤਿਕ ਹੈ? ਇਉਂ ਮਹਿਸੂਸ ਹੋਣ ਲੱਗਦਾ ਹੈ ਕਿ ਜਿਵੇਂ ਸਾਰਾ ਕੁਝ ਸਾਹਮਣੇ ਵਾਪਰ ਰਿਹਾ ਹੈ। ਇੱਕ ਫ਼ੌਜੀ ਕਿਵੇਂ ਬਣ ਠਣ ਕੇ ਰਹਿੰਦਾ ਹੈ, ਆਪਣੇ ਪਿਤਾ ਦਰਸ਼ਨ ਸਿੰਘ ਰਾਹੀਂ ਦਰਸ-ਾਇਆ ਗਿਆ ਹੈ। 70% ਪ੍ਰੇਮ ਕਥਾ ਦਾ ਭਾਵ ਨਾਵਲਕਾਰ/ਜੀਵਨੀਕਾਰ ਦਾ 70% ਪਿਆਰ ਆਪਣੇ ਪਰਿਵਾਰ ਨਾਲ ਹੈ। ਇਨਸਾਨ ਦੇ ਸਰੀਰ ਵਿੱਚ ਵੀ 70% ਪਾਣੀ ਹੁੰਦਾ ਹੈ। ਪਿਤਾ ਦਾ ਫ਼ੌਜੀ ਜੀਵਨ ਦੇਸ਼ ਭਗਤੀ ਦਾ ਨਮੂਨਾ ਹੈ ਪ੍ਰੰਤੂ ਇਸ ਦੇ ਨਾਲ ਹੀ ਉਸ ਦੇ ਪਿਤਾ ਦਾ ਸ਼ਰਾਬ ਪੀਣਾ ਅਤੇ ਦੋਸਤਾਂ ਮਿੱਤਰਾਂ ਨੂੰ ਸ਼ਰਾਬ ਪਿਲਾਉਣਾ ਪਿੰਡਾਂ ਵਿੱਚ ਆਮ ਵੇਖਿਆ ਜਾਂਦਾ ਹੈ। ਮੁਫ਼ਤਖ਼ੋਰੇ ਸ਼ਰਾਬ ਪੀਣ ਵਾਲੇ ਪਿਅਕੜ ਅਜਿਹੇ ਵਿਅਕਤੀਆਂ ਦੇ ਅੱਗੇ ਪਿੱਛੇ ਫਿਰਦੇ ਰਹਿੰਦੇ ਹਨ। ਸ਼ਰਾਬੀਆਂ ਦੇ ਪਰਿਵਾਰਾਂ ਦੀ ਦੁਰਦਸ਼ਾ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕੀਤੀ ਹੈ। ਸ਼ਰਾਬੀ ਆਪਣੀਆਂ ਜ਼ਮੀਨਾਂ ਸ਼ਰਾਬ ਦੀ ਭੇਂਟ ਚੜ੍ਹਾ ਦਿੰਦੇ ਹਨ। ਜੱਟਾਂ ਦਾ ਜ਼ਮੀਨ ਜਾਇਦਾਦ ਪਿੱਛੇ ਲੜਨਾ ਤੇ ਪਰਿਵਾਰਾਂ ਦੇ ਜ਼ਮੀਨਾਂ ਦੇ ਝਗੜੇ ਤੇ ਵੱਟਾਂ ਪਿੱਛੇ ਲੜਨਾ ਬਹੁਤ ਵਧੀਆ ਢੰਗ ਨਾਲ ਦਰਸਾਏ ਹਨ। ਪੰਜਾਬ ਪੁਲਿਸ ਦੇ ਕਿਰਦਾਰ ਨੂੰ ਵੀ ਬਾਖ਼ੂਬੀ ਦਰਸਾਇਆ ਹੈ। ਉਪਜਾਊ ਜ਼ਮੀਨਾਂ ਵਿੱਚ ਕਾਲੋਨੀਆਂ ਦਾ ਉਸਰਨਾਂ ਤੇ ਕੁਦਰਤ ਨਾਲ ਰੁੱਖ ਵੱਢਕੇ ਖਿਲਵਾੜ ਕਰਨਾ ਵੀ ਪੰਜਾਬੀਆਂ ਦੀ ਮਾਨਸਿਕਤਾ ਦਾ ਹਿੱਸਾ ਹੈ। ਚਰਨ ਕੌਰ ਦਾ ਸ਼ਰਾਬੀ ਪਤੀ ਦੀ ਮੌਤ ਤੋਂ ਬਾਅਦ ਪਤੀ ਦੀ ਯਾਦ ਨੇ ਸਤਾਉਣਾ ਔਰਤਾਂ ਦੀ ਮਾਨਸਿਕਤਾ ਦਾ ਪ੍ਰਤੀਕ ਹੈ, ਭਾਵੇਂ ਮਰਦ ਕਿਤਨਾ ਵੀ ਕਰੂਰ ਹੋਵੇ, ਪਤਨੀ ਮੋਹ ਵਿੱਚ ਭਿੱਜੀ ਰਹਿੰਦੀ ਹੈ। ਕੁੱਟ ਖਾਂਦੀ ਰਹਿੰਦੀ ਹੈ ਤਾਂ ਜੋ ਪਰਿਵਾਰ ਪਾਲਿਆ ਜਾ ਸਕੇ। ਪੁਰਾਣੇ ਸਮੇਂ ਬਿਮਾਰੀ ਠਿਮਾਰੀ ਵਿੱਚ ਅਫੀਮ ਦੀ ਵਰਤੋਂ ਆਮ ਕੀਤੀ ਜਾਂਦੀ ਸੀ। ਦਰਸ਼ਨ ਸਿੰਘ ਨੂੰ ਰਖੜਾ ਸ਼ੂਗਰ ਮਿਲ ਵਿੱਚ ਖ਼ੁਦਗਰਜ਼ ਵਿਅਕਤੀ ਵੱਲੋਂ ਉਸ ਦੇ ਇਮਾਨਦਾਰ ਅਤੇ ਨੌਕਰੀ ਪ੍ਰਤੀ ਬਚਨਵੱਧ ਹੋਣ ਦੇ ਬਾਵਜੂਦ ਪੁਲਿਸ ਕੇਸ ਬਣਾਕੇ ਨੌਕਰੀ ਵਿੱਚੋਂ ਕਢਵਾਉਣਾ ਪੁਲਿਸ ਅਤੇ ਬੇਈਮਾਨ ਲੋਕਾਂ ਦੀ ਮਾਨਸਿਕਤਾ ਨੂੰ ਦਰਸਾਉਂਦਾ ਹੈ। ਇਮਾਨਦਾਰ ਵਿਅਕਤੀਆਂ ਨੂੰ ਸ਼ਾਜ਼ਸ਼ਾਂ ਨਾਲ ਨਿੱਜੀ ਹਿੱਤਾਂ ਦੀ ਪੂਰਤੀ ਲਈ ਬਦਨਾਮ ਕੀਤਾ ਜਾਂਦਾ ਹੈ।

ਇਸ ਦੇ ਨਾਲ ਰਾਜਨੀਤਕ ਦਖ਼ਲਅੰਦਾਜ਼ੀ ਬਾਰੇ ਵੀ ਦੱਸਿਆ ਹੈ। ਦਰਸ਼ਨ ਸਿੰਘ ਫ਼ੌਜ ਤੇ ਰਖੜਾ ਮਿਲ ਵਿੱਚ ਨੌਕਰੀ ਕਰਦਾ ਘਰੋਂ ਬਾਹਰ ਰਿਹਾ, ਇਸ ਨਾਵਲਕਾਰ/ਜੀਵਨੀ ਵਿੱਚ ਦਰਸ਼ਨ ਸਿੰਘ ਦੀ ਪਤਨੀ ਦਾ ਇਕੱਲਿਆਂ ਆਪਣੇ ਛੋਟੇ ਬੱਚਿਆਂ ਨਾਲ ਡਰ ਦੇ ਵਾਤਾਵਰਨ ਵਿੱਚ ਰਹਿਣਾ ਸਮਾਜਿਕ ਤਾਣੇ ਬਾਣੇ ਦੀ ਮੂੰਹ ਬੋਲਦੀ ਤਸਵੀਰ ਹੈ। ਕਿਸ ਪ੍ਰਕਾਰ ਚਰਨ ਕੌਰ ਦਰਵਾਜ਼ਿਆਂ ਦੀਆਂ ਵਿਰਲਾਂ ਬੰਦ ਕਰਕੇ ਸੌਂਦੀ ਸੀ ਤਾਂ ਜੋ ਕਿਸੇ ਨੂੰ ਪਤਾ ਨਾ ਲੱਗ ਸਕੇ ਕਿ ਘਰ ਵਿੱਚ ਇਕੱਲੀ ਇਸਤਰੀ ਹੈ। ਇਹ ਦੁਖਾਂਤ ਉਹ 43 ਸਾਲ ਬਰਦਾਸ਼ਤ ਕਰਦੀ ਰਹੀ।


ਔਰਤ ਨੂੰ ਕੰਧਾਂ ਤੋਂ ਵੀ ਡਰ ਲਗਦਾ ਰਹਿੰਦਾ ਹੈ। ਬੱਚੇ ਪਾਲਣ ਲਈ ਚਰਨ ਕੌਰ ਦੀ ਜਦੋਜਹਿਦ ਸੁਚੱਜੇ ਢੰਗ ਨਾਲ ਲਿਖੀ ਗਈ ਹੈ। ਲੇਖਕ ਦਾ ਆਪਣੇ ਮਾਂ ਬਾਪ ਨਾਲ ਪਿਆਰ ਅਤੇ ਬਜ਼ੁਰਗਾਂ ਦਾ ਬੁਢਾਪੇ ਵਿੱਚ ਅਣਡਿਠ ਹੋਣਾ ਵੀ ਚਿੰਤਾ ਦਾ ਵਿਸ਼ਾ ਬਣਿਆਂ ਰਿਹਾ। ਜੇ ਇਹ ਕਹਿ ਲਿਆ ਜਾਵੇ ਕਿ ਜਸਵੀਰ ਸਿੰਘ ਰਾਣਾ ਨੇ ਨਾਵਲ/ਜੀਵਨੀ ਭਾਵੇਂ ਆਪਣੇ ਕੁਨਬੇ ਬਾਰੇ ਲਿਖੀ ਹੈ ਪ੍ਰੰਤੂ ਇਸ ਨੂੰ ਲੇਖਕ ਨੇ ਲੋਕਾਈ ਦੀ ਬਣਾ ਦਿੱਤਾ ਹੈ ਤਾਂ ਇਸ ਵਿੱਚ ਕੋਈ ਅਤਕਥੀ ਨਹੀਂ। ਇਹ ਇੱਕ ਪਰਿਵਾਰ ਦੀ ਨਹੀਂ ਲੱਗਦੀ ਸਗੋਂ ਸਮੁੱਚੇ ਦਿਹਾਤੀ ਲੋਕਾਂ ਦੀ ਜ਼ਿੰਦਗੀ ਦੀ ਜਦੋਜਹਿਦ ਦੀ ਤਸਵੀਰ ਹੈ। ਲੇਖਕ ਨੇ ਆਮ ਲੋਕਾਂ ਦੀ ਸਮਝ ਵਿੱਚ ਆਉਣ ਵਾਲੀ ਬਹੁਤ ਹੀ ਸਰਲ ਤੇ ਸਾਦਾ ਬੋਲੀ ਵਿੱਚ ਲਿਖਕੇ ਕਮਾਲ ਕਰ ਦਿੱਤੀ ਹੈ। ਸਦਅਤ ਹਸਨ ਮੰਟੋ ਦੀ ਤਰ੍ਹਾਂ ਪਿੰਡਾਂ ਵਿੱਚ ਜਿਵੇਂ ਵਾਪਰਦਾ ਹੈ, ਹੂਬਹੂ ਉਸੇ ਤਰ੍ਹਾਂ ਚਿਤਰ ਦਿੱਤਾ ਗਿਆ ਹੈ। ਉਸ ਸਮੇਂ ਮੰਟੋ ਦੇ ਸਮਕਾਲੀ ਕਹਿੰਦੇ ਸਨ ਕਿ ਉਹ ਕੂੜ ਕਬਾੜ ਲਿਖ ਦਿੰਦਾ ਹੈ, ਇਹ ਸਾਹਿਤ ਨਹੀਂ ਹੋ ਸਕਦਾ ਪ੍ਰੰਤੂ ਅੱਜ ਤੱਕ ਉਸਦੀਆਂ ਰਚਨਾਵਾਂ ਨੂੰ ਬਿਹਤਰੀਨ ਗਿਣਿਆਂ ਜਾਂਦਾ ਹੈ। ਬਿਲਕੁਲ ਉਸੇ ਤਰ੍ਹਾਂ ਜਸਵੀਰ ਸਿੰਘ ਰਾਣਾ ਨੇ ਜੋ ਲਿਖਿਆ ਹੈ? ਉਸ ਦਾ ਮੁੱਲ ਜ਼ਰੂਰ ਪਵੇਗਾ।

# ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਅਕਾਲ ਤਖਤ ਦੀ ਸਫੀਲ ਤੋਂ ਸਿੱਖ ਕੌਮ ਤੇ ਸਿੱਖ ਸਿਆਸਤ ਲਈ ਦਿੱਤਾ ਸੰਦੇਸ਼ ਬਹੁ ਮੰਤਵੀ!!



ਜੰਗ ਸਿੰਘ ਮਰਸੱਡ (ਅਮਰੀਕਾ)
+1 415 603 7380

ਪਿਛਲੇ ਕੁਝ ਸਮੇਂ ਤੋਂ ਜਿਸ ਤਰਾਂ ਦੀ ਹਾਲਤ ਸਿੱਖ ਕੌਮ ਦੇ ਸਿਆਸਤਦਾਨਾਂ ਨੇ ਸਿੱਖ ਕੌਮ ਤੇ ਪੰਜਾਬ ਦੀ ਹਾਲਤ ਬਣਾ ਦਿੱਤੀ ਹੋਈ ਹੈ ਜਿਸ ਤੇ ਕਾਰਵਾਈ ਕਰਦਿਆਂ ਸ੍ਰੀ ਅਕਾਲ ਤੱਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ 31 ਅਗਸਤ 2024 ਨੂੰ ਪੰਜਾਬ ਦੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਐਲਾਨਿਆ ਹੋਇਆ ਹੈ ਜਿਸ ਦੀ ਹਾਲੇ ਤਕ ਸਜਾ ਦੇਣੀ ਸਿੰਘ ਸਾਹਿਬਾਨ ਦੇ ਵਿਚਾਰ ਅਧੀਨ ਹੋਣ ਕਰਕੇ ਸੁਣਾਈ ਨਹੀਂ ਗਈ। ਮੌਜੂਦਾ ਸਿੱਖ ਸਿਆਸਤ ਵੀ ਕਈ ਧੜ੍ਹਿਆਂ ਵਿੱਚ ਵੀ ਵੰਡੀ ਹੋਈ ਹੈ। ਸ੍ਰ ਸੁਖਬੀਰ ਸਿੰਘ ਨੂੰ ਸਜਾ ਸੁਣਾਉਣ ਤੋਂ ਪਹਿਲਾਂ ਬੰਦੀ ਛੋੜ੍ਹ ਦਿਵਸ ਤੇ ਜਿਹੜਾ ਸੰਦੇਸ਼ ਸ੍ਰੀ ਅਕਾਲ ਤੱਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਅਕਾਲ ਤੱਖਤ ਸਾਹਿਬ ਦੀ ਸਫੀਲ ਤੋਂ ਦਿੱਤਾ ਹੈ। ਉਸ ਨੇ ਸੰਸਾਰ ਭਰ ਵਿੱਚ ਵਸਦੇ ਸਿੱਖਾਂ ਦੀਆਂ ਅੱਖਾਂ ਜਰੂਰ ਖੋਲ੍ਹ ਦਿੱਤੀਆਂ ਹਨ। ਸਿੱਖ ਕੌਮ ਜਿਸ ਦਾ ਸਿਧਾਂਤ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੁ ਨਾਨਕ ਸਾਹਿਬ ਨੇ ਪੰਦਰਵੀਂ ਸਦੀ ਵਿੱਚ ਕਿਰਤ ਕਰਨ, ਨਾਮ ਜੱਪਣ, ਵੰਡ ਕੇ ਛੱਕਣ ਦਾ ਦਿੱਤਾ ਸੀ ਜਿਸ ਨੂੰ ਸੰਸਾਰ ਭਰ ਦੇ ਲੋਕਾਂ ਨੇ ਸਲਾਹਿਆ ਹੀ ਨਹੀਂ ਬਲਕਿ ਮੌਜੂਦਾ ਸਮੇਂ ਵਿੱਚ ਸੰਸਾਰ



ਭਰ ਦੇ ਸਿੱਖਾਂ ਨੇ ਵੱਖ ਵੱਖ ਖਿੱਤਿਆਂ ਵਿੱਚ ਇਸ ਸਿਧਾਂਤ ਤੇ ਪਹਿਰਾ ਦੇਂਦਿਆਂ ਆਪਣੇ ਨਿਵੇਕਲੇ ਤੇ ਪ੍ਰਸੰਸਾਜਨਕ ਕੰਮ ਕਰਨ ਕਰਕੇ ਵੱਡੇ ਵੱਡੇ ਸਨਮਾਨ ਹਾਸਲ ਕਰਕੇ ਆਪਣੇ ਨਾਂ ਰੋਸ਼ਨ ਕੀਤੇ ਹਨ। ਪਰ ਜਿਸ ਫਲਸਫੇ ਦਾ ਧੁੱਰਾ ਪੰਜਾਬ ਹੈ ਜਿਥੇ ਗੁਰੂ ਸਾਹਿਬਾਨ ਨੇ ਸਿੱਖ ਧਰਮ ਦੀ ਨੀਂਹ ਰੱਖਣ ਦੇ ਨਾਲ ਦਸਮ ਪਾਤਸ਼ਾਹ ਨੇ ਸੰਨ 1999 ਦੀ ਵਿਸਾਖੀ ਵਾਲੇ ਦਿਨ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ। ਉਸੇ ਪੰਜਾਬ ਜਿਸ ਨੂੰ ਕਿਸੇ ਸਮੇਂ ਸਪਤ ਸਿੰਧੂ ਦਾ ਨਾਂ ਵੀ ਦਿੱਤਾ ਜਾਂਦਾ ਸੀ ਜਿਹੜਾ ਸਮੇਂ ਸਮੇਂ ਦੀਆਂ ਹਕੂਮਤਾਂ ਦਾ ਸ਼ਿਕਾਰ ਹੁੰਦਾ ਰਿਹਾ ਜਿਸ ਨੇ ਕਈ ਪੜਾਵਾਂ ਵਿੱਚੋਂ ਗੁਜਰਦਿਆਂ ਪਹਿਲਾਂ ਕਈ ਹਿਸਿਆਂ ਵਿੱਚ ਵੰਡੇ ਜਾਣ ਤੋਂ ਬਾਅਦ ਸੰਨ 1947 ਵਿੱਚ ਭਾਰਤ ਪਾਕਿ ਵੰਡ ਦੌਰਾਨ ਦਸ ਲੱਖ ਦੇ ਕਰੀਬ ਪੰਜਾਬੀਆਂ ਦੀਆਂ ਅਜਾਈਂ ਜਾਨਾਂ ਗਵਾ ਦੇਣ ਉਪਰੰਤ ਨਵੰਬਰ 1966 ਵਿੱਚ ਕੇਂਦਰ ਸਰਕਾਰ ਵਲੋਂ ਬਿਨਾ ਕਿਸੇ ਵਲੋਂ ਮੰਗਿਆਂ ਪਹਿਲਾਂ ਹਰਿਆਣਾ ਬਣਾ ਦੇਣ ਤੇ ਫਿਰ ਹਿਮਾਚਲ ਸਮੇਤ ਹਰਿਆਣੇ ਵਿੱਚ ਪੰਜਾਬੀ ਬੋਲਦੇ ਇਲਾਕੇ ਗਵਾਉਣ ਉਪਰੰਤ ਸ਼ੰਭੂ ਬਾਰਡਰ ਤੋਂ ਉਰੇ ਉਰੇ ਸਿਮਟ ਕੇ ਰਹਿ ਗਿਆ ਪੰਜਾਬ ਅੱਜ ਵੀ ਕਈ ਪੱਖੋਂ ਉਲਝਿਆ ਹੋਇਆ ਹੈ। ਉਸ ਕੋਲੋਂ ਆਪਣੀ ਰਾਜਧਾਨੀ ਚੰਡੀਗੜ੍ਹ ਖੋਹ ਲਈ, ਨਾ ਉਨਾਂ ਕੋਲ ਪਾਣੀ ਰਹਿਣ ਦਿੱਤਾ ਗਿਆ ਤੇ ਨਾ ਹੀ ਡੈਮ ਕੇਂਦਰ ਨੇ ਇਹ ਸਾਰਾ ਕੁਝ ਆਪਣੇ ਕੋਲ ਰੱਖ ਕੇ ਪੰਜਾਬ ਦੇ ਲੋਕਾਂ ਨਾਲ ਵੱਡਾ ਅਨਿਆਂ ਕੀਤਾ ਜਾਂਦਾ ਆ ਰਿਹਾ ਹੈ। ਪੰਜਾਬ ਵਿਰੋਧੀਆਂ ਨੇ ਇਸ ਦੀ ਹਾਲਤ ਨੂੰ ਖਰਾਬ ਕਰਨ ਦੇ ਨਾਲ ਤਰਸਯੋਗ ਵੀ ਬਣਾ ਦਿੱਤੀ ਹੈ।ਪਰ ਦੁੱਖ ਦੀ ਗੱਲ ਹੈ ਕਿ ਆਪਣਿਆਂ ਨੇ 'ਅਕਾਲੀ ਪਾਰਟੀ' ਦੀ ਸਰਕਾਰ ਜਿਸ ਦੀ ਅਗਵਾਈ ਪੰਜਾਬ ਦੇ ਪੰਜ ਵਾਰ ਦੇ ਰਹੇ ਮੁੱਖ ਮੰਤਰੀ ਸ੍ਰ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਤੇ ਪੰਜਾਬ ਦੀ ਨੌਜੁਆਨੀ ਦੀ ਅੱਖੋਂ ਪਰੋਖੇ ਕਰਨ ਤੇ ਪੰਜਾਬੀ ਭਾਸ਼ਾ ਦੇ ਪ੍ਰਸਾਰ ਕਰਨ ਦੇ ਸਾਰੇ ਅਸੂਲਾਂ ਨੂੰ ਛਿੱਕੇ ਟੰਗ ਕੇ ਭਾਜਪਾ ਅੱਗੇ ਗੋਡੇ ਟੇਕੀ ਰੱਖੇ ਸਨ ਨੇ ਵੀ ਪੰਜਾਬ ਦੀ ਸਰਬਪੱਖੀ ਹਾਲਤ ਨੂੰ ਖਰਾਬ ਕਰਨ ਵਿੱਚ ਕਿਸੇ ਤਰਾਂ ਦੀ ਕਸਰ ਨਹੀਂ ਛੱਡੀ।

ਰਹਿੰਦੀ ਖੂੰਹਦੀ ਕਸਰ ਉਨਾਂ ਨੇ ਆਪਣੇ ਪੁੱਤਰ ਸ੍ਰ ਸੁਖਬੀਰ ਸਿੰਘ ਬਾਦਲ ਨੂੰ ਉਪ ਮੁੱਖ ਮੰਤਰੀ ਬਣਾ ਕੇ ਪੂਰੀ ਕਰ ਦਿੱਤੀ। ਉਨਾਂ ਨੇ ਆਪਣੇ ਦਸ ਸਾਲ ਦੇ ਰਾਜ ਕਾਲ ਵਿੱਚ ਕਈ ਹੋਰ ਅਜਿਹੇ ਸਿੱਖ ਤੇ ਪੰਥ ਵਿਰੋਧੀ ਕੰਮ ਕੀਤੇ ਜਿਸ ਦਾ ਨਤੀਜਾ ਅੱਜ ਭਾਵੇਂ ਸ੍ਰ ਪ੍ਰਕਾਸ਼ ਸਿੰਘ ਬਾਦਲ ਸਿੰਘ ਜਹਾਨ ਵਿੱਚ ਨਹੀਂ ਰਹੇ ਉਨਾਂ ਦੀ ਅਣਹੋਂਦ ਵਿੱਚ ਉਨਾਂ ਦਾ ਸਪੁੱਤਰ ਜਿਹੜਾ ਕਿ ਬਰਾਬਰ ਦਾ ਦੋਸ਼ੀ ਹੈ ਸ੍ਰੀ ਅਕਾਲ ਤੱਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਉਸ ਨੂੰ ਤਨਖਾਹੀਆ ਕਰਾਰ ਦਿੱਤਾ ਹੋਇਆ ਹੈ ਉਨਾਂ ਵਲੋਂ ਕੀਤੇ ਅਪਰਾਧਾਂ ਦੀ ਕਿਹੋ ਜਿਹੀ ਸਜਾ ਮਿਲ ਸਕਦੀ ਹੈ ਉਸ ਦਾ ਖੁਲਾਸਾ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਪਣੇ ਸੰਦੇਸ਼ ਵਿੱਚ ਅਗਾਊਂ ਵਿੱਚ ਕਰ ਦਿੱਤਾ ਹੈ ।ਜੇ ਕਰ ਸਿੱਖ ਸਿਆਸਤ ਤੇ ਪੰਛੀ ਝਾਤ ਮਾਰੀਏ ਤਾਂ ਪਰੱਤਖ ਝੱਲਕ ਮਿਲ ਜਾਵੇਗੀ ਕਿ ਜਦੋਂ ਵੀ ਸਿੱਖ ਸਿਆਸਤ ਵਿੱਚ ਗਿਰਾਵਟ ਆਉਣੀ ਸ਼ੁਰੂ ਹੋਈ ਸਿੱਖ ਕੌਮ ਦੇ ਜਥੇਦਾਰਾਂ ਨੇ ਉਸ ਨੂੰ ਠੀਕ ਕਰਨਾ ਚਾਹਿਆ ਪਰ ਇਸ ਦੇ ਵੱਡੇ ਆਗੂਆਂ ਨੇ ਉਸ ਨੂੰ ਪ੍ਰਵਾਨ ਨਹੀਂ ਕੀਤਾ ਗਿਆ ਜਿਸ ਦੀ ਉਦਾਹਰਣ ਸਾਲ 1987 ਦਾਂ ਜਿਕਰ ਕਰਨਾ ਜਰੂਰੀ ਹੈ ਇਸ ਵੇਲੇ ਸ੍ਰੀ ਅਕਾਲ ਤੱਖਤ ਦੇ ਜਥੇਦਾਰ ਪ੍ਰੋ ਦਰਸ਼ਨ ਸਿੰਘ ਸਨ ਨੇ ਅਕਾਲੀ ਦੱਲ ਦਾ ਨਵਾਂ ਏਜੰਡਾ ਲਿਖ ਦਿੱਤਾ ਸੀ ਕਿ ਇਸ ਦਾ ਵਿਧੀ ਦਾ ਵਿਧਾਨ ਕੀ ਹੋਵੇ। ਪਰ ਉਸ ਦਾ ਵਿਰੋਧ ਵੀ ਉਸ ਵੇਲੇ ਦੇ ਮੁੱਖ ਮੰਤਰੀ ਸ੍ਰ ਸੁਰਜੀਤ ਸਿੰਘ ਬਰਨਾਲਾ ਨੇ ਕਰ ਦਿੱਤਾ। ਇਸੇ ਤਰਾਂ 1994 ਵਿੱਚ ਜਦੋਂ ਸ੍ਰੀ ਅਕਾਲ ਤੱਖਤ ਦੇ ਜਥੇਦਾਰ ਪ੍ਰੋ. ਮਨਜੀਤ ਸਿੰਘ ਸਨ ਉਨਾਂ ਨੇ "ਅੰਮ੍ਰਿਤਸਰ ਐਲ਼ਾਨ ਨਾਮਾ" ਲਿਖਿਆ ਜਿਸ ਨੂੰ ਅਕਾਲੀ ਦੱਲ ਦੇ ਸਾਰੇ ਧੜ੍ਹਿਆਂ ਨੇ ਇਕੱਠੇ ਹੋਣਾ ਪ੍ਰਵਾਨ ਕਰ ਲਿਆ ਪਰ ਉਸ ਵੇਲੇ ਵੀ ਬਾਦਲ ਅਕਾਲੀ ਦਲ ਨੇ ਏਕਤਾ ਤੋਂ ਮੂੰਹ ਮੋੜ੍ਹ ਲਿਆ ਜਿਸ ਦਾ ਅਸਰ ਇਹ ਹੋਇਆ ਕਿ ਸਾਰੇ ਅਕਾਲੀ ਤੇ ਪੰਥਕ ਦੱਲਾਂ ਵਿੱਚ ਏਕਤਾ ਹੁੰਦੀ ਹੁੰਦੀ ਰਹਿ ਗਈ।ਬਾਦਲਾਂ ਦੀਆਂ ਮਨਮਾਨੀਆਂ ਤੇ ਭਾਜਪਾ ਦੀਆ ਪੰਥ ਵਿਰੋਧੀ ਨੀਤੀਆਂ ਕਾਰਨ ਅਕਾਲੀ ਦੱਲ ਬਾਦਲ ਦੀ ਜੋ ਹਾਲਤ ਸਿੱਖ ਪੰਥ ਨੇ ਬਣਾ ਦਿੱਤੀ ਹੈ ਕਿ ਉਸ ਨੇ ਸ੍ਰ ਬਾਦਲ ਵਲੋਂ 'ਅਕਾਲੀ' ਦੱਲ ਦੀ ਥਾਂ ਤੇ ਬਣਾਈ 'ਪੰਜਾਬੀ ਪਾਰਟੀ' ਨੂੰ ਮੂਲੋਂ ਰੱਦ ਕਰ ਦਿੱਤਾ ਹੈ। ਇਸੇ ਪਾਰਟੀ ਨੂੰ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਿਰਫ ਤਿੰਨ ਸੀਟਾਂ ਹੀ ਹਾਸਲ ਹੋਈਆਂ ਹਨ ਜੋ ਇਸ ਵੇਲੇ ਸਿਮਟ ਕੇ ਇਕ ਸੀਟ ਤੇ ਹੀ ਰਹਿ ਗਈ ਦਸੀ ਜਾ ਰਹੀ ਹੈ। ਇਸ ਦਾ ਮੁੱਖ ਕਾਰਨ ਸਿੱਖ ਆਗੂ ਗੁਰੂ ਸਾਹਿਬਾਨ ਦੇ ਫਲਸਫੇ ਨੂੰ ਮੂਲੋਂ ਤਿਆਗ ਕੇ ਨਿਰੀ ਗੱਦੀ ਨਾਲ ਚਿੰਬੜੇ ਰਹਿਣ ਤੇ ਧੰਨ ਕਮਾਉਣ ਨੂੰ ਹੀ ਤਰਜੀਹ ਦੇਣ ਲਗ ਪਏ ਹਨ। ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਦੇਸ਼ ਵਿੱਚ ਕਿੰਨੇ ਹੀ ਅਕਾ.ਲੀ ਦੱਲ ਕੰਮ ਕਰ ਰਹੇ ਹਨ ਪਰ ਕਿਸੇ ਨੂੰ ਵੀ ਨਾ ਤਾਂ ਆਪਣੀ ਕੌਮ ਨਾਲ ਹਿੱਤ ਹੈ ਤੇ ਨਾ ਹੀ ਪੰਜਾਬ ਨਾਲ, ਜੇ ਹਿਤ ਹੈ ਤਾਂ ਸਿਰਫ ਗੱਦੀਆਂ ਨਾਲ ਚਿੰਬੜੇ ਰਹਿਣ ਨਾਲ ਹੈ! ਮੌਜੂਦਾ ਦੇਸ਼ ਦੀ ਹਿੰਦੂਤਵੀ ਮੋਦੀ ਸਰਕਾਰ ਨੇ ਮੁਸਲਮਾਨਾਂ ਨੂੰ ਮਿਲੀ ਧਾਰਾ 370 ਤੇ 35 ਏ ਦੀ ਵਿਸ਼ੇਸ਼ ਸਹੂਲਤਾਂ ਨੂੰ ਖਤਮ ਕਰਕੇ ਉਨਾਂ ਨੂੰ ਇਕ ਤਰਾਂ ਦਾ ਸਬਕ ਸਿਖਾ ਦਿੱਤਾ ਹੈ। ਭਾਵੇਂ ਉਹਨਾਂ ਦੀ ਦੇਸ਼ ਵਿੱਚ 20 ਕਰੋੜ੍ਹ ਤੋਂ ਵਧੇਰੇ ਦੀ ਅਬਾਦੀ ਹੋਣ ਦੇ ਨਾਲ ਸੰਸਾਰ ਵਿੱਚ ਮੁਸਲਮਾਨਾਂ ਦੇ ਦੋ ਦਰਜਨ ਤੋਂ ਵੱਧ ਦੇਸ਼ ਹੁੰਦੇ ਹੋਏ ਵੀ ਉਹ ਆਪਣੇ ਪ੍ਰਾਂਤ 'ਜੰਮੂ ਕਸ਼ਮੀਰ' ਨੂੰ ਨਹੀਂ ਬਚਾ ਸਕੇ ਉਸ ਦਾ ਕਾਰਨ ਵੀ ਉਨਾਂ ਦਾ ਅਕਾਲੀਆਂ ਵਾਗੂੰ ਇਕ ਜੁੱਟ ਨਾ ਹੋ ਕੇ ਇਕੱਲੇ ਇਕੱਲੇ ਵੱਖ ਵੱਖ ਪਾਰਟੀਆਂ ਵਿੱਚ ਵੰਡੇ ਰਹਿਣਾ ਹੈ। ਜੇਕਰ ਮੁਸਲਮਾਨ ਇਕੱਠੇ ਰਹਿੰਦੇ ਤੇ ਕੁਝ ਧੜੇ ਭਾਜਪਾ ਦੀ ਝੋਲੀ ਨਾ ਚੁੱਕਦੇ ਤਾਂ ਸ਼ਾਇਦ ਉਨਾਂ ਦੀ ਇਹ ਹਾਲਤ ਨਾ ਹੁੰਦੀ। ਇਹ ਹੀ ਕੁਝ ਭਾਜਪਾ ਵਲੋਂ ਪੰਜਾਬ ਤੇ ਸਿੱਖਾਂ ਨਾਲ ਕੀਤਾ ਜਾ ਰਿਹਾ ਹੈ। ਭਾਜਪਾ ਸਿੱਖ ਧਰਮ ਨੂੰ ਖਤਮ ਕਰ ਕੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਵੱਲ ਬੜੀ ਤੇਜੀ ਨਾਲ ਵੱਧ ਰਹੀ ਹੈ। ਉਸ ਨੇ ਸਿੱਖ ਗੁਰਦੁਆਰਿਆਂ, ਵਿਦਿਅਕ ਅਦਾਰਿਆ ਤੇ ਹੋਰ ਸਿੱਖ ਸੰਸਥਾਵਾਂ ਵਿੱਚ ਸਿੱਖੀ ਭੇਸ ਵਿੱਚ ਘੁਸਪੈਠ ਕਰ ਲਈ ਦੱਸੀ ਜਾਂਦੀ ਹੈ। ਇਸ ਹਾਲਤ ਵਿੱਚ ਵੀ ਜੇ ਅਕਾਲੀ ਦੱਲ ਇਕਠੇ ਨਾ ਹੋ ਕੇ ਆਪਣਾ ਵਖਰਾ ਵੱਖਰਾ ਰਾਗ ਅਲਾਪਦੇ ਆ ਰਹੇ ਹਨ ਉਨਾਂ ਦੀ ਹਾਲਤ ਵੀ ਮੁਸਲਮਾਨਾਂ ਤੋਂ ਵੀ ਕਿਤੇ ਵਧੇਰੇ ਬਦਤਰ ਬਣਾ ਦਿੱਤੀ ਜਾਵੇਗੀ ਜਿਸ ਕਾਰਨ ਸਿੱਖਾਂ 'ਤੇ ਪੰਜਾਬ ਦੀ ਕੋਈ ਵੀ ਮੰਗ ਨੂੰ ਵੀ ਪ੍ਰਵਾਨ ਨਹੀਂ ਕਰੇਗੀ। ਹੁਣ ਤਕ ਬੰਦੀ ਸਿੰਘਾਂ ਨੂੰ ਰਿਹਾ ਨਾ ਕਰਵਾ ਸਕਣਾ ਦਾ ਕਾਰਨ ਸਿੱਖ ਪੰਥ ਦਾ ਇੱਕਠੇ ਰੱਲ ਕੇ ਕੋਈ ਸੰਘਰਸ਼ ਕਰਨ ਦੀ ਥਾਂ ਤੇ ਬਿਆਨਾਂ ਤਕ ਸੀਮਤ ਹੋ ਕੇ ਰਹਿ ਜਾਣਾ ਹੈ। ਉਸ ਸਮੇਂ ਨੂੰ ਯਾਦ ਕਰਨ ਦੀ ਲੋੜ੍ਹ ਹੈ ਕਿ ਜਦੋਂ ਸਿੱਖ ਕੌਮ ਕਾਫੀ ਹੱਦ ਤਕ ਇਕੱਠੀ ਹੁੰਦੀ ਸੀ ਅਤੇ ਉਹ ਕੋਈ ਮੋਰਚਾ ਲਗਾਉਂਦੇ ਸਨ ਜਾਂ ਕੋਈ ਅਖਬਾਰੀ ਬਿਆਨ ਦੇਂਦੇ ਸਨ ਦਿੱਲੀ ਤਕ ਦੀ ਹਕੂਮਤ ਕੰਬ ਜਾਂਦੀ ਸੀ। ਅੱਜ ਉਸ ਦੀ ਇਹ ਹਾਲਤ ਬਣ ਗਈ ਹੈ ਕਿ ਜਿਲੇ ਦਾ ਡੀ. ਸੀ. ਵੀ ਉਨਾਂ ਨੂੰ ਮਿਲਣ ਦਾ ਸਮਾਂ ਨਹੀਂ ਦੇਂਦਾ ਇਸ ਤੋਂ ਮਾੜ੍ਹੀ ਹਾਲਤ ਕੌਮ ਦੀ ਹੋਰ ਕੀ ਹੋ ਸਕਦੀ ਹੈ? ਸਿੰਘ ਸਾਹਿਬ ਦਾ ਸੰਦੇਸ਼ ਇਹ ਪ੍ਰਗਟਾਵਾ ਕਰ ਰਿਹਾ ਹੈ, ਜਿਵੇਂ ਉਹ ਦਿਲੀ ਚਾਹੁੰਦੇ ਹਨ ਕਿ ਸਾਰੇ ਅਕਾਲੀ ਦੱਲਾਂ ਤੇ ਪੰਥ ਦੀਆ ਹੋਰ ਸਫਾਂ ਸਭ ਨੂੰ ਇਕਠਿਆਂ ਕਰਕੇ ਉਨਾਂ ਦੀ ਖੁਸ ਚੁੱਕੀ ਹੋਂਦ ਨੂੰ ਕਾਇਮ ਕੀਤਾ ਜਾਵੇ। ਇਸ ਸਮੇਂ ਸਿੰਘ ਸਾਹਿਬਾਨ ਦੀ ਵੱਡੀ ਜਿੰਮੇਵਾਰੀ ਹੈ ਕਿ ਤਨਖਾਹੀਆ ਕਰਾਰ ਦਿੱਤੇ ਦੋਸ਼ੀ ਸ੍ਰ ਸੁਖਬੀਰ ਸਿੰਘ ਬਾਦਲ ਨੂੰ ਮਿਸਾਲੀ ਸਜਾ ਦੇਣ। ਉਨਾ ਨੂੰ ਚਾਹੀਦਾ ਹੈ ਕਿ ਅਕਾਲੀ ਦੱਲ ਦੇ ਸਾਰੇ ਧੜ੍ਹਿਆਂ, ਪੰਥਕ ਦਲਾਂ ਦੇ ਆਗੂਆਂ, ਸਿੱਖ ਬੁੱਧੀਜੀਵੀਆਂ, ਚਿੰਤਕਾਂ, ਸਿੱਖ ਸੰਪਰਦਾਵਾਂ ਦੀ ਮੀਟਿੰਗ ਬੁਲਾ ਕੇ ਸਰਬ ਪ੍ਰਵਾਨਤ ਰਾਏ ਬਣਾਉਣ ਤਾਂ ਕਿ ਸਿੱਖ ਕੌਮ ਦਾ ਮਜਬੂਤ ਏਕਾ ਉਸਾਰ ਸਕੇ ਤਾਂ ਹੀ ਸਿੱਖ ਕੌਮ ਦੇ ਨਾਲ, ਪੰਜਾਬ ਦੀ ਸਿਆਸਤ ਨੂੰ ਰਾਹੇ ਪਾਇਆ ਜਾ ਸਕਦਾ ਹੈ। ਇਹ ਸਭ ਕੁਝ ਹੁਣ ਭਵਿੱਖੀ ਸਮੇਂ ਦੇ ਗਰਭ ਵਿੱਚ ਸਮਾਇਆ ਹੋਇਆ ਹੈ।

## ਕਵਿਤਾ



ਇਕ ਸੁੰਦਰ ਸੰਸਾਰ ਬਣਾਇਆ ਸੀ ਗੁਰੂ ਨਾਨਕ ਨੇ।
ਅੰਧ ਵਿਸ਼ਵਾਸਾਂ ਨੂੰ ਸਮਝਾਇਆ ਸੀ ਗੁਰੂ ਨਾਨਕ ਨੇ।
ਮਾਤਾ ਤ੍ਰਿਪਤਾ ਦੇ ਘਰ ਜਨਮੇ ਮਹਿਤਾ ਕਾਲੂ ਜੀ ਦੇ ਜਾਏ।
ਰਾਇ ਭੋਇ ਤਲਵੰਡੀ ਅੰਦਰ ਇਕ ਜੋਤੀ ਲੈ ਕੇ ਆਏ।
ਕਿਰਸਾਨੀ ਤੇ ਲੇਖਣ ਨੂੰ ਮਾਨਵਤਾ ਦੇ ਵਿਚ ਪਰੋਇਆ।
ਵਿਸ਼ਵ ਜਗਤ ਦੀ ਵਾਸਤਵਿਕਤਾ ਦੇ ਵਿਚ ਚਾਨਣ ਹੋਇਆ।
ਬੀਬੀ ਸੁਲੱਖਣੀ ਦੇ ਨਾਲ ਸ਼ਾਦੀ ਦੇ ਬੰਧਨ ਵਿਚ ਬੱਝੇ।
ਲਖਮੀ ਚੰਦ ਤੇ ਸ੍ਰੀ ਚੰਦ ਜੀ, ਦੋ ਇਹਨ੍ਹਾਂ ਦੇ ਉੱਦਮੀ ਬੱਚੇ।
ਬੀਬੀ ਨਾਨਕੀ ਅਪਣੀ ਭੈਣ ਦਾ ਢਾਡਾ ਪਿਆਰ ਸੀ ਪਾਇਆ।
ਏਸ ਪਵਿੱਤਰ ਰਿਸ਼ਤੇ ਦਾ ਸੀ ਇਕ ਇਤਿਹਾਸ ਬਣਾਇਆ।
ਬਾਬਾ ਨਾਨਕ ਨੇ ੴ ਦਾ ਐਸਾ ਇਕ ਪ੍ਰਤੀਕ ਬਣਾਇਆ।
ਇਸ ਦੇ ਬਦਲੇ ਅਜਤਕ ਕੋਈ ਦੂਜਾ ਨਾਂਅ ਨਈਂ ਆਇਆ।
ਕਵਿਤਾ ਵਿਚ ਪ੍ਰਤੀਕਾਂ ਬਿੰਬਾਂ ਤਸ਼ਬੀਹਾਂ ਦੇ ਸੂਰਜ।
ਇੰਨਸਾਨੀ ਕਦਰਾਂ ਕੀਮਤਾਂ ਦੀ ਜਿਸ ਵਿਚ ਹੈ ਇਕ ਸੂਰਤ।
ਆਗਾਮੀ ਪੀੜੀਆਂ ਦੇ ਲਈ ਬਾਣੀ ਹੈ ਇਕ ਚੜ੍ਹਦਾ ਸੂਰਜ।
ਮਾਨਵ-ਆਜ਼ਾਦੀ ਦਾ ਅਦੁਭੁਤ ਨੇਰੇ ਵਿਚ ਨਾ ਖੜ੍ਹਦਾ ਸੂਰਜ।
ਮੀਲ ਹਜ਼ਾਰਾਂ ਪੈਦਲ ਚੱਲ ਕੇ ਚਿੰਤਨ ਨੂੰ ਰੁਸ਼ਨਾਇਆ।
ਸਾਮਾਜਿਕ ਇੰਨਸਾਫ਼ ਲਈ ਖ਼ੁਦ ਨੂੰ ਕਸ਼ਟਾਂ ਦੇ ਵਿਚ ਪਾਇਆ
ਦੰਪਤੀ ਜੀਵਨ ਦੀ ਕੀਤੀ ਹੈ ਬਾਣੀ ਵਿਚ ਵੱਡਿਆਈ।
ਦੈਹਿਕ-ਭੌਤਿਕ ਸੁੱਖਾਂ ਦੀ ਵੀ ਕੀਤੀ ਰਾਹਨੁਮਾਈ।
ਬਾਲਾ ਤੇ ਮਰਦਾਨਾ ਦੋਵੇਂ ਸੱਚੇ ਮਿੱਤਰ ਨਾਲ ਰਹੇ।
ਕੀਰਤਨ ਦੀ ਮਰਿਆਦਾ ਅੰਦਰ ਬਣ ਕੇ ਸੱਚੀ ਢਾਲ ਰਹੇ।
ਦੇਸ਼ ਵਿਦੇਸ਼ਾਂ ਦੀ ਮਾਨਵਤਾ ਨੂੰ ਸਿੱਧੇ ਰਾਹੇ ਪਾਇਆ।
ਰੂਪ ਵਿਧਾਨਾਂ ਵਾਲੀ ਕਵਿਤਾ ਦੇ ਵਿਚ ਜਗਤ ਸਜਾਇਆ।
ਜਾਗਰਣ ਪ੍ਰੇਰਣਾ, ਸੰਘਰਸ਼, ਕਰਤੱਵ, ਵਿਚਾਰਕ ਚਿੰਤਨ ਸ਼ਕਤੀ।
ਇਨਾ ਤੱਤਾਂ ਦੇ ਵਿਚ ਭਰ ਤੀ ਸਾਰੀ ਸਮਤੀ ਭਗਤੀ।
ਅੰਤ ਸਮੇਂ ਵਿਚ ਮਿਹਨਤ ਕਰਕੇ ਖੇਤੀ ਨੂੰ ਅਪਣਾਇਆ।
ਤਾਂ ਫਿਰ 'ਬਾਲਮ' ਬਾਬਾ ਨਾਨਕ, ਨਾਨਕ ਸੀ ਕਹਿਲਾਇਆ।
ਕਰਤਾਰਪੁਰੇ ਵਿਚ 69 ਸਾਲੀਂ ਜੋਤੀ ਜੋਤ ਸਮਾਏ।
ਸਭ ਧਰਮਾਂ ਦੇ ਰਹਿਬਰ ਬਣ ਕੇ ਇਕ ਇੰਨਸਾਨ ਕਹਾਏ।

**ਬਲਵਿੰਦਰ 'ਬਾਲਮ'**
**ਗੁਰਦਾਸਪੁਰ**
91-98156-25409



# ਪੰਜਾਬ ਯੂਨੀਵਰਸਿਟੀ ਵਿੱਚ ਉੱਤਰ-ਪੱਤਰੀਆਂ ਦੇ ਮੂਲਾਂਕਣ ਦਾ ਮਾੜਾ ਹਾਲ?



**ਮੇਜਰ ਸਿੰਘ ਨਾਭਾ**
91-94635-53962

ਵੱਡੀ ਬੇਟੀ ਨਵਜੋਤ ਕੌਰ ਮਾਸਟਰ ਤਾਰਾ ਸਿੰਘ ਮੈਮੋਰੀਅਲ ਕਾਲਜ ਲੁਧਿਆਣੇ ਵਿਖੇ ਐਮ. ਏ. (ਮਿਊਜਕ ਵੋਕਲ) ਕਰ ਰਹੀ ਸੀ। ਉਸ ਦੇ ਤੀਸਰੇ ਸਮੈਸਟਰ (ਦਸੰਬਰ 2013) ਦੇ ਨਤੀਜੇ ਵਿਚ ਪੇਪਰ ਐਸ.ਟੀ.ਆਰ. ਵਿੱਚੋਂ ਰੀ-ਅਪੀਅਰ ਆ ਗਈ। ਬੇਟੀ ਦਾ ਪੇਪਰ ਵਧੀਆ ਹੋਇਆ ਸੀ । ਕੁਲ 40 ਅੰਕ ਦਾ ਪੇਪਰ ਸੀ ਜਿਸ ਵਿੱਚੋਂ ਸਿਰਫ 8 ਅੰਕ ਆਏ। ਬੇਟੀ ਕਾਫੀ ਪ੍ਰੇਸ਼ਾਨ ਹੋ ਗਈ। ਮੈਂ ਰੀਵੇਲਿਊਏਸ਼ਨ ਪੇਪਰ ਦੀ ਕਰਵਾਉਣ ਲਈ ਫੀਸ ਭਰਵਾ ਦਿੱਤੀ। ਰੀ-ਅਪੀਅਰ ਦੀ ਫੀਸ ਭਰਨ ਦੀ ਆਖਰੀ ਮਿਤੀ ਨੇੜੇ ਆ ਗਈ ਤਾਂ ਮਜਬੂਰੀ ਬਸ 1200 ਰੁ: ਫੀਸ਼ ਵੀ ਭਰ ਦਿੱਤੀ। ਪਹਿਲੀ ਮਾਰਕਿੰਗ ਵਿੱਚ 8 ਤੋਂ 17 ਅੰਕ ਹੋ ਗਏ ਜਦੋਂ ਕਿ ਪਾਸ ਹੋਣ ਲਈ 14 ਅੰਕ ਚਾਹੀਦੇ ਸਨ। ਜੇਕਰ ਦੂਸਰੀ ਮਾਰਕਿੰਗ ਵਿੱਚ 15 ਪ੍ਰਤੀਸ਼ਤ ਤੋਂ ਵੱਧ ਹੋ ਜਾਣ ਤਾਂ ਤੀਸਰੀ ਮਾਰਕਿੰਗ ਹੁੰਦੀ ਹੈ। ਕਈ ਮਹੀਨੇ ਲੰਘ ਗਏ। ਕੁਝ ਪਤਾ ਨਾ ਲੱਗੇ ਸਬੰਧਤ ਕਲਰਕ ਇੱਕ ਦੂਜੇ ਵੱਲ ਭੇਜਦੇ ਰਹੇ।

ਯੂਨੀਵਰਸਿਟੀ ਦੇ ਕਈ ਗੇੜੇ ਲੱਗ ਗਏ ਤੀਜੇ ਗੇੜ ਦੀ ਮਾਰਕਿੰਗ ਦਾ ਪਤਾ ਹੀ ਨਾ ਲੱਗੇ ਤਾਂ ਮੈਂ ਆਰ.ਟੀ.ਆਈ. ਪਾਉਣ ਬਾਰੇ ਸਬੰਧਤ ਬ੍ਰਾਂਚ ਦੀ ਸੁਪਰਡੰਟ ਨਾਲ ਗੱਲ ਕੀਤੀ ਤਾਂ ਉਸ ਦਾ ਕਹਿਣਾ ਸੀ ਕਿ ਉਹ ਸਾਮ ਨੂੰ ਟੈਲੀਫੋਨ ਤੇ ਦੱਸ ਦੇਵੇਗੀ। ਮੈਂ ਹੀ ਪੀ.ਆਈ.ਓ. ਅਧਿਕਾਰੀ ਨੂੰ ਮਿਲ ਚੁੱਕਾ ਸੀ। ਉਸ ਨੇ ਅਰਜ਼ੀ ਬਣਦੀ ਫੀਸ ਨਾਲ ਦੇਣ ਲਈ ਕਿਹਾ। ਮੈਂ ਉਸ ਪਾਸ ਮੁਕੰਮਲ ਅਰਜ਼ੀ ਲੈ ਗਿਆ ਤਾਂ ਉਸ ਨੇ ਸਿੱਧੀ ਹੀ ਸਬੰਧਤ ਸੁਪਰਡੰਟ ਨੂੰ ਅਰਜ਼ੀ ਦੇਣ ਲਈ ਕਿਹਾ। ਮੈਂ ਉਵੇਂ ਹੀ ਕੀਤਾ। ਮੈਂ ਆਰ.ਟੀ.ਆਈ. ਰਾਹੀਂ ਕਈ ਪੈਰ੍ਹੇ ਬਣਾ ਕਿ ਜਿਵੇਂ ਕਿਹੜੀ ਸੀਟ ਤੇ ਕਿੰਨਾ ਚਿਰ ਸੀਟ ਰਹੀ, ਕੁੱਲ ਕਿੰਨੀਆਂ ਉੱਤਰ-ਪੱਤਰੀਆਂ ਸੀ ਅਤੇ ਮਾਰਕਿੰਗ ਲਈ ਕਿੰਨੇ ਦਿਨ ਲੱਗੇ ਆਦਿ ਪੁੱਛ ਲਿਆ ਤਾਂ ਅੱਡ ਅੱਡ ਸਬੰਧਤ ਚਾਰ ਬ੍ਰਾਂਚਾਂ ਵਲੋਂ ਉੱਤਰ ਆਉਣੇ ਸ਼ੁਰੂ ਹੋ ਗਏ । ਬੇਟੀ ਦੇ ਵਿਸ਼ੇ ਦੀ ਇੱਕੋ ਹੀ ਸੀਟ ਸੀ। ਅਸਲ 'ਚ ਸੀਟ ਕਿਤੇ ਦਬੀ ਗਈ। ਆਰ.ਟੀ.ਆਈ. ਪਾਉਣ ਨਾਲ ਸੀਟ ਤੁਰੰਤ ਲੱਭੀ ਤਾਂ ਤੀਸਰੀ ਮਾਰਕਿੰਗ ਹੋਈ ਜਿਸ 'ਚ ਅੰਕ ਵੱਧ ਕੇ 17 ਤੋਂ 22 ਹੋ ਗਏ। ਮੈਂ ਰਜਿਸਟਰਾਰ ਜੋ ਕਿ ਅਪੀਲ ਸੁਣਨ ਵਾਲੀ ਅਥਾਰਟੀ ਸੀ ਦੇ ਕੋਲ ਅਪੀਲ ਇਨਸਾਫ ਲੈਣ ਲਈ ਪਾ ਦਿੱਤੀ। ਪੇਸ਼ੀ ਦੀ ਤਾਰੀਕ 8 ਦਸੰਬਰ 2014 ਦੁਪਿਹਰ ਬਾਅਦ ਨੂੰ ਬੇਟੀ ਨੂੰ ਆਪਣਾ ਪੱਖ ਰੱਖਣ ਲਈ ਰਜਿ: ਪੱਤਰ ਆ ਗਿਆ। ਮੈਂ ਪੂਰੇ ਕਾਗਜ਼ਾਤ ਅਤੇ ਬੇਟੀ ਤੋਂ ਇੱਕ ਅਥਾਰਟੀ ਲੈਟਰ ਲਿਖਵਾ ਕੇ ਨਿਸਚਤ ਦਿਨ ਆਪ ਹੀ ਇਕੱਲਾ ਚਲਾ ਗਿਆ। ਪੇਸ਼ੀ ਵਾਲੇ ਹਾਲ ਦੇ ਨਾਲ ਵੇਟਿੰਗ ਰੂਮ 'ਚ ਬੈਠ ਗਿਆ, ਉਥੇ ਇੱਕ ਹੋਰ ਪੀੜ੍ਹਤ ਉੱਤਰ ਪੱਤਰੀ ਦੀ ਫੋਟੋ ਕਾਪੀ ਆਰ.ਟੀ.ਆਈ. ਰਾਹੀਂ ਕੱਢਵਾ ਕੇ ਲਈਂ ਬੈਠਾ ਸੀ ਜਿਸ ਦੀ ਪਤਨੀ ਦਾ ਨਤੀਜਾ 5 ਜਾਂ 6 ਅੰਕ ਫਰੰਟ ਪੰਨੇ ਉੱਪਰ ਦਰਜ ਸੀ ਪਰ ਹੇਠਾਂ ਜੋੜ 50 ਅੰਕਾਂ ਤੋਂ ਉੱਪਰ ਸੀ । ਭਾਵੇਂ ਇਹ ਕਲੈਰੀਕਲ ਗਲਤੀ ਸੀ ਪਰ ਚੈਕ ਕਰਤਾ ਪੜਤਾਲ ਕਰਤਾ ਨੇ ਅੱਖਾਂ ਮੀਟ ਕੇ ਹੀ ਦਸਖਤ ਕੀਤੇ ਹੋਏ ਸੀ। ਉਹ ਵੀ ਵਿਚਾਰਾ ਸੋਧ ਲਈ ਤਰਲੇ ਹੀ ਲੈ ਰਿਹਾ ਸੀ ਜਦੋਂ ਕਿ ਗਲਤੀ ਸਾਰੀ ਹੀ ਯੂਨੀਵਰਸਿਟੀ ਦੀ ਸੀ । ਮੈਨੂੰ ਅੰਦਰ ਬੁਲਾ ਲਿਆ ਗਿਆ।

ਰਜਿਸਟਰਾਰ ਸਾਬ੍ਹ ਬੈਠੇ ਸੀ। ਮੈਂ ਏਨੇ ਅੰਕ ਵੱਧਣ ਬਾਰੇ ਕਈ ਪ੍ਰਸ਼ਨ ਕੀਤੇ ਜਿਨ੍ਹਾਂ ਦੀ ਕੋਈ ਜਵਾਬ ਨਾ ਮਿਲਿਆ। ਮੈਂ ਰਜਿਸਟਰਾਰ ਜੋ ਕਿ ਰਿਟਾ: ਕਰਨਲ ਸਨ ਉਨ੍ਹਾਂ ਨੂੰ ਕਹਿ ਦਿੱਤਾ ਕਿ ਬੱਚੇ ਤਾਂ ਹੀ ਆਤਮ ਹੱਤਿਆ ਕਰ ਜਾਂਦੇ ਹਨ ਜਦੋਂ ਉਨ੍ਹਾਂ ਨਾਲ ਬੇਇਨਸਾਫੀ ਹੋ ਜਾਂਦੀ ਹੈ , ਬੱਚਿਆਂ ਦੀ ਅਸਲੀਅਤ ਬਾਰੇ ਕਈ ਵਾਰੀ ਮਾਪੇ ਵੀ ਨਹੀਂ ਜਾਣਦੇ ਹੁੰਦੇ ਅਤੇ ਬੱਚਿਆਂ ਦੀ ਗੱਲ ਮੰਨਣ ਨੂੰ ਤਿਆਰ ਨਹੀਂ ਹੁੰਦੇ ਅਤ ਬਾਅਦ 'ਚ ਸਿਰਫ ਪਛਤਾਵਾ ਹੀ ਪੱਲ੍ਹੇ ਰਹਿ ਜਾਂਦਾ ਹੈ। ਰਸਿਟਰਾਰ ਨੇ ਸਬੰਧਤ ਕਰਮਚਾਰੀਆਂ ਨੂੰ ਅਧੂਰੀ ਦਿੱਤੀ ਜਾਣਕਾਰੀ ਨੂੰ ਪੂਰੀ ਕਰਕੇ ਦੇਣ ਲਈ ਨਿਰਦੇਸ਼ ਦਿੱਤੇ।

ਮੈਨੂੰ ਰਜਿਸਟਰਾਰ ਨੇ ਬਾਅਦ 'ਚ ਦਫਤਰ ਮਿਲਣ ਲਈ ਕਿਹਾ। ਮੈਂ ਉਨ੍ਹਾਂ ਨੂੰ ਉਹੀ ਗੱਲ ਉਥੇ ਵੀ ਕਹੀ ਕਿ ਇਸ ਤਰ੍ਹਾਂ ਦੀ ਮਾਰਕਿੰਗ 'ਚ ਸੁਧਾਰ ਕਰੋ ਤਾਂ ਉਨ੍ਹਾਂ ਗੱਲ ਸੁਣ ਲਈ ਅੱਗੇ ਕੀ ਕੋਈ ਸਧਾਰ ਹੋਇਆ ਕਿ ਨਹੀਂ, ਇਸ ਬਾਰੇ ਕੋਈ ਜਾਣਕਾਰੀ ਨਹੀਂ।

ਜਦੋਂ ਉੱਤਰ ਪੱਤਰੀ ਦਾ ਪੁਨਰ-ਮਲਾਂਕਣ ਹੁੰਦਾ ਹੈ ਤਾਂ ਮਾਰਕਿੰਗ ਕਰਤਾ ਪੂਰੇ ਬਾਰੀਕੀ ਨਾਲ ਮਾਰਕਿੰਗ ਕਰੇਗਾ। ਤੀਸਰੀ ਮਾਰਕਿੰਗ ਵਾਲਾ ਹੋਰ ਵੀ ਧਿਆਨ ਨਾਲ ਕਰੇਗਾ।


ਹੁਣ 8 ਅੰਕਾਂ ਤੋਂ 22 ਅੰਕ ਦਾ ਫਰਕ ਕੀ ਵਿਦਿਆਰਥੀ ਨਾਲ ਇਨਸਾਫ ਹੈ? ਇਥੇ ਫੇਰ ਵਿਦਿਆਰਥੀ ਨਾਲ ਧੱਕਾ ਕੀਤਾ ਜਾਂਦਾ ਹੈ, ਤਿੰਨਾਂ ਮਾਰਕਿੰਗ ਸੀਟਾਂ 'ਚ ਪ੍ਰਾਪਤ ਕੀਤੇ ਅੰਕਾਂ ਦਾ ਔਸਤ ਕਰਕੇ ਅੰਕ ਦਿੱਤੇ ਗਏ। ਬੇਟੀ ਦਾ ਪਾਸ ਨਤੀਜਾ ਮਿਲ ਗਿਆ। ਯੂਨੀਵਰਸਿਟੀ ਦਾ ਕਸੂਰ ਵੀ ਵਿਦਿਆਰਥੀ ਉੱਪਰ ਥੋਪ ਦਿੱਤਾ ਜਾਂਦਾ ਹੈ। ਇਹ ਕਿਹੋ ਜਿਹਾ ਇਨਸਾਫ ਹੈ? ਹੁਣ ਬੇਟੀ ਵਲੋਂ ਰੀ-ਅਪੀਅਰ ਦੀ ਭਰੀ ਫੀਸ ਵਾਪਸ ਕਰਾਉਣ ਲਈ ਅਰਜ਼ੀ ਦੇ ਦਿੱਤੀ ਤਾਂ 1200 ਰੁ: ਵਿਚੋ 25 ਪ੍ਰਤੀਸ਼ਤ ਪੈਸੇ ਰੀਫੰਡ ਕਰਾਉਣ ਤੇ ਕੱਟਣ ਦੀ ਵਿਵਸਥਾ ਸੀ ਜੋ ਕਿ 900 ਰੁ: ਵਾਪਸ ਕਰਨਾ ਬਣਦਾ ਸੀ ਪਰ 497 ਰੁ: ਹੀ ਵਾਪਸ ਮਿਲੇ ਜਦੋਂ ਕਿ ਇਸ ਵਿੱਚ ਵਿਦਿਆਰਥੀ ਦਾ ਕੋਈ ਕਸੂਰ ਨਹੀਂ, ਇਸ ਬਾਰੇ ਨਵੀਂ ਅਰਜ਼ੀ ਘੱਟ ਪੈਸੇ ਦੇਣ ਤੇ ਕੋਈ ਠੋਸ ਜਵਾਬ ਨਹੀਂ ਮਿਲਿਆ।

ਇਹੋ ਜਿਹੇ ਕੇਸਾਂ ਵਿੱਚ ਪਹਿਲੇ ਪ੍ਰੀਖਿਅਕ ਨੂੰ ਇਹੋ ਜਿਹੀ ਲਾਪਰਵਾਹੀ ਵਾਲੀ ਮਾਰਕਿੰਗ ਕਰਨ ਤੋਂ ਲਾਲ ਪੈਨ ਨਾਲ ਟਿੱਕ ਕਰ ਅੱਗੇ ਤੋਂ ਮਾਰਕਿੰਗ ਕਰਨ ਤੋਂ ਰੋਕ ਦੇਣਾ ਚਾਹੀਦਾ ਹੈ। ਬੱਚੇ ਇਸੇ ਕਾਰਨ ਡਿਪਰੈਸਨ 'ਚ ਜਾ ਕੇ ਆਤਮ ਹੱਤਿਆ ਕਰਨ ਵੱਲ ਵੀ ਚਲੇ ਜਾਂਦੇ ਹਨ, ਉਂਝ ਮਾਨਸਿਕ ਪ੍ਰੇਸ਼ਾਨੀ ਤਾਂ ਉਨ੍ਹਾਂ ਨੂੰ ਹੁੰਦੀ ਹੀ ਹੈ। ਮੈਂ ਇਹੋ ਜਿਹਾ ਅੱਖੀਂ ਡਿੱਠਾ ਹਾਲ ਦੇਖਿਆ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ, ਜਿਸ ਦਾ ਮੇਰੇ ਮਨ ਵਿੱਚ ਪਹਿਲਾਂ ਹੋਰਾਂ ਯੂਨੀਵਰਸਿਟੀਆਂ ਨਾਲੋਂ ਹਰ ਪੱਖੋਂ ਰੁਤਬਾ ਉੱਚਾ ਬਣਿਆ ਹੋਇਆ ਸੀ, ਉਹ ਭਰਮ ਭੁਲੇਖਾ ਵੀ ਦੂਰ ਹੋ ਗਿਆ। ਇਸੇ ਤਰ੍ਹਾਂ ਦੀ ਘਟਨਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬੇਟੀ ਦੇ ਗਰੇਜੂਏਸ਼ਨ ਕਰਨ ਸਮੇਂ ਵਾਪਰੀ ।ਉਹ ਵੀ ਫੇਰ ਕਦੇ ਜ਼ਿਕਰ ਕਰਾਂਗਾ। ਉਚੇਰੀ ਸਿੱਖਿਆ ਦਾ ਜੋ ਅੰਦਰੂਨੀ ਹਾਲ ਹੈ ਉਸ ਬਾਰੇ ਆਮ ਲੋਕਾਂ ਨੂੰ ਕੋਈ ਪਤਾ ਨਹੀਂ। ਜਿਵੇਂ ਕਹਿੰਦੇ ਨੇ ਉਪਰੋਂ ਢੱਕੇ ਢੋਲ ਹੀ ਸੁਹਾਵਣੇ ਲੱਗਦੇ ਹੁੰਦੇ ਨੇ, ਅੰਦਰੋਂ ਤਾਂ ਕੁਝ ਹੋਰ ਹੀ ਨਿਕਲਦਾ। ਇਸ ਲਈ ਇਹ ਘਟਨਾ ਉਚੇਰੀ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਲਈ ਕਿਤੇ ਨਾ ਕਿਤੇ ਲਾਹੇਵੰਦ ਹੋ ਸਕਦੀ ਹੈ।

## ਪੁਸਤਕ ਸਮੀਖਿਆ

**ਫ਼ਤਵਿਆਂ ਦੇ ਦੌਰ ਵਿੱਚ**
**ਰੀਵਿਊਕਾਰ: ਬਲਜਿੰਦਰ ਮਾਨ 98150 18947**
**ਕਵੀ: ਅਜੈ ਤਨਵੀਰ**
**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ ਲੁਧਿਆਣਾ, ਪੰਨੇ: 84, ਮੁੱਲ :150/-**

ਉੱਘੇ ਸ਼ਾਇਰ ਮਰਹੂਮ ਡਾਕਟਰ ਜਗਤਾਰ ਦਾ ਸ਼ਾਗਿਰਦ ਅਜੇ ਤਨਵੀਰ ਆਪਣੇ ਜੀਵਨ ਦੀ ਸ਼ੁਰੂਆਤ ਇੱਕ ਗੀਤਕਾਰ ਵਜੋਂ ਕਰਦਾ ਹੈ। ਉਹ ਆਪਣੇ ਗੀਤਾਂ ਵਿੱਚ 'ਪੀਟਾ ਚੰਦੇਲੀਵਾਲਾ' ਦੇ ਨਾਮ ਨਾਲ ਮਸ਼ਹੂਰੀਆਂ ਖੱਟਦਾ ਹੋਇਆ ਤਰੱਕੀ ਦੀਆਂ ਮੰਜ਼ਿਲਾਂ ਸਰ ਕਰਦਾ ਹੈ। ਵਿਦੇਸ਼ੀ ਧਰਤੀ ਤੇ ਪੁੱਜ ਕੇ ਵੀ ਉਹ ਆਪਣੀ ਮਿੱਟੀ ਦਾ ਮੋਹ ਨਹੀਂ ਛੱਡਦਾ। ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਬਣਦਾ ਹੋਇਆ ਨਵੀਂ ਪਰਵਾਜ਼ ਭਰਦਾ ਹੈ। ਗੀਤਕਾਰੀ ਤੋਂ ਬਾਅਦ ਕਵਿਤਾ, ਗਜ਼ਲ ਅਤੇ ਵਾਰਤਕ ਦੇ ਖੇਤਰ ਵਿੱਚ ਆਪਣੀ ਸਰਗਰਮ ਭੂਮਿਕਾ ਅਦਾ ਕਰਦਾ ਹੈ। ਰਾਗ ਵਰਗੇ ਰਸਾਲਿਆਂ ਦੀ ਸਰਪਰਸਤੀ ਕਰਦਾ ਹੋਇਆ ਸਾਹਿਤ ਅਤੇ ਸਮਾਜ ਨੂੰ ਸਮਰਪਿਤ ਹੋ ਜਾਂਦਾ ਹੈ। ਉਸ ਦੇ ਹਰ ਬੋਲ ਵਿੱਚੋਂ ਇੱਕ ਚੀਸ ਉੱਠਦੀ ਹੈ।ਇਹ ਚੀਸ ਹੈ ਸਧਾਰਣ ਲੋਕਾਂ ਦੇ ਦੁੱਖਾਂ ਦਰਦਾਂ ਦੀ। ਉਹ ਆਪਣੇ ਸ਼ਬਦਾਂ ਦੇ ਬਾਣ ਨਾਲ ਉਹਨਾਂ ਦਾ ਹੱਕ ਖਾਣ ਵਾਲੀਆਂ ਜੋਕਾਂ ਨੂੰ ਖਤਮ ਕਰਨ ਦੇ ਆਹਰ ਵਿੱਚ ਜੁਟਿਆ ਹੋਇਆ ਹੈ ਬੇਗਮਪੁਰਾ ਵਸਾਉਣ ਦੀ ਕੋਸ਼ਿਸ਼ ਵਿੱਚ ਹੈ। ਗਿਆਨ ਦਾ ਛੱਟਾ ਦੇ ਕੇ ਜੀਵਨ ਦੇ ਹਨੇਰੇ ਕੋਨਿਆਂ ਨੂੰ ਰੌਸ਼ਨ ਕਰਨਾ ਲੋਚਦਾ ਹੈ। ਬਹੁਤ ਘੱਟ ਲਿਖਦਾ ਹੈ ਪਰ ਜੋ ਵੀ ਲਿਖਦਾ ਹੈ ਉੱਚ ਪਾਏ ਦਾ ਲਿਖਦਾ ਹੈ। ਇਸੇ ਕਰਕੇ ਉਸ ਦਾ ਹਰ ਸ਼ੇਅਰ ਜ਼ਿਕਰ ਦੀ ਮੰਗ ਕਰਦਾ ਹੈ। ਕਾਫੀਆ, ਰਾਦੀਫ ਅਤੇ ਅਰੂਜ ਦਾ ਗਿਆਨ ਰੱਖਣ ਵਾਲੇ ਇਸ ਸ਼ਾਇਰ ਦੀ ਸ਼ਾਇਰੀ ਆਲੋਚਕਾਂ ਨੂੰ ਪ੍ਰਭਾਵਿਤ ਕਰਦੀ ਹੈ। ਉਹ ਮੰਨਦਾ ਹੈ ਕਿ ਉਹ ਜ਼ੋਰ ਨਾਲ ਨਹੀਂ ਲਿਖਦਾ ਸਗੋਂ ਸਕਦਾ ਸਗੋਂ ਆਪਣੇ ਪਿੰਡੇ ਤੇ ਸੱਚ ਨੂੰ ਸ਼ਬਦੀ ਜਾਮਾ ਪਹਿਨਾਉਂਦਾ ਹੈ।




ਹੱਥਲੀ ਪੁਸਤਕ 'ਫ਼ਤਵਿਆਂ ਦੇ ਦੌਰ ਵਿੱਚ' ਦੇ ਪੰਨੇ ਫਰੋਲਦਿਆਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਉਹ ਇੱਕ ਫੌਜੀ ਬਣ ਕੇ ਆਪਣੇ ਲੋਕਾਂ ਦੀ ਇੱਜ਼ਤ ਆਬਰੂ ਦਾ ਪਹਿਰੇਦਾਰ ਬਣ ਕੇ ਖੜ੍ਹਦਾ ਹੈ।ਮਨੁੱਖੀ ਕਦਰਾਂ ਕੀਮਤਾਂ ਦੀ ਬਹਾਲੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਲਈ ਤਿਆਰ ਹੁੰਦਾ ਹੈ। ਉਹ ਦੱਬੇ ਕੁਚਲੇ ਲੋਕਾਂ ਨੂੰ ਗਿਆਨ ਦੀ ਤਾਕਤ ਹਾਸਿਲ ਕਰਕੇ ਅੱਗੇ ਵਧਣ ਲਈ ਪ੍ਰੇਰਿਤ ਕਰਦਾ ਹੈ। ਠੇਠ ਅਤੇ ਮੁਹਾਵਰੇਦਾਰ ਬੋਲੀ ਦਾ ਇਸਤੇਮਾਲ ਕਰਕੇ ਆਪਣੀ ਜ਼ਜ਼ਲ ਨੂੰ ਵਿਰਾਸਤੀ ਦਰਜਾ ਦਿਵਾਉਂਦਾ ਹੈ। ਉਸ ਦੁਆਰਾ ਬੜੇ ਲੰਮੇ ਸਮੇਂ ਦੀ ਸਾਧਨਾ ਤੋਂ ਬਾਅਦ ਇਸ ਪੁਸਤਕ ਦਾ ਪ੍ਰਕਾਸ਼ਨ ਕੀਤਾ ਗਿਆ ਹੈ।

ਦੇਰ ਨਾਲ ਆਈ ਇਹ ਪੁਸਤਕ ਜਿੱਥੇ ਉਸ ਦੀ ਪਛਾਣ ਨੂੰ ਕਾਇਮ ਕਰਦੀ ਹੈ ਉੱਥੇ ਉਸ ਦਾ ਥਾਂ ਉੱਘੇ ਸ਼ਾਇਰਾਂ ਵਿੱਚ ਸਥਾਪਿਤ ਵੀ ਕਰਦੀ ਹੈ। ਆਪਣੀ ਸ਼ਾਇਰੀ ਦੇ ਪ੍ਰਭਾਵ ਸਦਕਾ ਉਹ ਸਮਾਜ ਦੇ ਨੈਣ ਨਕਸ਼ਾਂ ਨੂੰ ਸਜਾਉਣਾ ਤੇ ਸੰਵਾਰਨਾ ਚਾਹੁੰਦਾ ਹੈ। ਦਲਿਤ ਭਾਈਚਾਰੇ ਤੇ ਹੁੰਦੇ ਅੱਤਿਆਚਾਰਾਂ ਦਾ ਵਿਰੋਧ ਕਰਦਾ ਹੋਇਆ ਆਪਸੀ ਸਾਂਝਾ ਨੂੰ ਪਕੇਰਾ ਕਰਦਾ ਹੈ। ਮਾਨਵੀ ਕਦਰਾਂ ਕੀਮਤਾਂ ਦੀ ਬਹਾਲੀ ਅਤੇ ਵਿਸ਼ਵ ਸ਼ਾਂਤੀ ਵਾਸਤੇ ਉਹ ਇਤਿਹਾਸਕ ਨਜ਼ਰੀਆ ਪੇਸ਼ ਕਰਦਾ ਹੈ:-

ਜਿਨ੍ਹਾਂ ਦੇ ਪੁੱਤ ਆਏ ਜਿੱਤ ਕੇ ਪਰ ਬਕਸਿਆਂ ਅੰਦਰ
ਉਹਨਾਂ ਨੂੰ ਪੁੱਛ ਕੇ ਵੇਖੀਂ ਨਤੀਜੇ ਕੀ ਨੇ ਜੰਗਾਂ ਦੇ ?

ਜਦੋਂ ਉਹ ਪਾਕ ਮੁਹੱਬਤ ਦੀ ਗੱਲ ਕਰਦਾ ਹੈ ਤਦ ਵੀ ਉਹ ਕਮਾਲ ਦੀ ਬਾਤ ਪਾਉਣ ਵਿੱਚ ਸਫ਼ਲ ਹੋ ਜਾਂਦਾ ਹੈ:-

ਕਾਲਾ ਬਿਸ਼ੀਅਰ ਨਾਗ ਜੇ ਕਿਧਰੇ ਡਸਦਾ ਜ਼ਹਿਰ ਕਢਾ ਲੈਂਦੇ
ਕੌਣ ਇਲਾਜ ਕਰੇਗਾ ਤੇਰੀ, ਨੀਲੀ ਅੱਖ ਦੇ ਡੰਗਾਂ ਦਾ ।

ਉਹ ਸਮੇਂ ਦੀਆਂ ਹਕੂਮਤਾਂ ਨੂੰ ਵੰਗਾਰਦਾ ਹੋਇਆ ਆਖਦਾ ਹੈ ਕਿ ਉਹਨਾਂ ਦਾ

ਇਤਿਹਾਸ ਮਾਣਮੱਤਾ ਤੇ ਸ਼ਾਨ ਮੱਤਾ ਹੈ। ਇਸ ਲਈ ਉਹ ਭੁਲੇਖੇ ਵਿੱਚ ਨਾ ਰਹਿਣ
ਇੱਕ ਨਾ ਇੱਕ ਦਿਨ ਉਹ ਗੁਰਬਤ ਦੀ ਜੰਗ ਜ਼ਰੂਰ ਜਿੱਤਣਗੇ
ਗਵਾਹੀ ਦੇ ਰਿਹਾ ਇਤਿਹਾਸ, ਪੰਨੇ ਫੋਲ ਕੇ ਵੇਖੀਂ
ਕਿ ਸਾਡੇ ਪੁਰਖਿਆਂ ਕਿੰਨੇ ਸਿਤਮ ਹੱਸ ਕੇ ਜਰੇ ਹੋਏ।
ਨਿਤਾਰਾ ਕਰਨਗੇ ਲੋਕੀਂ ਜਦੋਂ ਤਾਰੀਖ ਫੋਲਣਗੇ
ਕਾਲਮ ਸੀ ਹੱਥ ਵਿੱਚ ਕਿਸ ਦੇ ਤੇ ਕਿਸ ਦੇ ਹੱਥ ਵਿੱਚ ਖੰਜਰ

ਕਵੀ ਨੇ ਇਹਨਾਂ ਗ਼ਜ਼ਲਾਂ ਵਿੱਚ ਧਰਮ, ਸਮਾਜ, ਸਿੱਖਿਆ, ਰਾਜਨੀਤੀ, ਆਰਥਿਕਤਾ ਅਤੇ ਪਰਵਾਸ ਦੇ ਵਰਤਾਰੇ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਸੱਤੇ ਰੰਗਾਂ ਵਿੱਚ ਰੰਗਿਆ ਇਹ ਗ਼ਜ਼ਲ ਸੰਗ੍ਰਹਿ ਹਰ ਪਾਠਕ ਨੂੰ ਅੱਗੇ ਤੋਂ ਹੋਰ ਅੱਗੇ ਪੜ੍ਹਨ ਲਈ ਪ੍ਰੇਰਿਤ ਕਰਦਾ ਹੈ। ਗ਼ਜ਼ਲ ਦਾ ਹਰ ਸ਼ੇਅਰ ਪਾਠਕਾਂ ਦੇ ਮਨ ਅੰਦਰ ਨਵੇਂ ਸਵਾਲ ਉਪਜਾਉਂਦਾ ਹੋਇਆ ਉਹਨਾਂ ਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਤਿਆਰ ਕਰਦਾ ਹੈ। ਵਰਤ ਰਹੇ ਵਰਤਾਰਿਆਂ ਬਾਰੇ ਸੁਚੇਤ ਕਰਦਾ ਹੋਇਆ ਉਹਨਾਂ ਦੀ ਪਿੱਠਭੂਮੀ ਵਿੱਚ ਸਿਰਜੀਆਂ ਸਾਜਿਸ਼ਾਂ ਦਾ ਪਰਦਾ ਵੀ ਫਾਸ਼ ਕਰਦਾ ਹੈ। 64 ਗਜ਼ਲਾਂ ਦਾ ਇਹ ਵੰਨ-ਸੁਵੰਨਾ ਸੰਗ੍ਰਹਿ ਅਜੈ ਤਨਵੀਰ ਦੀ ਉੱਤਮ ਰਚਨਾ ਦੀ ਗਵਾਹੀ ਭਰਦਾ ਹੈ। ਕੁਝ ਕਾਬਲੇ ਗੌਰ ਸ਼ੇਅਰ ਤੁਹਾਡੀ ਨਜ਼ਰ ਹਨ:-

ਅਸੀਂ ਸੁਣ ਕੇ ਤੇਰਾ ਫਤਵਾ ਕਦੇ ਵੀ ਲਿਫ ਨਹੀਂ ਸਕਦੇ
ਰਿਸ਼ੀ ਸ਼ੰਭੂਕ ਵਸਦਾ ਹੈ ਅਜੇ ਸਾਡੇ ਮਨਾਂ ਅੰਦਰ।
ਜਿਸਮਾਂ ਤੀਕਰ ਮਰਦਾਂ ਦੀ ਜਦ ਸੋਚ ਸਿਮਟ ਕੇ ਰਹਿ ਜਾਵੇ
ਫਿਰ ਸਤਿਕਾਰ ਨਾ ਕਰ ਸਕਦਾ ਕੋਈ ਸਲਵਾਨ ਮੁਹੱਬਤ ਦਾ।
ਸੁਖਾਲਾ ਸਾਫ਼ ਹੋ ਜਾਂਦਾ ਜੇ ਲੱਗੇ ਦਾਗ ਚਾਦਰ ਤੇ
ਜਦੋਂ ਇਖਲਾਕ ਤੇ ਲੱਗੇ ਤਾਂ ਕੋਈ ਧੋ ਨਹੀਂ ਸਕਦਾ।
ਹੁਕਮਰਾਨੋ ਉਹ ਪਰਿੰਦਾ ਫੜ ਨਹੀਂ ਹੋਣਾ ਕਦੇ
ਫਤਵਿਆਂ ਦੇ ਦੌਰ ਵਿੱਚ ਵੀ ਜੋ ਉਡਾਰੀ ਭਰ ਗਿਆ।
ਬਨੇਰੇ ਦੱਸ ਦਿੰਦੇ ਨੇ ਘਰਾਂ ਦੀ ਦਾਸਤਾਂ ਸਾਰੀ
ਤੁਹਾਨੂੰ ਕੀ ਦਿਆਂ ਪ੍ਰਮਾਣ ਮੈਂ ਆਪਣੀ ਸ਼ਨਾਖਤ ਦਾ।

# ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਹਰਿਆਣਾ ਨਾਲੋਂ ਪੰਜਾਬ ਨੂੰ ਮਿਲਿਆ ਵੱਧ ਫੰਡ: ਅਰਵਿੰਦ ਖੰਨਾ



**ਚੰਡੀਗੜ੍ਹ-** ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਫੰਡ ਦੇਣ ਦੇ ਮਾਮਲੇ ਵਿੱਚ ਕੇਂਦਰ ਸਰਕਾਰ 'ਤੇ ਪੱਖਪਾਤੀ ਵਿਵਹਾਰ ਕਰਨ ਦਾ ਦੋਸ਼ ਕੋਰਾ ਝੂਠ ਹੈ। ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਸ਼੍ਰੀ ਖੰਨਾ ਨੇ ਕਿਹਾ ਕਿ ਆਰ.ਟੀ.ਆਈ ਤਹਿਤ ਹਾਸਿਲ ਰਿ-ਪੋਰਟ ਵਿੱਚ ਖੁਲਾਸਾ ਹੋਇਆ ਕਿ ਕੇਂਦਰ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਪੰਜਾਬ ਨੂੰ ਹਰਿਆਣਾ ਤੋਂ ਵੱਧ ਫੰਡ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਉਕਤ ਯੋਜਨਾ ਤਹਿਤ ਪੰਜਾਬ ਨੂੰ 1825 ਕਰੋਡ 78 ਲੱਖ ਰੁਪਏ ਪ੍ਰਾਪਤ ਹੋਏ ਹਨ ਜਦਕਿ ਹਰਿਆਣਾ ਨੂੰ ਸਿਰਫ਼ 1673 ਕਰੋੜ ਰੁਪਏ ਪ੍ਰਾਪਤ ਹੋਏ ਹਨ। ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਕੇਂਦਰ ਸਰਕਾਰ ਪੰਜਾਬ ਪ੍ਰਤੀ ਕੋਈ ਪੱਖਪਾਤ ਨਹੀਂ ਕਰ ਰਹੀ ਜਦਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦਾ ਮੰਤਰੀ ਮੰਡਲ ਝੂਠ ਬੋਲ ਰਿਹਾ ਹੈ ਕਿ ਕੇਂਦਰ ਫੰਡ ਦੇਣ ਦੇ ਮਾਮਲੇ ਵਿੱਚ ਪੰਜਾਬ ਨਾਲ ਸੋਤੇਲਾ ਵਿਵਹਾਰ ਕਰ ਰਿਹਾ ਹੈ। ਸ਼੍ਰੀ ਖੰਨਾ ਨੇ ਕਿਹਾ ਕਿ ਆਪਣੀਆਂ ਨਕਾਮੀਆਂ ਨੂੰ ਛੁਪਾਉਣ ਲਈ ਪੰਜਾਬ ਸਰਕਾਰ ਕੇਂਦਰ ਸਰਕਾਰ 'ਤੇ ਬੇਲੋੜੀ ਦੂਸ਼ਨਬਾਜ਼ੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਮਨ ਵਿੱਚ ਪੰਜਾਬ ਪ੍ਰਤੀ ਬੇਹੱਦ ਸਤਿਕਾਰ ਹੈ।



ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

### ਗੁਰਦੀਪ ਸੰਧੂ ਨੇ ਕੀਤਾ ਨਵਾਂ ਵੀਡਿਓ- ਦੱਸੀ ਨਾ ਸ਼ੁਦਾਈਆਂ


ਗੁਰਦੀਪ ਸੰਧੂ ਪੰਜਾਬ ਦੇ ਸੁਪਰ ਮਾਡਲ ਜਿਹੜੇ ਪਾਲੀਵੁੱਡ ਦੇ ਲੋਕ ਪ੍ਰਿਅ ਚਿਹਰੇ ਹਨ ਨੇ ਸਟਾਰ ਸੰਧੂ ਫ਼ਿਲਮਜ਼ ਕੰਪਨੀ ਲਈ ਗਾਇਕ ਬਲਵਿੰਦਰ ਸੇਖੋਂ ਦੇ ਨਵੇਂ ਗੀਤ "ਦੱਸੀ ਨਾ ਸ਼ੁਦਾਈਆਂ" ਵਿੱਚ ਮੁੱਖ ਮਾਡਲ ਦਾ ਕੰਮ ਕੀਤਾ ਹੈ। ਇਸ ਐਲਬਮ ਵਿੱਚ ਹਨਾਂ ਨਾਲ ਪ੍ਰੀਤ ਬਾਜਵਾ ਅੱਲ੍ਹੜ ਮਾਡਲ ਤੇ ਰੁਪਾਲੀ ਸੰਧੂ/ਬਲਵਿੰਦਰ ਸੇਖੋਂ



ਨਜ਼ਰ ਆਉਣ ਵਾਲੇ ਹਨ। ਇਸ ਗੀਤ ਦੇ ਗਾਇਕ, ਗੀਤਕਾਰ ਬਲਵਿੰਦਰ ਸੇਖੋਂ ਉਰਫ ਬੀ ਐਸ ਮਾਸਟਰ ਹਨ। ਵੀਡਿ ਵੀ ਫ਼ਿਲਮੀ ਚਿਹਰੇ ਗੁਰਦੀਪ ਸੰਧੂ ਨੇ ਹੀ ਡਾਇਰੈਕਟ ਕੀਤਾ ਹੈ। ਗੁਰਦੀਪ ਸੰਧੂ ਨੇ ਬਤੌਰ ਡਾਇਰੈਕਟਰ ਗਾਇਕ ਬਲਵਿੰਦਰ ਸੇਖੋਂ ਨੂੰ ਭਵਿੱਖ ਦਾ ਸਟਾਰ ਗਾਇਕ ਕਿਹਾ ਤੇ ਸ਼ਾਨਦਾਰ ਲੋਕੇਸ਼ਨ ਲਈ ਉੱਪਲ ਫਾਰਮ ਹਾਊਸ ਨਕੋਦਰ ਨੂੰ ਵਰਤਿਆ। ਹਨਾਂ ਨੇ ਜਸਵੀਰ ਸਿੰਘ ਉੱਪਲ ਦਾ ਖਾਸ ਧੰਨਵਾਦ ਕੀਤਾ। "ਦੱਸੀ ਨਾ ਸ਼ੁਦਾਈਆਂ" ਵਿੱਚ ਕੰਮ ਕਰ ਕਿ ਪ੍ਰੀਤ ਬਾਜਵਾ ਤੇ ਰੁਪਾਲੀ ਸੰਧੂ ਨੇ ਕਿਹਾ ਗੁਰਦੀਪ ਸੰਧੂ ਨਾਲ ਕੰਮ ਕਰਨ ਦਾ ਅਰਥ ਇੱਕ ਹੋਰ ਹਿੱਟ ਪ੍ਰੋਜੈਕਟ ਹੈ।

### ਕੁਦਰਤ ਤੇ ਜਾਨਵਰ ਪ੍ਰੇਮ ਦਰਸਾਏਗੀ ਫ਼ਿਲਮ "ਮਾਤਾ ਸ਼ਬਰੀ"

ਸੁਖਵਿੰਦਰ ਮੋਮਨ ਨੇ ਫ਼ਿਲਮ "ਮਾਤਾ ਸ਼ਬਰੀ" ਦੀ ਕਾਫੀ ਸ਼ੂਟਿੰਗ ਕਰ ਲਈ ਹੈ। ਹ ਇਸ ਫ਼ਿਲਮ ਦੇ ਨਿਰਮਾਤਾ ਤੇ ਲੇਖਕ ਹਨ। ਸੁਖਵਿੰਦਰ ਮੋਮਨ ਦੀ ਇਹ ਫ਼ਿਲਮ ਕੁਦਰਤ ਨਾਲ ਪਿਆਰ ਕਰਦੇ ਹੋ ਤਾਂ ਜਾਨਵਰ ਕੁਦਰਤ ਦੀ ਦੇਣ ਹਨਾਂ ਨਾਲ ਪਿਆਰ ਵੀ ਕਰੋ ਦਾ ਸੁਨੇਹਾ ਦੇਵੇਗੀ। ਇਸ ਨੂੰ ਮਾਤਾ ਭੀਲਣੀ ਵੀ ਕਿਹਾ ਜਾਂਦਾ ਹੈ। ਫ਼ਿਲਮ ਵਿੱਚ



ਪਾਲੀਵੁੱਡ ਦੇ ਚਰਚਿਤ ਅਭਿਨੇਤਾ ਅਸ਼ੋਕ ਪੁਰੀ ਵੀ ਹਨ। ਫ਼ਿਲਮ ਦੇ ਨਿਰਦੇਸ਼ਕ ਸੋਨੂੰ ਬੈਂਸ ਹਨ। ਸੁਖਵਿੰਦਰ ਮੋਮਨ ਗੈਰ ਰਾਜਨੀਤਕ ਸੰਸਥਾ ਬਾਲਮੀਕ ਦੇ ਪ੍ਰਮੁੱਖ ਅਹੁਦੇਦਾਰ ਵੀ ਹਨ।ਫ਼ਿਲਮ ਸੰਤ ਪ੍ਰਗਟ ਨਾਥ ਜੀ ਦੇ ਆਸ਼ੀਰਵਾਦ ਨਾਲ ਬਣ ਰਹੀ ਹੈ।ਇਤਿਹਾਸਕ ਫ਼ਿਲਮ ਲਈ "ਮਾਤਾ ਸ਼ਬਰੀ" ਦੀ ਪੂਰੀ ਟੀਮ ਦਿਨ ਰਾਤ ਇੱਕ ਕਰ ਰਹੀ ਹੈ।

### ਅਮਰਪਾਲ ਨੇ ਕਰ ਦਿੱਤਾ "ਹਾਸੇ ਦਾ ਮੜਾਸਾ"




ਅਮਰਪਾਲ ਪਾਲੀਵੁੱਡ ਦੇ ਚਰਚਿਤ ਐਕਟਰ ਹਨ ਤੇ ਸੁਪਰ ਵੀਡਿ ਐਲਬਮ ਨਿਰਦੇਸ਼ਕ ਵੀ ਹਨ । ਹਨਾਂ ਨੇ ਨਿਰਮਾਤਾ ਰਾਇਲਪ੍ਰੀਤ ਸਿੰਘ ਸੈਂਟੀ ਦੇ ਲਈ ਇਹ ਹਾਸੇ ਨਾਲ ਭਰਪੂਰ ਮਨੋਰੰਜਕ ਫ਼ਿਲਮ ਬਣਾਈ ਹੈ।ਇਸ ਦਾ ਪੋਸਟਰ ਆ ਚੁੱਕਾ ਹੈ ਤੇ ਨਵੇਂ ਸਾਲ ਜਨਵਰੀ 25 ਨੂੰ ਇਸ ਦੀ ਰਲੀਜ਼ ਰੱਖੀ ਗਈ ਹੈ। ਫ਼ਿਲਮ ਵਿੱਚ ਸੁਰਿੰਦਰ ਫਰਿਸ਼ਤਾ, ਅਮਰੀਕ ਰੰਧਾਵਾ, ਚਾਚਾ ਬਿਸ਼ਨਾ ਦੇ ਨਾਲ ਅੰਮ੍ਰਿਤਾ ਸੇਠੀ ਤੇ ਗੁਰਦੀਪ ਸੰਧੂ ਹਨ। ਅਮਰਪਾਲ ਨੇ "ਮਜਾਜਣ" ਵਿੱਚ ਕਮੇਡੀ ਸਹ ਨਾਇਕ ਦੀ ਭੂਮਿਕਾ ਨਿਭਾਈ ਸੀ ਤੇ ਇਸ ਵੇਲੇ ਹ ਹਿੰਦੀ ਫ਼ਿਲਮ ਡਾਇਰੈਕਟ ਕਰ ਰਹੇ ਹਨ। ਗੁਰਦੀਪ ਸੰਧੂ ਤੇ ਅੰਮ੍ਰਿਤਾ ਸੇਠੀ ਨੇ ਕਿਹਾ ਕਿ ਹਨਾਂ ਲਈ ਇਹ ਫ਼ਿਲਮ ਨਵੇਂ ਸਾਲ ਦਾ ਤੋਹਫ਼ਾ ਹੋਏਗੀ।

### ਬਲਵਿੰਦਰ ਸੇਖੋਂ ਉਰਫ ਬੀ ਐਸ ਮਾਸਟਰ ਫ਼ਿਲਮਾਂ ਵੱਲ

ਸੰਗੀਤਕਾਰ ਬਣ ਨਾਮ ਬਣਾ ਰਹੇ ਪੰਜਾਬੀ ਗੀਤਕਾਰ ਬਲਵਿੰਦਰ ਸੇਖੋਂ



ਦੀ ਸੁਰੀਲੀ ਗਾਇਕੀ ਨੂੰ ਜੀ ਪੰਜਾਬੀ ਦੀ ਅਦਾਕਾਰਾ ਰੁਪਾਲੀ ਸੰਧੂ ਵੀ ਸਲਾਹੁੰਦੀ ਹੈ। ਰੁਪਾਲੀ ਨੇ ਬਲਵਿੰਦਰ ਸੇਖੋਂ ਦੇ ਗੀਤ "ਬਲਵਿੰਦਰ ਸੇਖੋਂ ਦੇ ਗੀਤ"ਦੱਸੀ ਨਾ ਸ਼ੁਦਾਈਆਂ" ਵਿੱਚ ਮਾਡਲਿੰਗ ਕੀਤੀ ਹੈ। ਇਹ ਗੀਤ ਸੇਖੋਂ ਨੇ ਹੀ ਗਾਇਆ ਹੈ। ਪਤਾ ਚਲਿਆ ਹੈ ਕਿ ਗੀਤ ਰਲੀਜ਼ ਕਰਨ ਵਾਲੀ ਸਟਾਰ ਸੰਧੂ ਫ਼ਿਲਮਜ਼ ਨੇ ਆਪਣੀ ਨਵੀਂ ਫ਼ਿਲਮ ਵਿੱਚ ਹਨਾਂ ਨੂੰ ਪਰਦੇ ਤੇ "ਅਖਾੜਾ ਲਾਉਣ" ਤੇ ਇੱਕ ਤਰਾਂ ਨਾਲ ਫਿਲਮੀ ਪਰਦੇ ਦੀ ਸ਼ਾਨ ਬਣਾਉਣ ਦਾ ਐਲਾਨ ਕੀਤਾ ਹੈ। ਬੀ ਐੱਸ ਮਾਸਟਰ "ਅਖਾੜੇ" ਦੀ ਤਿਆਰੀ ਲਈ ਤਰਜ਼ ਬਣਾ ਰਹੇ ਹਨ ਤੇ ਨਾਲ ਹੀ "ਦੱਸੀ ਨਾ ਸ਼ੁਦਾਈਆਂ" ਦੀ ਕਾਮਯਾਬੀ ਦਾ ਲੁਤਫ਼ ਲੈ ਰਹੇ ਹਨ। ਯਾਦ ਰਹੇ ਸਟਾਰ ਸੰਧੂ ਫ਼ਿਲਮਜ਼ ਨੇ ਹੀ "ਦੱਸੀ ਨਾ ਸ਼ੁਦਾਈਆਂ" ਨੂੰ ਆਪਣੇ ਡਾਇਰੈਕਟਰ ਗੁਰਦੀਪ ਸੰਧੂ ਤੋ ਡਾਇਰੈਕਟ ਕਰਵਾਇਆ ਹੈ।

### ਸੁਰਿੰਦਰ ਫਰਿਸ਼ਤਾ ਦੇ ਚੰਗੇ ਕੰਮ

ਸੁਰਿੰਦਰ ਫਰਿਸ਼ਤਾ ਪੰਜਾਬੀ ਫ਼ਿਲਮਾਂ ਦੇ ਸਟਾਰ ਕਮੇਡੀਅਨ ਹਨ ਤੇ ਲੋਕਾਂ ਵਿੱਚ "ਘੁੱਲੇ ਸ਼ਾਹ"ਕਰ ਕਿ ਹ ਜਾਣੇ ਪਹਿਚਾਣੇ ਜਾਂਦੇ ਹਨ। ਅੱਜ ਕਲ ਹ ਸਕੂਲਾਂ ਵਿੱਚ ਬੱਚਿਆਂ ਨੂੰ ਬੇਹਤਰ ਕਾਰਗੁਜ਼ਾਰੀ ਤੇ ਪੜ੍ਹਾਈ ਲਈ ਸਨਮਾਨਿਤ ਕਰ ਕਿ "ਪੜ੍ਹੋ ਪੰਜਾਬ" ਨੂੰ ਉਤਸ਼ਾਹ ਦੇ ਰਹੇ ਹਨ। ਸਰਕਾਰੀ ਐਲੀਮੈਂਟਰੀ ਸੇਲਫ ਸਮਾਰਟ ਸਕੂਲ ਰਈਆ ਅੰਮ੍ਰਿਤਸਰ ਵਿਖੇ ਮੁੱਖ ਮਹਿਮਾਨ ਬਣ ਹਨਾਂ ਬੱਚੇ ਸਨਮਾਨਿਤ ਕੀਤੇ। ਨਾਲ ਹੀ ਹਨਾਂ ਦਾ ਹਲਕੀਆਂ ਫੁਲਕੀਆਂ ਗੱਲਾਂ ਕਰ ਕਿ ਮਨੋਰੰਜਨ ਕੀਤਾ। ਬੱਚਾ ਫੁੱਲ ਤੇ ਅਧਿਆਪਕ ਰਾਖਾ ਮੁਹਿੰਮ ਨੂੰ ਬੂਰ ਪਿਆ ਤੇ ਸਭ ਨੇ ਸੁਰਿੰਦਰ ਫਰਿਸ਼ਤਾ ਦੇ ਇਸ ਕਾਰਜ ਦੀ ਸ਼ਲਾਘਾ ਕੀਤੀ ਹੈ।



### ਡੀ ਜੇ ਤੇ ਵੱਜਿਆ ਕਰੂ ਗੋਗੀ ਘੁਮਾਣ ਦਾ ਗਾਣਾ ਨੇਹਾ ਰਾਜ

ਚੰਡੀਗੜ੍ਹ ਵਾਲੀ ਪੰਜਾਬੀ ਇੰਡਸਟਰੀ ਦੀ ਨੇਹਾ ਧੂਪੀਆ ਕੁੱਝ ਮੀਡੀਆ ਵਾਲੇ ਮਾਡਲ ਤੇ ਐਕਟ੍ਰੈਸ ਨੇਹਾ ਰਾਜ ਨੂੰ ਆਖਦੇ ਹਨ । ਇਸ ਨੇਹਾ ਨੇ ਹੁਣ ਮਾਡਲ ਬਣ ਇੱਕ ਵੱਡੇ ਪੱਧਰ ਦੇ ਗੀਤ ਦਾ ਵੀਡਿ ਕੀਤਾ ਹੈ। ਅਮਰੀਕਨ ਪੰਜਾਬੀ ਗਾਇਕ ਗੋਗੀ ਘੁਮਾਣ ਦਾ ਗਾਇਆ ਹੋਇਆ ਇਹ ਗੀਤ ਹੈ। ਨੇਹਾ ਨੇ ਕਿਹਾ ਕਿ ਗੋਗੀ ਦਾ ਗਾਇਆ ਇਹ ਗੀਤ ਹਰ ਖੁਸ਼ੀ ਮੌਕੇ ਅਤੇ ਡੀ ਜੇ ਤੇ ਪਲੇ ਵਾਰ ਵਾਰ ਹੋਣ ਵਾਲਾ ਬਣ ਜਾਣਾ ਹੈ। ਗੋਗੀ ਘੁਮਾਣ ਦੇ ਇਸ ਗੀਤ ਦਾ ਵੀਡਿ ਵਿਜੇ ਪਾਹਵਾ ਨੇ ਡਾਇਰੈਕਟ ਕੀਤਾ ਹੈ। ਗੋਗੀ ਘੁਮਾਣ ਦਾ ਪਿਛਲਾ ਗੀਤ ਬੰਦੀ ਸਿੰਘਾਂ, ਸਾਰਾਗੜ੍ਹੀ ਦੀ ਜੰਗ ਅਤੇ ਨਸ਼ੇ ਤੇ ਸੀ ਤੇ ਇਸ ਵਾਰ ਸ ਵਿਆਹ ਸ਼ਾਦੀ ਤੇ ਚਲਣ ਵਾਲਾ ਗੀਤ ਗਾਇਆ ਹੈ।



---

# (ਕਹਾਣੀ) ਸ਼ਿਵਾਨੀ

ਡਾ. ਇਕਬਾਲ ਸਿੰਘ ਸਕਰੌਦੀ
91-84276-85020

ਸ਼ਿਵਾਨੀ ਸ੍ਰ. ਸੱਜਣ ਸਿੰਘ ਦੀ ਕੋਠੀ ਵਿੱਚ ਪਿਛਲੇ ਦਸ ਸਾਲਾਂ ਤੋਂ ਕੰਮ ਕਰ ਰਹੀ ਹੈ। ਉਦੋਂ ਉਹ ਰਾਜੂ ਦੀ ਨਵੀਂ ਨਵੇਲੀ ਵਿਆਹੁਤਾ ਆਈ ਸੀ, ਜਦੋਂ ਪਹਿਲੀ ਵਾਰੀ ਬਾਲਾ ਆਂਟੀ ਨੇ ਉਸ ਨੂੰ ਸਰਦਾਰ ਦੀ ਵੱਡੀ ਕੋਠੀ ਦੀ ਸਫ਼ਾਈ ਦਾ ਕੰਮ ਦਿਵਾਇਆ ਸੀ। ਅੱਧੇ ਵਿੱਘੇ ਵਿੱਚ ਬਣੀਂ ਸ਼ਾਨਦਾਰ ਕੋਠੀ ਨੂੰ ਉਹ ਝਾੜੂ ਪੋਚਾ ਲਾ ਕੇ ਚਮਕਾ ਦਿੰਦੀ ਸੀ। ਜਿਉਂ ਹੀ ਉਹ ਕੰਮ ਮੁਕਾ ਕੇ ਵਿਹਲੀ ਹੁੰਦੀ, ਉਹ ਸਰਦਾਰਨੀ ਬਸੰਤ ਕੌਰ ਨੂੰ ਅਵਾਜ਼ ਮਾਰਦੀ - "ਬੀਬੀ ਜੀ, ਕਾਮ ਹੋ ਗਿਆ ਹੈ। ਹਮ ਜਾ ਰਹੇ ਹੈਂ।"

"ਸ਼ਿਵਾਨੀ, ਤੂੰ ਸਾਬਣ ਨਾਲ਼ ਹੱਥ ਧੋ ਕੇ ਬੈਠ। ਮੈਂ ਚਾਹ ਪਾਉਣੀ ਆਂ ਤੈਨੂੰ।" ਸਰਦਾਰਨੀ ਉਸ ਨੂੰ ਅਵਾਜ਼ ਮਾਰ ਕੇ ਬੈਠਣ ਲਈ ਆਖ ਦਿੰਦੀ। ਇੰਨੇਂ ਸਾਲਾਂ ਵਿੱਚ ਇਹ ਕਦੀ ਨਹੀਂ ਸੀ ਹੋਇਆ ਕਿ ਸਰਦਾਰਨੀ ਨੇ ਉਸ ਨੂੰ ਸੁੱਕੀ ਚਾਹ ਦਿੱਤੀ ਹੋਵੇ। ਜ਼ਿਲ੍ਹਾ ਸਿੱਖਿਆ ਅਫ਼ਸਰ ਲੱਗੇ ਸੱਜਣ ਸਿੰਘ ਦੇ ਘਰ ਮਿਠਾਈਆਂ ਦੇ ਡੱਬੇ ਭਰੇ ਰਹਿੰਦੇ ਸਨ। ਚਾਹ ਦੇ ਨਾਲ਼ ਉਹ ਵੱਡੀ ਕੌਲੀ ਮਿਠਾਈ ਦੀ ਭਰ ਕੇ ਸ਼ਿਵਾਨੀ ਨੂੰ ਫੜਾਉਂਦਿਆਂ ਆਖਦੀ - "ਸ਼ਿਵਾਨੀ, ਆਹ ਮਠਿਆਈ ਤੂੰ ਏਥੇ ਈ ਬਹਿ ਕੇ ਖਾ ਲੈ। ਘਰ ਨੂੰ ਜਾਂਦੀ ਹੋਈ ਬੱਚਿਆਂ ਲਈ ਵੀ ਲੈ ਜਾਈਂ। ਮੈਂ ਲਿਫ਼ਾਫ਼ੇ ਵਿੱਚ ਪਾ ਕੇ ਰੱਖ ਦਿੱਤੀ ਹੈ।" ਉਹ ਸਰਦਾਰਨੀ ਦੇ ਬੋਲ ਸੁਣ ਕੇ ਕੇਵਲ ਮੁਸਕੁਰਾ ਦਿੰਦੀ। ਇੱਕ ਦੋ ਸ਼ਕਰਪਾਰੇ ਮੂੰਹ ਵਿੱਚ ਪਾ ਕੇ ਚਾਹ ਪੀ ਲੈਂਦੀ। ਕੌਲੀ ਵਿੱਚ ਬਚਦੀ ਮਠਿਆਈ ਅਤੇ ਸਰਦਾਰਨੀ ਵੱਲੋਂ ਦਿੱਤਾ ਮਠਿਆਈ ਦਾ ਲਿਫ਼ਾਫ਼ਾ ਲੈ ਉਹ ਆਪਣੇ ਕਿਰਾਏ ਦੇ ਕਮਰੇ ਵਿੱਚ ਮੁੜ ਆਉਂਦੀ।

ਦੋ-ਦੋ ਸਾਲਾਂ ਦੇ ਅੰਤਰ ਨਾਲ਼ ਸ਼ਿਵਾਨੀ ਨੇ ਚਾਰ ਪੁੱਤਰਾਂ ਨੂੰ ਜਣਿਆਂ ਸੀ। ਵੱਡਾ ਰਾਜੇਸ਼ ਨੌਂ ਸਾਲਾਂ ਦਾ ਸੀ। ਤੇ ਸਰਕਾਰੀ ਸਕੂਲ ਵਿੱਚ ਚੌਥੀ ਜਮਾਤ ਵਿੱਚ ਪੜ੍ਹਦਾ ਸੀ। ਉਹ ਤੋਂ ਛੋਟਾ ਸੱਤ ਸਾਲ ਦਾ ਵਿਜੈ ਦੂਜੀ ਜਮਾਤ ਵਿੱਚ ਪੜ੍ਹਦਾ ਸੀ। ਤੀਜੇ ਰਾਮ ਨੂੰ ਅਜੇ ਪੜ੍ਹਨ ਲਈ ਨਹੀਂ ਲਾਇਆ ਗਿਆ ਸੀ। ਉਹ ਪੰਜ ਸਾਲਾਂ ਦੀ ਉਮਰ ਵਿੱਚ ਆਪਣੇ ਤੋਂ ਛੋਟੇ ਤਿੰਨ ਸਾਲ ਦੇ ਕ੍ਰਿਸ਼ਨ ਨੂੰ ਘਰ ਵਿੱਚ ਸਾਂਭਦਾ ਸੀ।

ਰਾਜੂ ਭਾਵੇਂ ਰੰਗ ਰੋਗਨ ਦਾ ਕੰਮ ਕਰਦਾ ਸੀ। ਪਰ ਉਹ ਦੋ ਦਿਹਾੜੀਆਂ ਲਾ ਕੇ ਆਪਣੇ ਪੈਸੇ ਮੰਗ ਲੈਂਦਾ ਸੀ। ਪੈਸੇ ਲੈ ਕੇ ਉਹ ਸਿੱਧਾ ਠੇਕੇ ਉੱਤੇ ਜਾਂਦਾ ਸੀ। ਸੰਤਰਾ ਮਾਰਕਾ ਦੇਸੀ ਸ਼ਰਾਬ ਦੀ ਬੋਤਲ ਲੈ ਕੇ ਉਹ ਕਿਸੇ ਨਿਵੇਕਲੀ ਥਾਂ 'ਤੇ ਬੈਠ ਕੇ ਪੀਂਦਾ ਸੀ। ਫ਼ੇਰ ਨਸ਼ੇ ਦੀ ਮਸਤੀ ਵਿੱਚ ਡਿੱਕ ਡੋਲੇ ਖਾਂਦਾ ਉਸ ਦਾ ਖੜ-ਖੜ ਕਰਦਾ ਪੰਦਰਾਂ ਸਾਲ ਪੁਰਾਣਾ ਸਾਇਕਲ ਉਸ ਨੂੰ ਆਪਣੇ ਕਮਰੇ ਤੱਕ ਲੈ ਆਉਂਦਾ ਸੀ। ਰਾਜੂ ਨੇ ਅੱਜ ਤੱਕ ਨਾ ਤਾਂ ਕਦੇ ਕੋਈ ਸਬਜ਼ੀ ਭਾਜੀ ਹੀ ਖ਼ਰੀਦੀ ਸੀ। ਨਾ ਹੀ ਘਰ ਲਈ ਕਦੇ ਕੋਈ ਘਰੇਲੂ ਸਮਾਨ ਹੀ ਲਿਆ ਸੀ। ਉਸ ਨੂੰ ਨਾ ਹੀ ਇਸ ਗੱਲ ਦਾ ਕਦੇ ਕੋਈ ਫ਼ਿਕਰ ਹੋਇਆ ਸੀ।

ਸ਼ਿਵਾਨੀ ਲੋਕਾਂ ਦੇ ਘਰਾਂ ਅਤੇ ਕੋਠੀਆਂ ਵਿੱਚ ਸਾਫ਼-ਸਫ਼ਾਈ ਕਰਕੇ ਜੋ ਕਮਾ ਕੇ ਲਿਆਉਂਦੀ ਸੀ, ਉਸੇ ਨਾਲ਼ ਘਰ ਦਾ ਚੁੱਲ੍ਹਾ ਬਲ਼ਦਾ ਸੀ। ਉਹ ਜਿੱਥੇ ਰੋਟੀ ਪਕਾ ਕੇ ਚਾਰਾਂ ਬੱਚਿਆਂ ਅਤੇ ਉਨ੍ਹਾਂ ਦੇ ਪਿੰਡ ਦਾ ਢਿੱਡ ਭਰਦੀ ਸੀ। ਉੱਥੇ ਉਹ ਬੇਹੱਦ ਥੱਕੀ ਟੁੱਟੀ ਹੋਈ ਵੀ ਰਾਜੂ ਦਾ ਬਿਸਤਰਾ ਨਿੱਘਾ ਕਰਨ ਲਈ ਵੀ ਮਜਬੂਰ ਹੁੰਦੀ ਸੀ। ਜੇ ਕਿਤੇ ਕਿਸੇ ਦਿਨ ਸਕੂਲ ਵੱਲੋਂ ਮਿਲਿਆ ਘਰ ਦਾ ਕੰਮ ਕਰਦਿਆਂ ਜਾਂ ਟੈਲੀਵਿਜ਼ਨ ਦੇਖਦਿਆਂ ਬੱਚੇ ਜਾਗਦੇ ਹੁੰਦੇ, ਤਦ ਵੀ ਬੱਚਿਆਂ ਦੀ ਏਸ ਗੁਸਤਾਖ਼ੀ ਦਾ ਸਿਲ੍ਹਾ ਸ਼ਿਵਾਨੀ ਨੂੰ ਚੁਕਾਉਣਾ ਪੈਂਦਾ। ਜਦੋਂ ਨਫ਼ਸ ਦੀ ਅੱਗ ਵਿੱਚ ਭੁੱਜ ਕੇ ਉਹਦਾ ਮਰਦ ਡੰਡੇ ਨਾਲ਼ ਉਸ ਦੇ ਹੱਡ ਸੇਕਦਾ ਤਾਂ ਆਪਣੇ ਪਿ ਦਾ ਇਹ ਖ਼ੂੰਖ਼ਾਰ ਰੂਪ ਵੇਖ ਕੇ ਬੱਚੇ ਇਕਦਮ ਸਹਿਮ ਜਾਂਦੇ। ਉਹ ਆਪੋ ਆਪਣੀਆਂ ਜੁੱਲੀਆਂ ਵਿੱਚ ਦੁਬਕ ਕੇ ਪੈ ਜਾਂਦੇ। ਪਰੰਤੂ ਸ਼ਿਵਾਨੀ ਪਤਾ ਨਹੀਂ ਕਿਹੜੀ ਮਿੱਟੀ ਦੀ ਬਣੀ ਹੋਈ ਸੀ ਕਿ ਉਹਦਾ ਪਤੀ ਉਹਦੇ ਕੁੱਟ-ਕੁੱਟ ਕੇ ਲਾਸਾਂ ਪਾ ਦਿੰਦਾ। ਪਰੰਤੂ ਫ਼ੇਰ ਵੀ ਉਹ ਆਪਣੇ ਮੂੰਹੋਂ ਕਦੇ 'ਸੀ' ਨਹੀਂ ਸੀ ਕੱਢਦੀ।

ਰਾਜੂ ਪਤਨੀ ਨੂੰ ਕੁੱਟ ਕੇ ਬੱਤੀ ਬੰਦ ਕਰ ਕੇ ਪੈ ਜਾਂਦਾ। ਅੱਧੇ ਘੰਟੇ ਬਾਅਦ ਹੀ ਉਹ ਪਤਨੀ ਦੇ ਵਾਲ਼ਾਂ ਵਿੱਚ ਹੱਥ ਫ਼ੇਰ ਕੇ ਪੁੱਛਦਾ, "ਕਹੀਂ ਜ਼ਾਦਾ ਚੋਟ ਤੋ ਨਹੀਂ ਲਗੀ ਪਗਲੀ। ਸ਼ਿਵਾਨੀ ਤੁਮ ਭੀ ਇਤਨੀ ਰਾਤ ਤੱਕ ਕਿਯਾ ਕਰਤੀ ਰਹਤੀ ਹੋ। ਬੱਚੋਂ ਕੋ ਜਲਦੀ ਖਾਨਾ ਖਿਲਾ ਕਰ ਸੁਲਾ ਕਿਉਂ ਨਹੀਂ ਦੇਤੀ। ਤੁਝੇ ਤੋ ਮਾਲੂਮ ਹੈ ਨਾ! ਤੁਝੇ ਪਯਾਰ ਕੀਏ ਬਿਨਾਂ ਮੁਝੇ ਨੀਂਦ ਨਹੀਂ ਆਤੀ।" ਇਹ ਕਹਿ ਕੇ ਉਹ ਸ਼ਿਵਾਨੀ ਨੂੰ ਆਪਣੇ ਨਾਲ਼ ਲਾ ਕੇ ਘੁੱਟ ਲੈਂਦਾ।

ਸਾਰੇ ਹੀ ਕਹਿ ਰਹੇ ਸਨ ਕਿ ਇਸ ਵਾਰ ਦੋ ਦੀਵਾਲੀਆਂ ਆ ਰਹੀਆਂ ਹਨ। ਬਸੰਤ ਕੌਰ ਨੇ ਸ਼ਿਵਾਨੀ ਨੂੰ ਦੀਵਾਲੀ ਤੋਂ ਇੱਕ ਹਫ਼ਤਾ ਪਹਿਲਾਂ ਹੀ ਕੋਠੀ ਦੀ ਸਾਫ਼-ਸਫ਼ਾਈ ਕਰਨ ਲਈ ਕਹਿ ਦਿੱਤਾ ਸੀ। ਹੋਰਨਾਂ ਘਰਾਂ ਵਿੱਚ ਕੰਮ ਕਰਕੇ ਉਹ ਸਰਦਾਰਨੀ ਦੀ ਕੋਠੀ ਵਿੱਚ ਆ ਜਾਂਦੀ ਸੀ। ਸ਼ਿਵਾਨੀ ਇੱਕ ਤਾਂ ਕੰਮ ਦੀ ਛੋਹਲੀ ਸੀ। ਦੂਜਾ ਉਹ ਜੁਆਨ ਸੀ। ਤੀਜੀ ਅਤੇ ਸਭ ਤੋਂ ਵੱਡੀ ਗੱਲ ਇਹ ਸੀ ਕਿ ਸਰਦਾਰਨੀ ਉਸ ਨੂੰ ਧੀਆਂ ਵਾਂਗੂੰ ਪਿਆਰ ਕਰਦੀ ਸੀ। ਉਹ ਉਸ ਨੂੰ ਚੰਗਾ ਖਾਣ ਪੀਣ ਨੂੰ ਤਾਂ ਦਿੰਦੀ ਹੀ ਸੀ। ਇਸ ਤੋਂ ਇਲਾਵਾ ਹਰੇਕ ਤਿੱਥ ਤਿਉਹਾਰ ਉੱਤੇ ਉਸਨੂੰ ਨਵਾਂ ਸੂਟ, ਮਠਿਆਈ ਦਾ ਡੱਬਾ ਅਤੇ ਪੰਜ ਸੌ ਰੁਪਏ ਅਲੱਗ ਤੋਂ ਦਿੰਦੀ ਸੀ।

ਸ਼ਿਵਾਨੀ ਨੇ ਪੂਰੀ ਰੀਝ ਨਾਲ਼ ਤਿੰਨ ਮੰਜ਼ਲੀ ਕੋਠੀ ਨੂੰ ਅੰਦਰੋਂ ਬਾਹਰੋਂ ਚਮਕਾ ਦਿੱਤਾ ਸੀ। ਕੋਠੀ ਦੀਆਂ ਛੱਤਾਂ ਨੂੰ ਰਗੜ-ਰਗੜ ਕੇ ਧੋ ਦਿੱਤਾ ਸੀ। ਤੇ ਉਸ ਨੇ ਦੁੱਧ ਚਿੱਟਾ ਫ਼ਰਸ਼ ਕੱਢ ਦਿੱਤਾ ਸੀ। ਜੰਗਲੇ ਲਈ ਲਾਈਆਂ ਗਰਿੱਲਾਂ ਨੂੰ ਸੁੱਕੇ ਕੱਪੜੇ ਨਾਲ਼ ਰਗੜ-ਰਗੜ ਕੇ ਚਮਕਾ ਦਿੱਤਾ ਸੀ। ਕੋਠੀ ਵਿਚਲੀ ਕੋਈ ਥਾਂ ਅਜਿਹੀ ਨਹੀਂ ਸੀ, ਜਿਸ ਨੂੰ ਉਹਦੇ ਜਾਦੂਗਰੀ ਹੱਥਾਂ ਦੀ ਛੋਹ ਨਾ ਮਿਲੀ ਹੋਵੇ।

ਅੱਜ ਦੀਵਾਲੀ ਦਾ ਤਿਉਹਾਰ ਸੀ। ਸਰਦਾਰਨੀ ਨੇ ਚਾਹ ਪਿਲਾਉਣ ਉਪਰੰਤ ਸ਼ਿਵਾਨੀ ਨੂੰ ਆਪਣੇ ਕੋਲ ਬੁਲਾਇਆ। ਤੇ ਬੋਲੀ - "ਸ਼ਿਵਾਨੀ, ਤੇਰੇ ਲਈ ਦੀਵਾਲੀ ਦਾ ਇਹ ਲਾਲ ਰੰਗ ਦਾ ਨਵਾਂ ਸੂਟ ਲਿਆਂਦਾ ਹੈ। ਤੇਰੇ ਗੋਰੇ ਰੰਗ ਰੂਪ 'ਤੇ ਇਹ ਹੋਰ ਜ਼ਿਆਦਾ ਸਜੇਗਾ। ਆਹ ਪੰਜ ਹਜ਼ਾਰ ਰੁਪਏ ਤੇਰੀ ਇੱਕ ਹਫ਼ਤੇ ਦੀ ਮਿਹਨਤ ਦੇ ਹਨ। ਆਹ ਗਿਆਰਾਂ ਸੌ ਰੁਪਏ ਤੇਰੇ ਬੱਚਿਆਂ ਲਈ ਦੀਵਾਲੀ ਦੇ ਹਨ। ਆਹ ਦੋ ਡੱਬੇ ਮਠਿਆਈ ਦੇ ਤੇਰੇ ਲਈ ਲਿਆਂਦੇ ਹਨ। ਠੀਕ ਹੈ! ਖ਼ੁਸ਼ ਹੈਂ ਤੂੰ!"

"ਬੀਬੀ ਜੀ, ਇਤਨਾ ਜ਼ਿਆਦਾ। ਯੇ ਤੋ ਬੌਹੁਤ ਹੈ। ਬੀਬੀ ਜੀ, ਆਪ ਕਾ ਦਿਲ ਬੌਹੁਤ ਬੜਾ ਹੈ।" ਉਹ ਸਾਰਾ ਕੁਝ ਲੈ ਕੇ ਸਰਦਾਰਨੀ, ਸਰਦਾਰ ਅਤੇ ਉਨ੍ਹਾਂ ਦੇ ਧੀ ਪੁੱਤਰ ਨੂੰ ਅਸੀਸਾਂ ਦਿੰਦੀ ਹੋਈ ਆਪਣੇ ਘਰ ਚਲੀ ਗਈ ਸੀ।

ਸ਼ਾਮ ਨੂੰ ਛੇ ਵਜੇ ਸ੍ਰ। ਸੱਜਣ ਸਿੰਘ ਅਤੇ ਸਾਰਾ ਪਰਿਵਾਰ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਮੱਥਾ ਟੇਕਣ ਚਲੇ ਗਏ। ਰਾਗੀ ਸਿੰਘ ਸ਼ਬਦ ਗਾਇਣ ਕਰ ਰਹੇ ਸਨ- ਦੀਵਾਲੀ ਕੀ ਰਾਤਿ।

ਸਾਰਾ ਦਰਬਾਰ ਸਾਹਿਬ ਰੰਗ ਬਿਰੰਗੀਆਂ ਰੌਸ਼ਨੀਆਂ ਅਤੇ ਲੜੀਆਂ ਨਾਲ਼ ਝਿਲਮਿਲ-ਝਿਲਮਿਲ ਕਰ ਰਿਹਾ ਸੀ। ਸਜੇ ਹੋਏ ਦਰਬਾਰ ਸਾਹਿਬ ਦਾ ਅਕਸ ਪਾਵਨ ਪਵਿੱਤਰ ਸਰੋਵਰ ਵਿੱਚ ਅਦਭੁਤ ਅਤੇ ਅਲੌਕਿਕ ਨਜ਼ਾਰਾ ਪੇਸ਼ ਕਰ ਰਿਹਾ ਸੀ। ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਸੀ। ਇੰਝ ਜਾਪਦਾ ਸੀ ਜਿਵੇਂ ਸਾਰਾ ਮੁਲਖ਼ ਹੀ ਸੱਚਖੰਡ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਉਮੜ ਆਇਆ ਹੋਵੇ। ਉਨ੍ਹਾਂ ਸਰੋਵਰ ਦੇ ਕੰਢੇ 'ਤੇ ਸਰੋਂ ਦੇ ਤੇਲ ਦੇ ਦੀਵੇ ਬਾਲ਼ ਕੇ ਰੱਖ ਦਿੱਤੇ। ਬਾਹਰੋਂ ਹੀ ਗੁਰੂ ਨੂੰ ਨਮਸਕਾਰ ਕੀਤੀ। ਤੇ ਅੱਠ ਵਜੇ ਤੱਕ ਆਪਣੀ ਕੋਠੀ ਵਿੱਚ ਵਾਪਸ ਆ ਗਏ।

ਅਗਲੇ ਦਿਨ ਅਜੇ ਸਵੇਰ ਦੇ ਸੱਤ ਵਜੇ ਸਨ। ਸ਼ਿਵਾਨੀ ਸਫ਼ਾਈ ਕਰਨ ਲਈ ਆ ਗਈ ਸੀ। ਉਸ ਨੇ ਮੁਸਕੁਰਾਉਂਦੀਆਂ ਅੱਖਾਂ ਨਾਲ਼ ਸਰਦਾਰਨੀ ਨੂੰ ਨਮਸਤੇ ਕੀਤੀ। ਸਰਦਾਰਨੀ ਨੇ ਨਮਸਤੇ ਦਾ ਉੱਤਰ ਨਮਸਤੇ ਬੋਲ ਕੇ ਦਿੱਤਾ। ਫ਼ਿਰ ਉਸ ਨੇ ਸ਼ਿਵਾਨੀ ਨੂੰ ਪੁੱਛਿਆ- "ਸ਼ਿਵਾਨੀ! ਤੁਸੀਂ ਦੀਵਾਲੀ ਵਧੀਆ ਮਨਾਈ?"

"ਨਹੀਂ, ਬੀਬੀ ਜੀ। ਹਮ ਗ਼ਰੀਬ ਵਾ ਮਜ਼ਦੂਰ ਲੋਗੋਂ ਕੀ ਕਿਯਾ ਦੀਵਾਲੀ? ਕੱਲ੍ਹ ਆਪ ਕੀ ਕੋਠੀ ਸੇ ਹਮ ਕਿਤਨਾ ਖੁਸ ਹੋ ਕਰ ਅਪਨੇ ਘਰ ਗਏ ਥੇ। ਰਾਤ ਕੇ ਸਾਤ ਵਜੇ ਹੋਂਗੇ! ਯੇ ਬਹੁਤ ਜ਼ਾਦਾ ਦਾਰੂ ਪੀ ਕਰ ਘਰ ਆਯਾ। ਆਤੇ ਹੀ ਪਹਲੇ ਤੋ ਮੁਝੇ ਪੀਟਾ। ਫ਼ਿਰ ਬੱਚੋਂ ਕੋ ਪੀਟਨੇ ਲਗਾ। ਸਬ ਸੇ ਛੋਟੇ ਕੋ ਤੋ ਉਸ ਨੇ ਉਠਾ ਕਰ ਜ਼ਮੀਂਨ ਪਰ ਪਟਕ ਦੀਆ। ਹਮ ਤੋ ਸਾਰੀ ਰਾਤ ਰੋਤੇ ਰਹੇ ਬੀਬੀ ਜੀ।" ਉਸ ਨੇ ਅੱਖਾਂ ਭਰ ਕੇ ਕਿਹਾ।

"ਸ਼ਿਵਾਨੀ! ਤੂੰ ਇੰਨੀਂ ਮਿਹਨਤ ਕਰਕੇ ਆਪਣੇ ਬੱਚਿਆਂ ਨੂੰ ਪਾਲ਼ ਰਹੀ ਹੈਂ। ਪੜ੍ਹਾ ਰਹੀ ਹੈਂ। ਫ਼ਿਰ ਵੀ ਤੇਰੇ ਘਰਵਾਲ਼ਾ ਤੈਨੂੰ ਕਿਉਂ ਮਾਰਦਾ ਕੁੱਟਦਾ ਹੈ?"

"ਬੀਬੀ ਜੀ! ਅਬ ਹਮ ਆਪ ਕੋ ਕਿਯਾ ਬਤਾਵੇਂ? ਹਮ ਕੋ ਸਰਮ ਆਤੀ ਹੈ। ਔਰਤ ਕੀ ਤੋ ਜੂਨ ਹੀ ਬੁਰੀ ਹੈ। ਕੱਲ੍ਹ ਰਾਤ ਜਬ ਵੋ ਘਰ ਆਯਾ ਤੋ ਬੱਚੇ ਦੀਵਾਲੀ ਕੀ ਖੁਸੀ ਮੇਂ ਜਾਗ ਰਹੇ ਥੇ। ਉਸ ਨੇ ਮੁਝੇ ਔਰ ਬੱਚੋਂ ਕੋ ਇਸੀ ਲੀਏ ਪੀਟਾ ਕਿ ਉਸ ਕੇ ਘਰ ਆਨੇ ਤੱਕ ਮੈਂਨੇ ਬੱਚੋਂ ਕੋ ਸੁਲਾਯਾ ਕਿਉਂ ਨਹੀਂ ਥਾ।" ਇਹ ਕਹਿ ਕੇ ਉਸ ਦੀ ਭੁੱਬ ਨਿੱਕਲ ਗਈ ਸੀ।

NSB
Insurance

NIRMAL SINGH
BADHAN

for Insurance Call:
NIRMAL SINGH BADHAN
707-228-2020

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS



Call: 707-228-2020,
Fax: 707-260-2813

Lic #0144676
www.nsbinsures.com
1519 Gary CT., Rohnert Park, CA 94928

RE/MAX
Gold
Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004



Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834

Raja
SWEETS & CATERING
AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619


Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

Kash
FABRICS

ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

